# ਸਿੰਘਣੀਆਂ ਦਾ ਸ਼ਹੀਦ ਗੰਜ

(ਗੁਰਮਤਿ ਲੇਖ)



ਬਾਬਾ ਕਰਤਾਰ ਸਿੰਘ (ਬੰਬਈ ਵਾਲੇ)

# ਸਿੰਘਣੀਆਂ ਦਾ ਸ਼ਹੀਦ ਗੰਜ

੧ਓ ਸਤਿਗੁਰ ਪ੍ਰਸਾਦਿ॥

# ਸਿੰਘਣੀਆਂ ਦਾ ਸ਼ਹੀਦ ਗੰਜ

ਲੇਖਕ:

ਬਾਬਾ ਕਰਤਾਰ ਸਿੰਘ (ਬੰਬਈ ਵਾਲੇ)

ਵਿਦਿਆਰਥੀ ਦਮਦਮੀ ਟਕਸਾਲ

ਪ੍ਰਕਾਸ਼ਕ-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

© ਪ੍ਰਕਾਸ਼ਕ

# SINGHNIAN DA SHAHEED GANJ

*by Baba Kartar Singh (Bombay wale)*

ISBN : 81-7601-652-7

ਪਹਿਲੀ ਐਡੀਸ਼ਨ - ਅਕਤੂਬਰ 2004

ਮੁੱਲ : 70-00

ਪ੍ਰਕਾਸ਼ਕ:-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਫੋਨ : (0183) 2542346, 2547974, 2557973

ਫੈਕਸ : 91-183-2547974

E.mail: csjs@vsnl.com, csjsexports@vsnl.com

Web site : www.csjs.com

Printed in India

ਛਾਪਕ : ਜੀਵਨ ਪ੍ਰਿੰਟਰਜ਼, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

# ਸਮਰਪਣ

ਪੰਜਵੀਂ ਸ਼ਤਾਬਦੀ ਜਨਮ ਸ੍ਰੀ ਗੁਰੂ ਅੰਗਦ ਦੇਵ ਜੀ,

ਚੌਥੀ ਸ਼ਤਾਬਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼,

ਤੀਸਰੀ ਸ਼ਤਾਬਦੀ ਸ਼ਹੀਦੀ ਚਾਰ ਸਾਹਿਬਜ਼ਾਦਿਆਂ

ਨੂੰ ਸਮਰਪਿਤ

# ਤਤਕਰਾ


| | |
|---|---|
| ਸਿੰਘਣੀਆਂ ਦਾ ਸ਼ਹੀਦ ਗੰਜ | 11 |
| ਸ਼ਹਾਦਤ ਦਾ ਜਾਮ | 24 |
| ਮਨ ਵਾਸਤੇ ਹਿਦਾਇਤਾਂ | 33 |
| ਸਿੱਖੀ ਦਾ ਬੂਟਾ ਕਿਸ ਨੇ ਲਾਇਆ ? | 45 |
| ਧਿਆਨ ਤੋਂ ਪਹਿਲਾਂ ਗਿਆਨ ਦੀ ਜ਼ਰੂਰਤ | 57 |
| ਮਨ ਤੇ ਤਨ ਨੂੰ ਕਿਸ ਤਰ੍ਹਾਂ ਪਵਿੱਤਰ ਕੀਤਾ ਜਾਵੇ ? | 71 |
| ਮੋਹ ਦੇ ਜੰਜਾਲ ਤੋਂ ਕਿਵੇਂ ਛੁਟਕਾਰਾ ਪਾਈਏ ? | 83 |
| ਪਹਿਲਾਂ ਮੰਨੋ ਬਚਨ ਫਿਰ ਗੁਰੂ ਵਾਲੇ ਬਣੋਗੇ | 96 |

# ਦੋ ਸ਼ਬਦ

*ਧਨੁ ਓਇ ਸੰਤ ਜਿਨ ਐਸੀ ਜਾਨੀ॥*

ਪਿਆਰੇ ਖਾਲਸਾ ਜੀ ! ਬਾਬਾ ਕਰਤਾਰ ਸਿੰਘ ਜੀ ਨੇ ਜੋ ਆਪ ਜੀ ਦੇ ਹੱਥਲੀ ਪੁਸਤਕ ਬੜੀ ਹੀ ਮਿਹਨਤ ਤੇ ਲਗਨ ਨਾਲ ਤਿਆਰ ਕਰਵਾਈ ਹੈ ਕਿ ਸਿੰਘਣੀਆਂ ਦਾ ਸ਼ਹੀਦ ਗੰਜ ਵਿਚ ਗੁਰਬਾਣੀ ਦੇ ਅਧਾਰ ਤੇ ਜੋ ਇਹ ਬਚਨ ਲਿਖੇ ਹਨ। ਬਹੁਤ ਹੀ ਬਹੁਮੁੱਲੇ ਹਨ। ਇੰਗਲੈਂਡ, ਅਮਰੀਕਾ, ਕਨੇਡਾ ਆਦਿਕ ਦੇਸਾਂ ਪਰਦੇਸਾਂ 'ਚ ਵਿਚਰਦਿਆਂ ਹੋਇਆਂ ਜੋ ਜੀਵਨ ਦਾ ਤਜਰਬਾ ਗੁਰਮਤਿ ਅਧਾਰ ਤੇ ਦਰਸਾਇਆ ਹੈ- ਵਡਮੁੱਲਾ ਹੈ।

ਆਸ ਹੈ ਸੰਗਤਾਂ ਪੜ੍ਹ ਕੇ ਜ਼ਰੂਰ ਲਾਭ ਲੈਣਗੀਆਂ ਅਤੇ ਮਨੁੱਖੀ ਜੀਵਨ ਦੀ ਵਡਮੁੱਲੀ ਦਾਤ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਯਤਨ ਕਰਨਗੀਆਂ।

*ਗੁਰੂ ਪੰਥ ਦਾ ਦਾਸ*

*ਬਾਬਾ ਅਮਰਜੀਤ ਸਿੰਘ ਹੰਸਪਾਲ ਬਾਸਰਕੇ*

*ਇੰਗਲੈਂਡ ਨਿਵਾਸੀ*

## ਦੋ ਸ਼ਬਦ

*ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥*
*ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥*

*(ਪੰਨਾ ੪੪੨)*

*ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥*

*(ਪੰਨਾ ੩੨੦)*

ਸਤਿਕਾਰ ਯੋਗ ਗੁਰੂ ਰੂਪ ਸਾਧ ਸੰਗਤ ਜੀ ਸਤਿਗੁਰਾਂ ਦੀ ਉਚਾਰੀ ਬਾਣੀ ਅਗਾਧ ਬੋਧ ਦੀ ਅਕੱਥ ਕਥਾ ਪ੍ਰਚਾਰ ਮਨੁੱਖ ਦੇ ਆਤਮ ਰਸ ਜਾਨਣ ਲਈ ਸਿੱਖ ਸੰਗਤਾਂ ਨੂੰ ਬਾਣੀ ਨਾਲ ਜੋੜਨ ਵਾਸਤੇ ਭਾਰਤ ਭਰ ਵਿਚ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਪ੍ਰੇਮ ਪਿਆਰ ਦੇ ਧਾਰਨੀ ਨਾਮ ਰਸੀਏ ਰਹਿਤ ਮਰਯਾਦਾ 'ਚ ਪ੍ਰਪੱਕ ਰਹਿਣ ਵਾਲੇ ਗੁਰੂ ਪੰਥ ਦੇ ਮਹਾਨ ਵਿਦਵਾਨ ਮਹਾਂਪੁਰਸ਼ ਸੰਤ ਬਾਬਾ ਕਰਤਾਰ ਸਿੰਘ ਜੀ ਬੰਬੇ ਵਾਲਿਆਂ ਨੇ ਸਤਿਗੁਰਾਂ ਦੀ ਅਪਾਰ ਕ੍ਰਿਪਾ ਦੁਆਰਾ ਮਹਾਨ ਉਦਮ ਕਰਕੇ ਇਹ ਸੁੰਦਰ ਸਰਲ ਸੁਖੈਨ ਅਰਥ ਪ੍ਰਮਾਣਾਂ ਅਤੇ ਦ੍ਰਿਸ਼ਟਾਂਤਾਂ ਸਹਿਤ ਹਰ ਇਕ ਮਨੁੱਖ ਦੇ ਪੜ੍ਹਨ ਅਤੇ ਆਤਮ ਅਨੰਦ ਦਾ ਰਸ ਮਾਨਣ ਲਈ ਇਹ ਪੁਸਤਕ ਲਿਖੀ ਹੈ। ਇਹ ਪੁਸਤਕ ਸਿੰਘਣੀਆਂ ਦਾ ਸ਼ਹੀਦ ਗੰਜ ਨੂੰ ਪੜ੍ਹ ਕੇ ਲਾਹਾ ਪ੍ਰਾਪਤ ਕਰੋ ਜੀ। ਦਾਸ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਕਮਲਾਂ ਵਿਚ ਨਿਮਰਤਾ ਸਹਿਤ ਅਰਦਾਸ, ਬੇਨਤੀ, ਜੋਦੜੀ ਕਰਦਾ ਹੈ ਕਿ ਬਾਬਾ ਜੀ ਨੂੰ ਮਹਾਰਾਜ ਹੋਰ ਵੀ ਸਿੱਖ ਕੌਮ ਦੀ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰਨ।

*ਗੁਰੂ ਪੰਥ ਦਾ ਦਾਸ*

*ਭਾਈ ਗੁਰਮੇਲ ਸਿੰਘ ਜੀ*

*ਪਿੰਡ ਰੋਡੇ,*

*ਵਿਦਿਆਰਥੀ ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲੇ (ਦਮਦਮੀ ਟਕਸਾਲ)*

# ਸਿੰਘਣੀਆਂ ਦਾ ਸ਼ਹੀਦ ਗੰਜ

ਸੰਸਾਰੀ ਢਾਂਚਾ ਐਸੀ ਢਾਲਣਾ ਵਿਚ ਢਾਲਿਆ ਗਿਆ ਹੈ ਕਿ ਜਿਥੇ ਹਰ ਇਕ ਮਨੁੱਖ ਸੁੱਖਾਂ ਦੀ ਪ੍ਰਾਪਤੀ ਚਾਹੁੰਦਾ ਹੈ। ਲੇਕਿਨ ਗੁਰਬਾਣੀ ਵਿਚ ਇਹ ਲਿਖਿਆ ਗਿਆ ਹੈ ਕਿ ਜਿਥੇ ਸੁੱਖਾਂ ਦੀ ਸ਼ੁਰੂਆਤ ਹੋ ਗਈ ਉਥੇ ਰੱਬ ਦਾ ਵਾਸਾ ਕਦੀ ਵੀ ਨਹੀਂ ਹੋ ਸਕਦਾ। ਜਿਸ ਤਰ੍ਹਾਂ ਰਾਤ ਦੱਸ ਵਜੇ ਤੱਕ ਜਸ਼ਨ ਮਨਾਇਆ, ਫਿਰ ਤਾਸ਼ ਖੇਡੀ ਔਰ ਅਗਰ ਦੇਸ਼-ਪ੍ਰਦੇਸ਼ ਵਿਚੋਂ ਕੋਈ ਮਿਲਣ ਲਈ ਆ ਗਿਆ ਤੇ ਉਸ ਨਾਲ ਗੱਪਾਂ ਮਾਰਨ ਵਿਚ ਰੁੱਝ ਗਿਆ। ਫਿਰ ਜਿਹੜਾ ਰਾਤ ਨੂੰ ਗਿਆਰਾਂ-ਬਾਰ੍ਹਾਂ ਵਜੇ ਸੌਂਦਾ ਹੈ, ਉਸ ਦੀ ਬਲਾ ਉਠੇਗੀ ਸਵੇਰੇ ਨੌਂ ਵਜੇ ਤੋਂ ਪਹਿਲਾਂ ? ਉਸ ਦੀ ਨੀਂਦ ਨਹੀਂ ਟੁੱਟਣੀ। ਸੂਫ਼ੀ ਕਿਸੇ ਵੇਲੇ ਇਹੋ ਜਿਹੀ ਗੱਲ ਕਰ ਜਾਂਦੇ ਨੇ ਕਿ ਕਤਲ ਕਰ ਦੇਣ ਵਾਲੀ ਹੁੰਦੀ ਹੈ। ਉਸ ਨੇ ਕਿਹਾ ਕਿ ਉਸ ਨੂੰ ਆਦਮੀ ਨਾ ਸਮਝੋ, ਭਾਵੇਂ ਉਸ ਦੀ ਸ਼ਕਲ ਆਦਮੀਆਂ ਵਰਗੀ ਹੀ ਲੱਗਦੀ ਹੈ। ਕਿਉਂਕਿ ਜਿਸ ਨੂੰ ਐਸ਼ ਲੁੱਟਣ ਵਿਚ, ਮਜ਼ੇ ਲੈਣ ਵਿਚ ਰੱਬ ਦੀ ਯਾਦ ਭੁੱਲ ਗਈ ਤੇ ਗੁੱਸੇ ਵਿਚ ਆ ਕੇ ਜਿਸ ਨੂੰ ਰੱਬ ਦਾ ਡਰ ਭੁੱਲ ਗਿਆ, ਉਸ ਨੂੰ ਆਦਮੀ ਨਾ ਸਮਝਿਓ। ਲੋਕਾਂ ਦੇ ਔਗੁਣ ਵੇਖ ਲੈਣੇ ਕੋਈ ਵੱਡੀ ਗੱਲ ਨਹੀਂ। ਮਰਦ ਉਹ ਹੈ ਜਿਹੜਾ ਸਭ ਤੋਂ ਪਹਿਲਾਂ ਆਪਣੀ ਕਿਤਾਬ ਤੇ ਨਜ਼ਰ ਮਾਰੇ।

*ਮੁਕੱਦਮੇ ਗੈਰ ਲੋਗੋਂ ਕੇ ਹਜ਼ਾਰੋਂ ਕਰ ਦੀਏ ਫੈਸਲੇ,*
*ਪਰ ਨਾ ਦੇਖਾ ਮਿਸਲ ਅਪਨੀ ਕੋ।*

ਸੁੱਖਾਂ ਵਿਚ ਸਾਨੂੰ ਰੱਬ ਭੁੱਲ ਗਿਆ ਹੈ ਤੇ ਉਸ ਤੋਂ ਬਾਅਦ ਫਿਰ ਦੁੱਖ ਆਉਂਦੇ ਨੇ। ਫਿਰ ਸਾਨੂੰ ਪੀੜ ਹੁੰਦੀ ਹੈ। ਦੁੱਖ ਔਰ ਸੁੱਖ ਭਾਵ ਪਾਪ ਔਰ ਪੁੰਨ ਵਿਚ ਜੀਵ ਮਰਦਾ ਹੈ, ਜੰਮਦਾ ਹੈ। ਜੰਮਣ-ਮਰਨ ਨਾ ਪਾਪ ਮਿਟਾਂਦਾ ਹੈ ਤੇ ਨਾ ਹੀ ਪੁੰਨ ਮਿਟਾਉਂਦਾ ਹੈ। ਇਹ ਹੇਠਲੀ ਸਟੇਜ ਨੂੰ ਮਾਲਿਕ ਦੇ ਦਰਬਾਰ ਵਿਚ ਵਡਿਆਈ ਮਿਲੇ। ਔਰ ਜਿਸ ਦੇ ਕਰਮ ਨਹੀਂ ਚੰਗੇ, ਉਹ ਨੀਚ ਹੈ। ਔਰ ਜਿਹੜਾ ਨੀਚ ਹੈ, ਉਸ ਨੂੰ ਸਿਵਾਏ ਰੋਣ ਦੇ ਪੱਲੇ ਹੋਰ ਕੁੱਝ ਨਹੀਂ ਮਿਲਦਾ। ਸੰਸਾਰ ਦੁੱਖ-ਸੁੱਖ ਵਿਚ ਹੀ ਪਿਆ ਜੰਮਦਾ ਤੇ ਮਰਦਾ ਹੈ।

*ਚਰਨ ਕਮਲ ਗੁਰਿ ਆਸ੍ਰਮੁ ਦੀਆ॥ ੩॥* *(ਪੰਨਾ ੮੦੪)*

ਦਇਆਲੂ ਗੁਰੂ ਨੇ ਆਪਣੇ ਕਮਲ ਵਰਗੇ ਸੁਗੰਧਤ ਚਰਨਾਂ ਦਾ ਆਸਰਾ ਦੇ ਕੇ ਜੰਮਦੇ-ਮਰਦੇ ਨੂੰ ਬਚਾਅ ਲਿਆ।

*ਮਾਈ ਚਰਨ ਗੁਰ ਮੀਠੇ॥*

ਹੁਣ ਮੈਂ ਵੇਖ ਲਿਆ।

*ਮਾਈ ਚਰਨ ਗੁਰ ਮੀਠੇ॥* *(ਪੰਨਾ ੭੧੭)*

ਤਕਦੀਰ ਬੁਲੰਦ ਹੋਵੇ ਜੇਕਰ, ਤਕਦੀਰ ਦਾ ਸਿਤਾਰਾ ਚਮਕ ਪਏ ਤੇ ਚੰਗਿਆਂ ਕਰਮਾਂ ਦੀ ਤਹਿ ਕਿਤੇ ਉਭਰ ਆਵੇ ਤੇ ਫਿਰ ਗੁਰੂ ਕਾ ਮਿਲਾਪ ਹੁੰਦਾ ਹੈ। ਫਿਰ ਉਸ ਦੇ ਹਿਰਦੇ ਵਿਚ ਚਰਨ ਵੱਸਦੇ ਨੇ। ਜਿਸ ਉਤੇ "ਗੁਰੂ ਦੀ ਦਇਆ" ਹੈ। ਜਦੋਂ ਉਤਾਂਹ ਚਲੇ ਜਾਣਾ ਹੈ ਨਾ ਉਦੋਂ ਪਾਪ ਅਤੇ ਪੁੰਨ ਇਕ ਕਹਾਵਤ ਹੀ ਬਣ ਜਾਣੀ ਹੈ। ਪਾਪ ਅਤੇ ਪੁੰਨ ਰੱਬ ਨਾਲ ਨਹੀਂ ਮਿਲਾਉਂਦੇ, ਜੋਤ ਨਾਲ ਨਹੀਂ ਮਿਲਾਉਂਦੇ। ਜੋਤ ਨਾਲ ਜੋਤ ਉਦੋਂ ਮਿਲਣੀ ਹੈ ਜਦੋਂ ਸਾਹਿਬਾਂ ਦਾ ਇਹ ਬਚਨ ਅੰਦਰ ਵੱਸ ਜਾਵੇ:

*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*

*(ਪੰਨਾ ੧੩੬)*

ਭਾਵ ਜਿਨ੍ਹਾਂ ਨੇ ਗੁਰੂ ਦੀ ਰਹਿਮਤ ਨਾਲ ਹਰੀ ਪ੍ਰਮਾਤਮਾ ਦਾ ਸਿਮਰਨ ਕੀਤਾ ਹੈ, ਉਹ ਦਰਗਾਹ ਵਿਚ ਸੱਚੇ ਨੇ। ਆਪਣੇ ਆਪ ਵਿਚ ਅਸੀਂ ਸਭ ਬੜੇ ਉੱਚੇ ਹਾਂ, ਪਰ ਗਰੀਬ ਨਿਵਾਜ਼ ਦਾ ਬਚਨ ਹੈ:

*"ਊਤਮ ਸੇ ਦਰਿ ਊਤਮ ਕਹੀਅਹਿ"*

ਭਾਵ ਉੱਤਮ ਉਹ ਨੇ, ਸ੍ਰੇਸ਼ਟ ਉਹ ਨੇ, ਜਿਹੜੇ ਮਾਲਿਕ ਦੇ ਦਰਬਾਰ ਵਿਚ ਚੰਗੇ ਕਹੇ ਜਾਣ।

*ਅਗਨਿ ਸਾਗਰ ਬੂਡਤ ਸੰਸਾਰਾ॥* *(ਪੰਨਾ ੮੦੪)*

ਦੁੱਖਾਂ-ਸੁੱਖਾਂ ਵਿਚ ਪਿਆ ਹੋਇਆ ਸੰਸਾਰ ਅੱਗ ਦੇ ਸਮੁੰਦਰ ਵਿਚ ਡੁੱਬ ਰਿਹਾ ਹੈ। ਦੁੱਖਾਂ ਦੀ ਜਵਾਲਾ, ਦੁੱਖਾਂ ਦੀ ਅੱਗ ਹਰ ਘਰ ਵਿਚ ਭੜਕ ਰਹੀ ਹੈ। ਇਹ ਹਰ ਹਿਰਦੇ ਵਿਚ ਹੈ, ਹਰ ਘਰ ਵਿਚ ਹੈ। ਫਿਰ ਗਰੀਬ ਨਿਵਾਜ਼ ਫੁਰਮਾਉਂਦੇ ਹਨ:

*"ਅੰਤਰਿ ਚਿੰਤਾ ਨੈਣੀ ਸੁਖੀ"* *(ਪੰਨਾ ੩੧੯)*

ਅੱਖਾਂ ਨਾਲ ਵੇਖੀਏ ਤਾਂ ਬੜਾ ਸੁਖੀ ਲੱਗਦਾ ਹੈ। ਕੱਪੜੇ ਚੰਗੇ ਪਾਏ ਨੇ, ਦਸਤਾਰ ਵਧੀਆ ਬੱਝੀ ਹੈ ਤੇ ਵੱਡੀ ਸਾਰੀ ਕਾਰ ਵਿੱਚ ਚੜ੍ਹਿਆ ਹੈ। ਪਰ ਅੰਦਰ ਉਸ ਦੇ ਚਿੰਤਾ ਹੈ, ਅੰਦਰ ਉਹ ਦੁੱਖੀ ਹੈ, ਅੰਦਰ ਉਸ ਦੇ ਅੱਗ ਬਲ ਰਹੀ ਹੈ। ਜੰਮਣ-ਮਰਨ ਦਾ ਜਿਹੜਾ ਦੁੱਖ ਹੈ ਨਾ ਇਹ ਚਿੰਤਨ ਤੋਂ ਬਿਨਾਂ, ਅਰਾਧਨਾ ਤੋਂ ਬਿਨਾਂ, ਸਿਮਰਨ ਤੋਂ ਬਿਨਾਂ, ਅਭਿਆਸ ਤੋਂ ਬਿਨਾਂ ਇਹ ਗਲੋਂ ਨਹੀਂ ਲਹਿੰਦਾ। ਸਤਿਗੁਰ ਨੇ ਦਇਆ ਕੀਤੀ, ਅੱਗ ਦੇ ਸਮੁੰਦਰ ਵਿਚ ਡੁੱਬਦੇ-ਸੜਦੇ ਨੂੰ, ਉਹਨਾਂ ਨੇ ਇਸ ਮਨੁੱਖ ਦੀ ਬਾਂਹ ਫੜ ਕੇ ਅੱਗ ਦੇ ਸਮੁੰਦਰ ਵਿਚੋਂ ਬਾਹਰ ਕੱਢ ਦਿੱਤਾ।

*ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥* (ਪੰਨਾ ੮੦੪)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਬਚਨ ਲਿਖਿਆ ਹੈ:

*ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।*

*(ਵਾਰ ੨੬/੧੯)*

ਭਾਵ ਕਿ ਸਤਿਗੁਰ ਇਸ ਤਰ੍ਹਾਂ ਦਾ ਆਗੂ ਜਾਣਿਆ ਗਿਆ ਹੈ ਕਿ ਉਹ ਅੰਨ੍ਹਿਆਂ ਨੂੰ ਬਾਹੋਂ ਫੜ ਕੇ ਉਹਨਾਂ ਦਾ ਪਾਰਉਤਾਰਾ ਕਰ ਦਿੰਦਾ ਹੈ। ਐਸੇ ਗੁਰੂ ਦੇ ਚਰਨ ਪਰਸ ਲੈਣੇ ਕਿ ਜਿਨ੍ਹੇ ਸਾਨੂੰ ਹੁਕਮ ਦਿੱਤਾ ਕਿ ਦਿਨੇ-ਰਾਤੀਂ ਸਿਮਰੋ, ਸਵੇਰੇ-ਸ਼ਾਮ ਸਿਮਰੋ, ਸਵਾਸ-ਸਵਾਸ ਸਿਮਰੋ ਔਰ ਉਸ ਪਰਮੇਸ਼ਰ ਨੂੰ ਭੁੱਲੋ ਨਾ। ਕੰਮ-ਕਾਰ, ਬਿਜ਼ਨਸ ਕਰੋ ਪਰ ਉਸ ਨੂੰ ਭੁੱਲੋ ਨਾ, ਵਿਸਾਰੋ ਨਾ। ਸਤਿਗੁਰਾਂ ਨੇ ਆਪਣੇ ਅਮਲ ਵਿਚ, ਆਪਣੇ ਆਪ ਨੂੰ ਘਟਾ ਕੇ ਤੇ ਆਪ ਇਸ ਗੱਲ ਨੂੰ ਆਪਣੇ ਅਮਲ ਵਿੱਚ, ਆਪਣੇ ਨਿਧਿਆਸਣ ਵਿਚ ਲਾ ਕੇ ਦੱਸਿਆ ਕਿ ਸੁੱਖ ਵਿਚ, ਦੁੱਖ ਵਿਚ ਕਿਵੇਂ ਅਰਾਧੀਦਾ ਹੈ! ਸਵੇਰੇ-ਸ਼ਾਮ ਕਿਵੇਂ ਅਰਾਧੀਦਾ ਹੈ! ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਉਹਨਾਂ ਦੇ ਜੀਵਨ ਵੱਲ ਜ਼ਰਾ ਕੁ ਨਜ਼ਰ ਮਾਰੀਏ ਤਾਂ ਦੇਖਣ ਨੂੰ ਇਹ ਮਿਲਦਾ ਹੈ ਕਿ ਜੇ ਗੁਰੂ ਜੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਹਨ ਤਾਂ ਵੀ ਚੇਤੇ ਹੈ "ਸਤਿਨਾਮ-ਵਾਹਿਗੁਰੂ"! ਔਰ ਜੇ ਕਿਲ੍ਹਾ ਛੱਡਣਾ ਪੈ ਗਿਆ, ਨਦੀ ਵਿਚ ਹੜ੍ਹ ਆ ਗਿਆ ਤੇ ਦੁਸ਼ਮਣ ਪਿਛੇ ਹੈ ਤਾਂ ਵੀ ਚੇਤੇ ਹੈ ਸਤਿਨਾਮ-ਵਾਹਿਗੁਰੂ! ਔਰ ਅਗਰ ਮਾਛੀਵਾੜੇ ਦੇ ਜੰਗਲਾਂ ਵਿਚ ਤਨਹਾਈ ਵਿਚ ਫਿਰਨਾ ਪੈ ਗਿਆ ਤਾਂ ਵੀ ਚੇਤੇ ਹੈ:

*"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥"*

ਅਮਲ ਵਿਚ ਲਿਆ ਕੇ ਦੱਸਿਆ ਹੈ ਕਿ ਸੁੱਖ-ਦੁੱਖ ਵਿਚ ਕਿਵੇਂ ਅਰਾਧੀਦਾ ਹੈ! ਹਜ਼ੂਰ ਦੇ ਜੀਵਨ ਵਿੱਚ ਇਕ ਘਟਨਾ ਆਉਂਦੀ ਹੈ:

*੧. ਰਾਜ ਸਾਜ ਹਮ ਪਰ ਜਬ ਆਯੋ॥*
*ਜਥਾ ਸਕਤ ਤਬ ਧਰਮ ਚਲਾਯੋ॥*

ਗੁਰੂ ਜੀ ਕਹਿੰਦੇ ਜਿਸ ਵੇਲੇ ਮੇਰੇ ਉਪਰ ਰਾਜ-ਸਾਜ ਦੀ ਜ਼ਿੰਮੇਵਾਰੀ ਆਈ ਨਾ ਤੇ ਮੈਂ ਯਥਾ-ਸ਼ਕਤ ਭਾਵ ਧਰਮ ਜਿੰਨਾ ਕੁ ਚਲਾ ਸਕਦਾ ਸਾਂ ਓਨਾ ਕੁ ਚਲਾਇਆ।

*੨. ਭਾਂਤਿ ਭਾਂਤਿ ਬਨ ਖੇਲ ਸਿਕਾਰਾ॥*
*ਮਾਰੇ ਰੀਛ ਰੋਝ ਝੰਖਾਰਾ॥ ੧॥*

ਇਸ ਤੋਂ ਭਾਵ ਹੈ ਕਿ ਜੰਗਲ ਵਿਚ ਫਿਰ ਕੇ ਤਰ੍ਹਾਂ ਤਰ੍ਹਾਂ ਦਾ ਸ਼ਿਕਾਰ ਖੇਡਿਆ ਹੈ ਕਿ ਉਹਨਾਂ ਨੇ ਰਿੱਛ ਮਾਰੇ।

*੩. ਦੇਸ ਚਾਲ ਹਮ ਤੇ ਪੁਨਿ ਭਈ॥*

ਸਹਰ ਪਾਂਵਟਾ ਕੀ ਸੁਧਿ ਲਈ॥

(ਬਚਿੱਤਰ ਨਾਟਕ)

ਜਦੋਂ ਭਰਮਣਾ ਕੁਦਰਤ ਦੇ ਅਨੁਸਾਰ ਸਾਹਮਣੇ ਆ ਗਿਆ ਤਾਂ ਪਾਉਂਟਾ ਸਾਹਿਬ ਦੀ ਸੁੱਧ ਵੀ ਲਈ। ਫਿਰ ਉਥੇ ਆਪਣਾ ਚਰਨ ਟਿਕਾਇਆ। ਉਥੇ ਇਕ ਬੁੱਢੜੀ ਜਿਹੀ ਮਾਈ ਰਹਿੰਦੀ ਸੀ। ਬੜੀ ਮਾੜੀ ਖਸਤਾ ਹਾਲ ਉਸਦੀ ਝੁਗੀ ਸੀ। ਔਰ ਉਹ ਚਰਖਾ ਵੀ ਬੜਾ ਕੱਤਦੀ ਸੀ। ਉਸ ਨੇ ਇਕ ਨਿੱਕੀ ਜਿਹੀ ਫੁੱਲਾਂ ਦੀ ਵਾੜੀ ਵੀ ਲਾਈ ਹੋਈ ਸੀ ਤੇ ਉਸ ਦੇ ਕੋਲ ਹੀ ਉਹ ਚਰਖਾ ਰੱਖਦੀ। ਉਸ ਚਰਖੇ ਦੀ ਘੂਕਰ ਪਿਆਰੀ ਬੜੀ ਹੁੰਦੀ। ਫਿਰ ਉਹ ਚਰਖਾ ਕੱਤਦੀ ਸੀ ਤੇ ਨਾਲ ਹੀ ਫੁੱਲਾਂ ਦੀ ਵਾੜੀ ਵਲ ਵੀ ਨਜ਼ਰ ਮਾਰਦੀ ਤੇ ਕਿਸੇ ਅਤਿ ਪਿਆਰੇ ਨੂੰ ਯਾਦ ਕਰਦੀ। ਉਹ ਤੇ ਵੇਖਦੀ ਰਹਿੰਦੀ ਸੀ ਕਿ ਕਦੋਂ ਆਵੇਗਾ ਉਹ ! ਕਦੋਂ ਉਸ ਦੇ ਦਰਸ਼ਨ ਹੋਣਗੇ ਤੇ ਕਦੋਂ ਮੈਂ ਉਸ ਵਾੜੀ ਦੇ ਫੁੱਲ ਉਹਨਾਂ ਦੇ ਚਰਨਾਂ ਵਿਚ ਭੇਟ ਕਰਾਂਗੀ। ਕੀ ਇਹ ਸੁਭਾਗ ਮੈਨੂੰ ਪ੍ਰਾਪਤ ਹੋਵੇਗਾ ? ਕੀ ਇਕ ਵਾਰੀ ਵੀ ਮੈਂ ਉਹਨਾਂ ਦੇ ਦਰਸ਼ਨ ਕਰ ਸਕਾਂਗੀ ? ਇਸ ਤਮੰਨਾ, ਇਸ ਆਰਜ਼ੂ ਵਿੱਚ ਬੁੱਢੜੀ ਬੈਠੀ ਸੀ ਤੇ ਸਰਕਾਰ ਫਿਰ ਉਥੇ ਪਹੁੰਚੇ। ਜਿਥੇ-ਜਿਥੇ ਕਿਸੇ ਨੇ ਖਿੱਚ ਪਾਈ ਹੈ, ਉਥੇ ਹਜ਼ੂਰ ਜ਼ਰੂਰ ਗਏ ਨੇ। ਔਰ ਜਿਥੇ ਕਿਤੇ ਕਿਸੇ ਨੇ ਹਜ਼ੂਰ ਨੂੰ ਯਾਦ ਕੀਤਾ ਹੈ, ਉਥੇ ਹੀ ਹਜ਼ੂਰ ਨੇ ਦਰਸ਼ਨ ਦੇ ਕੇ ਉਸ ਨੇ ਮਨ ਦੀਆਂ ਤਮਾਮ ਕਾਮਨਾਵਾਂ ਪੂਰੀਆਂ ਕਰ ਕੇ, ਸੁਰਖਰੂ ਕਰ ਕੇ, ਇਸ ਦੁਨੀਆਂ ਤੋਂ ਭੇਜਿਆ ਹੈ। ਉਹਨਾਂ ਨੇ ਉਸ ਇਨਸਾਨ ਅੰਦਰ ਕੋਈ ਦੁੱਖ, ਕੋਈ ਚਿੰਤਾ ਨਹੀਂ ਰਹਿਣ ਦਿੱਤੀ। ਸਾਹਿਬ ਆਪ ਕਹਿੰਦੇ ਨੇ ਕਿ ਮੈਂ ਉਸ ਜੰਗਲ ਵਿਚ, ਪਾਉਂਟੇ ਸਾਹਿਬ ਦੇ ਲਾਗੇ ਸੀ ਉਥੇ ਮੈਂ ਬੜੇ ਸ਼ਿਕਾਰ ਖੇਡੇ। ਔਰ ਉਥੋਂ ਦੀ ਹੀ ਰਿਆਸਤ ਦਾ ਇਕ ਰਾਜਾ "ਫਤਹਿ ਸ਼ਾਹ" ਸੀ। ਉਹ ਗੁਰੂ ਜੀ ਦੇ ਨਗਾਰੇ ਦੀ ਆਵਾਜ਼ ਸੁਣ ਕੇ, ਉਹਨਾਂ ਨੂੰ ਸ਼ਿਕਾਰ ਖੇਡਦਿਆਂ ਵੇਖ ਕੇ ਤੇ ਉਹਨਾਂ ਦਾ ਠਾਠ-ਬਾਠ ਵੇਖ ਕੇ "ਫਤਹਿ ਸ਼ਾਹ" ਗੁੱਸੇ ਹੋ ਗਿਆ। ਉਹ ਕ੍ਰੋਧ ਵਿਚ ਆ ਗਿਆ ਤੇ ਈਰਖਾ ਦੀ ਅੱਗ ਵਿਚ ਸੜਨ ਲੱਗ ਪਿਆ। ਕਿਉਂਕਿ ਉਸ ਨੂੰ ਗੁਰੂ ਦੀ ਪ੍ਰਭੁਤਾ ਚੰਗੀ ਨਾ ਲੱਗੀ। ਔਰ ਉਹ ਬਗੈਰ ਮਤਲਬ ਦੇ ਮੇਰੇ ਨਾਲ ਲੜਨ ਲੱਗ ਪਿਆ। ਫਿਰ ਗੁਰੂ ਜੀ ਕਹਿੰਦੇ ਇਧਰੋਂ ਮੈਂ ਵੀ ਫਿਰ ਤਿਆਰ ਹੋ ਗਿਆ ਤੇ ਮੈਂ ਉਸ ਨੂੰ ਕਿਹਾ ਕਿ ਅਸੀਂ ਆਪਣੀ ਫੌਜ ਦਾ ਨਾਂ "ਅਕਾਲ ਸੈਨਾ" ਰੱਖਿਆ ਹੈ।

ਗਰੀਬ-ਨਿਵਾਜ਼ ਕਹਿੰਦੇ ਕਿ ਲੜਾਈ ਕੁਝ ਗਰਮ ਹੋ ਗਈ। ਲੋਹੇ ਤੇ ਲੋਹਾ ਖੜਕਨ ਲੱਗ ਪਿਆ, ਤੇ ਇਹ ਵੇਖ ਕੇ ਕਾਇਰ ਦੌੜਨ ਲੱਗ ਪਏ ਔਰ ਉਹਨਾਂ ਨੂੰ ਵੇਖ ਕੇ ਸੂਰਮੇ ਹੋਰ ਖੁਸ਼ ਹੋ ਗਏ।

"ਭਾਈ ਕਰਤਾਰ ਸਿੰਘ ਜੀ" ਕਹਿੰਦੇ ਮੈਂ ਦਸਮ ਗ੍ਰੰਥ ਵਿਚ ਇਕ ਬਚਨ ਪੜ੍ਹਿਆ ਹੈ ਕਿ ਜਿਸ ਤਰ੍ਹਾਂ ਸੂਰਜ ਚੜ੍ਹਦਿਆਂ ਅਨੁਸਾਰ ਕਮਲ ਫੁੱਲ ਖਿੜਦਾ ਹੈ ਤੇ ਜਿਹੜਾ ਸੰਗੀਤ ਨੂੰ ਜਾਣਨ ਵਾਲਾ ਹੈ, ਉਸ ਦੇ ਅੱਗੇ ਅਗਰ ਕੋਈ ਸੱਤਾਂ ਸੁਰਾਂ ਦਾ ਸ਼ੁੱਧ ਅਲਾਪ ਕਰ ਦੇਵੇ ਤੇ

ਉਹ ਖੁਸ਼ ਹੋ ਜਾਂਦਾ ਹੈ। ਮੇਰੇ ਸਾਹਮਣੇ ਇਕ ਹੋਰ ਵੀ ਗੱਲ ਹੋਈ ਕਿ ਪੰਡਿਤ ਵਿਸ਼ਨੂੰ ਪੈਗੰਬਰ, ਉਸ ਦੇ ਸਹਾਮਣੇ ਰਾਜੇ-ਮਹਾਰਾਜੇ ਵੀ ਮੱਥਾ ਟੇਕਦੇ ਸਨ, ਕਿਉਂਕਿ ਉਹ ਬੜਾ ਮਸ਼ਹੂਰ ਗਵੱਈਆ ਸੀ। ਜਦੋਂ ਉਹ ਅੰਮ੍ਰਿਤਸਰ ਆਇਆ ਤਾਂ ਮੇਰੇ ਸਨਾਤਨੀ ਵੀਰਾਂ ਨੇ ਉਸ ਦਾ ਡੇਰਾ ਕਿਤੇ ਹੋਰ ਲਗਵਾ ਦਿੱਤਾ, ਪਰ ਉਸ ਨੂੰ ਹਰਿਮੰਦਰ ਸਾਹਿਬ ਨਾ ਜਾਣ ਦਿੱਤਾ। ਫਿਰ ਉਹਨਾਂ ਨੇ ਉਸ ਅੱਗੇ ਫਲ-ਫਰੂਟ ਵੀ ਰੱਖਿਆ ਤੇ ਕੁਝ ਭੇਟਾ ਵੀ ਰੱਖੀ। ਔਰ ਕਹਿਣ ਲੱਗੇ, ਪੰਡਿਤ ਜੀ ! ਅਸੀਂ ਧੰਨ ਗੁਰੂ ਰਾਮਦਾਸ ਦੇ ਮਾਂਗਤ ਹਾਂ, ਸ਼ਬਦ ਪੜ੍ਹਦੇ ਹਾਂ ਤੇ ਸੰਗਤ ਸੁਣਦੀ ਵੀ ਹੈ। ਸਾਡੇ ਬੱਚੀ-ਬੱਚਿਆਂ ਦਾ, ਉਪਜੀਵਕਾਂ ਦਾ ਸਾਧਨ ਬਣਿਆ ਹੋਇਆ ਹੈ ਤੇ ਤੁਸੀਂ ਬੜੇ ਵੱਡੇ ਗਵੱਈਏ ਹੋ, ਇਸ ਲਈ ਸਾਨੂੰ ਵੀ ਕੁਝ ਸੁਣਾਉ। ਔਰ ਪੰਡਿਤ ਵਿਸ਼ਨੂੰ ਪੈਗੰਬਰ ਦਾ ਜਵਾਬ ਇਹ ਸੀ ਕਿ ਭਾਈ ਲਾਲ ! ਯਹ ਗੁਰੂ ਰਾਮਦਾਸ ਕੀ ਨਗਰੀ ਹੈ। ਹਮ ਯਹਾਂ ਸੁਣਾਉਣੇ ਨਹੀਂ ਆਏ, ਹਮ ਤੋ ਯਹਾਂ ਪਰ ਸੀਖਣੇ ਆਏ ਹੈਂ। ਇਸ ਲਈ ਜੋ ਕੁਝ ਆਪ ਨੇ ਸਿਖਾਇਆ ਹੈ, ਵੋ ਹਮ ਸੁਣਾ ਦੇਤੇ ਹੈਂ। ਚੇਲੇ ਆਪਣੇ ਬੈਠਾ ਲਏ ਤੇ ਕਹਿਣ ਲੱਗੇ, ਭਾਈ ਲਾਲ ਹਮਨੇ ਸੁਣਾ ਹੈ ਆਪ ਬਗੇਸ਼ਰੀ ਗਾਤੇ ਹੈਂ। ਜੈਸੀ ਆਪ ਨੇ ਹਮੇਂ ਸਿਖਾਈ, ਵੈਸੀ ਹੀ ਹਮ ਆਪ ਕੋ ਭੀ ਸੁਣਾਤੇ ਹੈਂ। ਕੋਈ ਪੌਣਾ ਘੰਟਾ ਉਹ ਗਾਉਂਦੇ ਰਹੇ ਤੇ ਸਾਰੇ ਰਬਾਬੀ ਅੱਸ਼-ਅੱਸ਼ ਕਰਨ ਲੱਗ ਪਏ। ਸਮਾਪਤੀ ਕਰਕੇ ਤੇ ਹੱਥ ਜੋੜ ਕੇ ਕਹਿਣ ਲੱਗਾ, "ਭਾਈ ਲਾਲ ! ਆਪ ਧੰਨ ਗੁਰੂ ਰਾਮਦਾਸ ਕੇ ਕ੍ਰਿਪਾ ਕੇ ਪਾਤਰ ਹੈਂ। ਇਸ ਲਈ ਆਪ ਭੀ ਜ਼ਰਾ ਸੁਣਾਈਏ !" ਭਾਈ ਲਾਲ ਬੈਠ ਗਿਆ ਤੇ ਬਗੇਸ਼ਰੀ ਗਾਉਣ ਲੱਗ ਪਿਆ ਤੇ ਉਸ ਨੂੰ ਗਾਉਂਦੇ ਨੂੰ ਵੀਹ ਕੁ ਮਿੰਟ ਹੋਏ ਤੇ ਉਸ ਨੇ ਵਿਲੰਪਿਤ ਵਿਚ ਜਾ ਕੇ ਇਕ ਸੁਰ ਫੜਿਆ। ਔਰ ਉਸ ਸੁਰ ਨੂੰ ਲੱਗਦਿਆਂ ਵੇਖ ਕੇ ਵਿਸ਼ਨੂੰ ਪੈਗੰਬਰ ਤੜਪ ਉਠਿਆ ਤੇ ਕਹਿਣ ਲੱਗਾ, ਭਾਈ ਲਾਲ, ਹਮ ਸੰਗੀਤ ਕੇ ਪੁਜਾਰੀ ਹੈਂ, ਹਮ ਸੰਗੀਤ ਕੇ ਪੰਡਿਤ ਹੈਂ। ਅਬ ਤੋਂ ਯਹ ਸੁਰ ਹਮ ਭੀ ਲਗਾ ਲੇਂਗੇ। ਲੇਕਿਨ ਆਜ ਸੇ ਪਹਿਲੇ ਤੋ ਹਮਾਰੇ ਦਾਦਾ ਕੋ ਭੀ ਮਾਲੂਮ ਨਾ ਥਾ ਕਿ ਬਗੇਸ਼ਰੀ ਮੇਂ ਯਹ ਸੁਰ ਭੀ ਲਗਤਾ ਹੈ। ਵੱਡਿਆਂ ਦੀਆਂ ਗੱਲਾਂ ਕਿੰਨੀਆਂ ਸੁੰਦਰ ਹਨ। ਇੰਨਾ ਵੱਡਾ ਗਵੱਈਆ ਹੋਣ ਦੇ ਬਾਵਜੂਦ ਵੀ ਕੋਈ ਹੰਕਾਰ ਨਹੀਂ। ਖੈਰ, ਮੇਰਾ ਕਹਿਣ ਦਾ ਮਤਲਬ ਇਹ ਸੀ ਕਿ ਜਿਨ੍ਹਾਂ ਦੇ ਅੰਦਰ ਕੁਝ ਹੈ, ਉਥੇ ਮੁਲਾਇਮਪੁਣਾ ਹੈ।

ਜ਼ਿਲ੍ਹਾ ਗੁਜਰਾਂਵਾਲੇ ਵਿਚ ਇਕ ਪਿੰਡ ਸੀ ਤੇ ਉਥੇ ਇਕ ਕਸ਼ਮੀਰੀ ਸੀ, ਜਿਸ ਦਾ ਕੰਮ-ਧੰਦਾ ਹੀ ਜੂਆ ਖੇਡਣਾ ਸੀ। ਔਰ ਵਰ੍ਹੇ ਦੇ ਵਰ੍ਹੇ ਉਹ ਇਕ ਮਹੀਨਾ ਮੈਨੂੰ ਬੁਲਾਉਂਦਾ ਸੀ ਕਥਾ ਸੁਣਨ ਲਈ। ਉਸ ਨੇ ਸਾਰੇ ਪਿੰਡ ਦੇ ਜੱਟਾਂ ਨੂੰ ਕਹਿ ਦੇਣਾ ਕਿ ਆ ਗਏ ਨੇ ਮੌਲਵੀ ਸਾਹਿਬ, ਇਸ ਲਈ ਇਹਨਾਂ ਦੀ ਖੁਰਾਕ ਦਾ, ਇਨ੍ਹਾਂ ਦੇ ਰਹਿਣ-ਬਹਿਣ ਦਾ ਤੁਸੀਂ ਪ੍ਰਬੰਧ ਨਹੀਂ ਕਰਨਾ। ਤੁਸੀਂ ਰਾਸ਼ਨ ਮੇਰੇ ਕੋਲੋਂ ਲੈਣਾ ਹੈ, ਫਰੂਟ ਮੇਰੇ ਕੋਲੋਂ ਲੈਣਾ ਹੈ ਤੇ ਪੈਸੇ ਵੀ ਮੇਰੇ ਕੋਲੋਂ ਲੈਣੇ ਨੇ, ਕਿਉਂਕਿ ਇਹਨਾਂ ਨੂੰ ਮੈਂ ਸੱਦਿਆ ਹੈ। ਭਾਈ ਜੀ ਕਹਿਣ ਲੱਗੇ, ਮੇਰੇ ਮੋਢੇ ਤੇ ਲੋਈ ਹੁੰਦੀ ਹੈ ਹਰ ਵੇਲੇ ਤੇ ਉਸ ਦੇ ਮੋਢੇ ਤੇ ਵੀ ਲੋਈ ਸੀ। ਉਸ ਨੇ ਆਪਣੀ ਲੋਈ ਨੂੰ ਵੀ

ਮਲ-ਮਲ ਕੇ ਵੇਖਿਆ ਤੇ ਮੇਰੀ ਲੋਈ ਨੂੰ ਵੀ ਮਲ-ਮਲ ਕੇ ਵੇਖਿਆ। ਫਿਰ ਉਸ ਨੇ ਆਪਣੀ ਲੋਈ ਮੇਰੇ ਮੋਢੇ ਤੋਂ ਲਾਹ ਕੇ ਆਪਣੇ ਮੋਢੇ ਤੇ ਰੱਖ ਦਿੱਤੀ ਤੇ ਆਪਣੀ ਲੋਈ ਮੋਢੇ ਤੋਂ ਲਾਹ ਕੇ ਮੇਰੇ ਮੋਢੇ ਤੇ ਧਰ ਦਿੱਤੀ। ਭਾਈ ਜੀ ਕਹਿੰਦੇ ਮੈਂ ਕਿਹਾ, ਓ ਕਸ਼ਮੀਰੀਆ ! ਗੱਲ ਕੀ ਹੈ ? ਕਹਿਣ ਲੱਗਾ ਗਿਆਨੀ ਜੀ ! ਤੇਰੇ ਵਾਲੀ ਲੋਈ ਜ਼ਰਾ ਖਰ੍ਹਵੀ ਹੈ, ਘੱਟ ਕੀਮਤ ਵਾਲੀ ਹੈ ਤੇ ਮੇਰੀ ਮੁਲਾਇਮ ਹੈ ਕਿਉਂਕਿ ਜ਼ਿਆਦਾ ਕੀਮਤ ਦੀ ਹੈ। ਮੈਂ ਤਾਂ ਕਦੇ ਨਾ ਕਦੇ ਇਹ ਜੂਏ ਵਿਚ ਹਰਾ ਹੀ ਦੇਣੀ ਹੈ। ਕਿਸੇ ਜੁਆਰੀ ਨੇ ਮੇਰੇ ਕੋਲੋਂ ਖੋਹ ਹੀ ਲੈਣੀ ਹੈ। ਇਸ ਲਈ ਤੁਹਾਡੀ ਲੋਈ ਖਰ੍ਹਵੀ ਜਾਣ ਕੇ ਮੈਂ ਇਹ ਬਦਲਾਅ ਲਈ ਹੈ, ਕਿਉਂਕਿ ਤੁਸੀਂ ਮੁਲਾਇਮ ਹੋ ਔਰ ਤੁਹਾਨੂੰ ਮੁਲਾਇਮ ਹੀ ਲੋਈ ਚਾਹੀਦੀ ਹੈ। ਇਹ ਸਾਰੀ ਗੱਲ ਮਿਹਨਤ ਦੀ ਹੈ, ਭਾਵ ਜਿੰਨੀ-ਜਿੰਨੀ ਕੋਈ ਮਿਹਨਤ ਕਰਦਾ ਹੈ ਓਨਾ ਹੀ ਉਹ ਮੁਲਾਇਮ ਹੋ ਜਾਂਦਾ ਹੈ।

ਇਸੇ ਤਰ੍ਹਾਂ "ਸਾਹਿਬ ਗੁਰੂ ਗੋਬਿੰਦ ਸਿੰਘ" ਸਾਹਿਬ ਮੁਲਾਇਮ ਨੇ, ਬਰੀਕ ਨੇ, ਨਰਮ ਨੇ, ਦਿਆਲੂ ਨੇ। ਇਸ ਲਈ ਕਿਉਂਕਿ ਉਹ ਆਪ ਇਹ ਗੱਲ ਕਹਿ ਰਹੇ ਨੇ ਕਿ ਬਿਨਾਂ ਮਤਲਬ ਦੇ ਫਤਹਿ ਸ਼ਾਹ ਲੜ ਪਿਆ ਤੇ ਜੰਗ ਗਰਮ ਹੋ ਗਿਆ। ਕਾਇਰ ਭੱਜਣ ਲੱਗ ਪਏ ਤੇ ਸੂਰਮੇ ਖੁਸ਼ ਹੋ ਗਏ। ਇਸੇ ਤਰ੍ਹਾਂ :-

*"ਦੁਖੀ ਜੈਸੇ ਸੁਖ ਤੇ, ਸੁਖੀ ਜੈਸੇ ਦੁਖ ਤੇ"*

ਇਸੇ ਤਰ੍ਹਾਂ ਧਨ ਦਾ ਜਿਹੜਾ ਪੁਜਾਰੀ ਹੈ ਨਾ, ਉਸ ਨੂੰ ਅਗਰ ਗੁਆਚਾ ਹੋਇਆ ਧਨ ਲੱਭ ਜਾਵੇ ਨਾ ਤਾਂ ਉਸ ਦੀ ਖੁਸ਼ੀ ਦੀ ਕੋਈ ਸੀਮਾ ਨਹੀਂ ਲੱਭਦੀ।

*"ਸੋ ਰਾਜਾ ਸ਼ਤਰੂ ਆਪਣੇ ਕੋ ਦੇਖੇ ਜੈਸੇ ਘਾਤ ਕੇ॥"*

ਭਾਵ ਕਿ ਜਦੋਂ ਰਾਜਾ ਆਪਣੇ ਦੁਸ਼ਮਣ ਨੂੰ, ਆਪਣੀ ਗ੍ਰਿਫਤ ਵਿਚ ਪਕੜਿਆ ਦੇਖੇ ਤਾਂ ਉਹ ਬੜਾ ਖੁਸ਼ ਹੁੰਦਾ ਹੈ ਤੇ ਉਸ ਨੂੰ ਛੱਡਦਾ ਵੀ ਨਹੀਂ। ਕਿਉਂਕਿ ਸਿਆਸਤ ਚੀਜ਼ ਹੀ ਐਸੀ ਹੈ।

"ਭਾਈ ਕਰਤਾਰ ਸਿੰਘ ਜੀ" ਕਹਿੰਦੇ ਮੈਂ ਧੰਨ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਹਿ ਰਿਹਾ ਹਾਂ ਜਿਹੜੇ ਕਹਿ ਰਹੇ ਹਨ ਕਿ ਮੈਂ ਆਪਣੀ ਫੌਜ ਦਾ ਨਾਂ ਰੱਖਿਆ "ਅਕਾਲ ਸੈਨਾ", ਅਰਥਾਤ 'ਰੱਬ ਦੀ ਫੌਜ'। ਮਹਾਰਾਜ ਕਹਿੰਦੇ ਦੁਸ਼ਮਣਾਂ ਦੀ ਗਿਣਤੀ ਜ਼ਿਆਦਾ ਤੇ ਖਾਲਸੇ ਦੀ ਫੌਜ ਘੱਟ। ਇਸ ਲਈ ਦੁਸ਼ਮਣਾਂ ਦਾ ਪੈ ਗਿਆ ਜ਼ੋਰ ਤੇ ਅਕਾਲ ਸੈਨਾ ਦੇ ਪੈਰ ਖਿਸਕ ਗਏ। ਉਹ ਟਿੱਕ ਨਾ ਸਕੇ ਉਹਨਾਂ ਅੱਗੇ। ਇਸ ਲਈ ਜੰਗ ਦਾ ਰੰਗ ਫਿੱਕਾ ਹੋ ਗਿਆ ਤੇ ਬਾਹਰ ਲੋਕਾਂ ਦੀਆਂ ਉਂਗਲਾਂ ਮੂੰਹ ਵਿਚ ਪੈ ਗਈਆਂ ਕਿ ਗੁਰੂ ਗੋਬਿੰਦ ਸਿੰਘ ਹਾਰਿਆ ਕਿ ਹਾਰਿਆ। ਹੋ ਸਕਦਾ ਹੈ ਇਹੋ ਜਿਹਾ ਸੱਚਾ ਗੁਰੂ ਜਿਸ ਨੇ ਸਾਰੀ ਹਕੀਕਤ ਦੱਸੀ ਜੋ ਕਿ ਜੰਗ ਦੇ ਮੈਦਾਨ ਵਿਚ ਵਾਪਰੀ ਸੀ। ਗੁਰੂ ਜੀ ਕਹਿੰਦੇ ਜਦੋਂ ਜੰਗ ਦਾ ਰੰਗ ਮੇਰੇ ਖਿਲਾਫ ਚਲਿਆ ਗਿਆ ਨਾ ਤੇ ਉਧਰ ਸੈਨਾ ਵੀ ਭੱਜ ਗਈ। ਗੁਰੂ ਜੀ ਕਹਿੰਦੇ ਉਥੇ ਸਿਰਫ ਮੇਰੇ ਤਿਆਰ ਕੀਤੇ ਹੋਏ ਪੰਜ

ਹੀ ਸਿੰਘ ਰਹਿ ਗਏ। ਉਹਨਾਂ ਵਿਚੋਂ ਇਕ ਨੇ ਅਰਦਾਸ ਕੀਤੀ, ਅਕਾਲ-ਪੁਰਖ ਅੱਗੇ ਤੇ ਵਿਚਕਾਰ ਜੰਗ ਦੇ ਮੈਦਾਨ ਵਿਚ ਆ ਗਿਆ। ਉਥੇ ਆ ਕੇ ਉਸ ਨੇ ਜੈਕਾਰਾ ਛੱਡ ਦਿੱਤਾ। ਉਸ ਦੇ ਵਾਸਤੇ ਸਾਹਿਬਾਂ ਨੇ "ਬਚਿੱਤਰ ਨਾਟਕ" ਵਿਚ ਇਹ ਅੱਖਰ ਲਿਖੇ ਨੇ ਕਿ :

*ਤਹਾ ਸਾਹ ਸ੍ਰੀ ਸਾਹ, ਸੰਗ੍ਰਾਮ ਕੋਪੇ॥*

ਉਸ ਸੂਰਮੇ ਦਾ ਨਾਂ ਸੀ 'ਸੰਗੋ ਸ਼ਾਹ'। ਫਿਰ ਉਸ ਦੇ ਬਾਕੀ ਦੇ ਚੌਹਾਂ ਭਰਾਵਾਂ ਨੇ ਵੇਖਿਆ ਕਿ ਵੀਰ ਜੀ ਤਾਂ ਡੱਟ ਗਏ ਨੇ, ਜੈਕਾਰਾ ਵੀ ਛੱਡ ਦਿੱਤਾ ਹੈ। ਫਿਰ ਅਸੀਂ ਕੀ ਜੀਅ ਕੇ ਲੈਣਾ ਹੈ ? ਉਹ ਨੱਸ ਕੇ ਆਪਣੇ ਭਰਾ ਦੇ ਕੋਲ ਆ ਗਏ। ਗੁਰੂ ਜੀ ਕਹਿੰਦੇ ਦੂਜੇ ਵੀਰ ਦਾ ਨਾਂ ਸੀ 'ਜੀਤ ਮੱਲ ਹੱਠੀ' ਔਰ ਤੀਜੇ ਵੀਰ ਦਾ ਨਾਂ ਸੀ 'ਗੁਲਾਬ ਚੰਦ ਕਾਜ਼ੀ' ਤੇ ਚੌਥੇ ਦਾ ਨਾਂ ਸੀ 'ਲਾਲ ਚੰਦ' ਤੇ ਪੰਜਵੇਂ ਦਾ ਨਾਂ ਸੀ 'ਭਾਈ ਸੰਗਤੀਆ'। ਜਿਸ ਵੇਲੇ ਪੰਜੇ ਹੀ ਇਕੱਠੇ ਹੋ ਗਏ ਨਾ ਤੇ ਇਨ੍ਹਾਂ ਨੇ ਚੰਗੇ ਤੀਰ ਵਹਾਏ। ਇਨ੍ਹਾਂ ਨੂੰ ਵੇਖ ਕੇ ਬਾਕੀ ਦਾ ਖਾਲਸਾ ਵੀ ਇਕੱਠਾ ਹੋ ਗਿਆ ਤੇ ਜੰਗ ਫਿਰ ਸਿਖਰ ਤੇ ਪਹੁੰਚ ਗਿਆ। ਸਾਹਿਬ ਕਹਿੰਦੇ ਮੇਰੇ ਬਹਾਦਰਾਂ, ਅਕਾਲ ਸੈਨਾ ਦੇ ਸੂਰਮਿਆਂ ਦੇ ਤੀਰ ਵੇਖ ਕੇ ਹੁਣ ਦੁਸ਼ਮਣਾਂ ਦੀ ਫੌਜ ਦੇ ਪੈਰ ਹਿੱਲ ਗਏ, ਪਹਾੜੀਆਂ ਦੀ ਫੌਜ ਦੇ ਪੈਰ ਹਿੱਲ ਗਏ।

ਔਰ ਜਿਸ ਵੇਲੇ ਪਹਾੜੀਏ ਤਿੱਤਰ-ਬਿੱਤਰ ਹੋਏ ਤੇ ਉਹਨਾਂ ਵਿਚੋਂ ਵੀ ਸੀ ਇਕ ਮਰਦ। ਉਹਨਾਂ ਵਿਚੋਂ ਵੀ ਸੀ ਇਕ ਅਣਖ ਵਾਲਾ। ਉਸ ਦਾ ਨਾਂ ਸਰਕਾਰ ਨੇ 'ਹਰੀ ਚੰਦ' ਲਿਖਿਆ ਹੈ। ਹਜ਼ੂਰ ਕਹਿੰਦੇ ਇਹ ਸਭ ਵੇਖ ਕੇ ਹਰੀ ਚੰਦ ਨੂੰ ਗੁੱਸਾ ਆਇਆ। ਉਹ ਗੁੱਸੇ ਵਿਚ ਅੱਗ-ਬਬੂਲਾ ਹੋ ਗਿਆ ਤੇ ਉਸ ਨੇ ਵੀ ਤੀਰ ਕਮਾਨ ਸੰਭਾਲਿਆ। ਔਰ ਗੁਰੂ ਜੀ ਕਹਿੰਦੇ ਮੈਦਾਨੇ-ਜੰਗ ਵਿਚ ਆ ਕੇ ਮੈਨੂੰ ਕਹਿੰਦਾ ਕਿ ਮੈਂ ਹਾਂ ਰਾਜਪੂਤ, ਮੇਰੇ ਦਾਦੇ-ਪੜਦਾਦੇ ਦਾ ਧਰਮ ਹੈ ਲੜਨਾ ਔਰ ਅਸੀਂ ਤਲਵਾਰ ਦੇ ਹਾਂ ਧਨੀ ! ਔਰ ਤੁਸੀਂ ਇਕ ਫਕੀਰ ਹੋ, ਮੰਦਿਰਾਂ ਵਿਚ ਰਹਿਣ ਵਾਲੇ ਹੋ, ਜੈਕਾਰੇ ਛੱਡਣ ਵਾਲੇ ਹੋ, ਕੜਾਹ-ਪ੍ਰਸ਼ਾਦਿ ਛੱਕਿਆ ਤੇ ਆਨੰਦ ਲੁੱਟਿਆ। ਇਸ ਲਈ ਪਹਿਲਾਂ ਵਾਰ ਤੁਸੀਂ ਕਰ ਲਉ, ਤਾਂਕਿ ਤੁਹਾਡੇ ਅਰਮਾਨ ਵਿਚੇ ਦੇ ਵਿਚੇ ਹੀ ਨਾ ਰਹਿ ਜਾਣ। ਇਹ ਸੁਣ ਕੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਜਵਾਬ ਦਿੱਤਾ ਕਿ ਹਰੀ ਚੰਦਾ ! ਤੂੰ ਮੈਨੂੰ ਸਮਝਿਆ ਫਕੀਰ ਹੈ। ਇਸ ਲਈ ਅਜੇ ਫਕੀਰ ਦੀ ਫਕੀਰੀ ਆਪਣੀ ਮਸਤੀ ਵਿਚ ਮਸਤ ਹੈ। ਅਜੇ ਫਕੀਰ ਦੀ ਫਕੀਰੀ ਆਪਣੀ ਅਸਲੀ ਦੁਨੀਆਂ ਵਿਚ ਆਪਣੇ ਪਿਆਰੇ ਨਾਲ ਜੁੜੀ ਹੋਈ ਹੈ। ਆਪਣੇ ਮਹਿਬੂਬ ਦਾ ਦੀਦਾਰ ਕਰਨ ਵਾਲੀ ਫਕੀਰੀ ਅਜੇ ਮਸਤ ਹੈ। ਇਸ ਲਈ ਪਹਿਲਾਂ ਵਾਰ ਤੂੰ ਕਰ ਲੈ, ਤਾਂਕਿ ਤੇਰੇ ਅੰਦਰ ਅਰਮਾਨ ਨਾ ਰਹਿ ਜਾਣ। ਗੁਰੂ ਜੀ ਕਹਿੰਦੇ 'ਹਰੀ ਚੰਦ' ਨੇ ਪਹਿਲਾਂ ਤੀਰ ਖਿੱਚ ਕੇ ਸਭ ਤੋਂ ਪਹਿਲਾਂ ਮੇਰੇ ਘੋੜੇ ਤੇ ਮਾਰਿਆ। ਹਰੀ ਚੰਦ ਦਾ ਖਿਆਲ ਇਹ ਸੀ ਕਿ ਘੋੜਾ ਮਰ ਜਾਏ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਅਸਵਾਰੋਂ ਪਿਆਦਾ ਹੋ ਜਾਣ। ਲੇਕਿਨ ਇੰਝ ਹੋਇਆ ਨਹੀਂ। ਸਾਹਿਬ ਕਹਿੰਦੇ ਮੈਂ ਜਿਸ ਵੇਲੇ ਤੀਰ ਆਪਣੇ ਵੱਲ ਆਉਂਦਾ ਵੇਖਿਆ ਤਾਂ ਮੈਂ ਆਪਣੇ ਘੋੜੇ ਦੀ ਲਗਾਮ ਖਿਚੀ ਤੇ ਘੋੜੇ ਨੇ ਆਪਣਾ

ਸਿਰ ਹਿਲਾਇਆ ਤੇ ਦੂਜੇ ਪਾਸੇ ਨੂੰ ਹੋ ਗਿਆ ਤੇ ਤੀਰ ਘੋੜੇ ਨੂੰ ਵੱਜਣ ਦੀ ਬਜਾਇ ਕਿਸੇ ਹੋਰ ਪਾਸੇ ਨੂੰ ਚਲਾ ਗਿਆ। ਜਿਸ ਵੇਲੇ ਹਰੀ ਚੰਦ ਦਾ ਚਲਾਇਆ ਹੋਇਆ ਤੀਰ ਨਾ ਵੱਜਾ ਤਾਂ ਉਸ ਦਾ ਕ੍ਰੋਧ ਹੋਰ ਵੱਧ ਗਿਆ। ਸਾਹਿਬ ਕਹਿੰਦੇ ਫਿਰ ਉਸ ਨੇ ਦੂਜਾ ਤੀਰ ਕੱਢਿਆ ਤੇ ਜਿੰਨਾ ਕੁ ਜ਼ੋਰ ਉਸ ਦੀਆਂ ਬਾਹਾਂ ਵਿਚ ਸੀ, ਉਨੇ ਜ਼ੋਰ ਨਾਲ ਤੀਰ ਚਲਾਇਆ। ਲੇਕਿਨ ਇਸ ਦਾ ਨਤੀਜਾ ਇਹ ਨਿਕਲਿਆ ਸਾਹਿਬ ਕਹਿੰਦੇ ਕਿ ਮੇਰੀ ਤਾਂ ਗਰੀਬ-ਨਿਵਾਜ਼ ਨੇ ਰੱਖਿਆ ਕਰ ਲਈ ਤੇ ਜਿਹੜਾ ਉਹ ਦੂਜਾ ਤੀਰ ਸੀ, ਉਹ ਮੇਰੇ ਕੰਨ ਨਾਲ ਛੂਹ ਕੇ ਸ਼ਾਂਅ ਸ਼ਾਂਅ ਕਰਦਾ ਲੰਘ ਗਿਆ ਤੇ ਮੇਰਾ ਵਾਲ ਵੀ ਵਿੰਗਾ ਨਾ ਹੋਇਆ। ਔਰ ਜਿਸ ਵੇਲੇ ਦੂਜਾ ਤੀਰ ਵੀ ਨਾ ਵੱਜਾ, ਹਰੀ ਚੰਦ ਦਾ ਕ੍ਰੋਧ ਹੋਰ ਵੀ ਪਹਿਲੇ ਨਾਲੋਂ ਜ਼ਿਆਦਾ ਹੋ ਗਿਆ। ਫਿਰ ਹਰੀ ਚੰਦ ਨੇ ਤੀਸਰਾ ਤੀਰ ਮਾਰਿਆ ਤੇ ਸਾਹਿਬ ਕਹਿੰਦੇ ਮੈਂ ਪੈਂਤੜੇ ਵਰਤੇ, ਚੁਸਤੀ-ਚਲਾਕੀ ਨਾਲ ਕੰਮ ਲਿਆ, ਪਰ ਹਰੀ ਚੰਦ ਦਾ ਤੀਸਰਾ ਤੀਰ ਮੇਰੇ ਲੱਕ ਨਾਲ ਬੱਧੀ ਹੋਈ ਪੇਟੀ ਦੇ ਵਿਚ ਜਾ ਖੁਭਿਆ। ਇੰਨਾ ਤਿੱਖਾ ਤੀਰ ਸੀ ਉਹ ਕਿ ਪੇਟੀ ਦੇ ਪਾਰ ਵੀ ਹੋ ਗਿਆ ਤੇ ਮੇਰੇ ਪੇਟ ਵਿਚ ਉਸ ਦੀ ਚੁੰਜ ਖੁਭੀ। ਪਰ ਉਸ ਦਾ ਡੂੰਘਾ ਫੱਟ ਨਾ ਵੱਜਾ! ਸਿੱਖਾਂ ਆਖਿਆ ਤੀਰ ਹਰੀ ਚੰਦ ਦਾ, ਵੱਜਾ ਕ੍ਰੋਧ ਨਾਲ ਤੇ ਤੀਰ ਵੀ ਤੀਸਰਾ, ਜਿਸ ਨੇ ਤੁਹਾਡੀ ਲੋਹੇ ਦੀ ਪੇਟੀ ਵੀ ਚੀਰ ਛੱਡੀ। ਫਿਰ ਪੇਟ ਲਾਗੇ ਜਾ ਕੇ ਡੂੰਘਾ ਜ਼ਖਮ ਕਿਉਂ ਨਾ ਹੋਇਆ? ਉਥੇ ਜਾ ਕੇ ਤੀਰ ਨੂੰ ਕੀ ਹੋ ਗਿਆ? ਸਾਹਿਬ ਕਹਿੰਦੇ ਉਹ ਕੇਵਲ ਇਕੋ ਹੈ ਸਤਿਨਾਮ-ਵਾਹਿਗੁਰੂ, ਜਿਸ ਦਾ ਮੈਂ ਪੁਜਾਰੀ ਹਾਂ। ਇਸ ਲਈ ਵਾਹਿਗੁਰੂ ਨੇ ਮੈਨੂੰ ਆਪਣਾ ਦਾਸ ਜਾਣ ਕੇ, ਪੁਜਾਰੀ ਜਾਣ ਕੇ ਬਚਾਅ ਲਿਆ। ਇਸੇ ਕਰਕੇ ਤੀਸਰੇ ਤੀਰ ਦਾ ਡੂੰਘਾ ਜ਼ਖਮ ਨਾ ਹੋਇਆ। ਜਿਸ ਵਾਹਿਗੁਰੂ ਦੇ ਅੱਗੇ ਮੈਂ ਪ੍ਰਭਾਤੇ ਉਠ ਕੇ, ਇਸ਼ਨਾਨ-ਪਾਨ ਕਰਕੇ, ਤੇ ਜਿਸ ਪ੍ਰਮਾਤਮਾ ਦੇ ਸਹਾਮਣੇ ਮੈਂ ਰੋਜ਼ ਸੀਸ ਝੁਕਾ ਕੇ ਕਹਿੰਦਾ ਸੀ ਨਾ:

*"ਦੇਖਨਿ ਆਯੋ ਜਗਤ ਤਮਾਸਾ॥ ਦੇਖਨਿ ਆਯੋ ਜਗਤ ਤਮਾਸਾ॥*

ਲੋਕੀ ਖੁਆਇਸ਼ ਰੱਖਦੇ ਨੇ ਮੱਥਾ ਟਿਕਵਾਉਣ ਦੀ ਤੇ ਗਰੀਬ-ਨਿਵਾਜ਼ ਦੀ ਖੁਆਇਸ਼ ਇਨ੍ਹਾਂ ਅੱਖਰਾਂ ਤੋਂ ਜਾਪਦੀ ਹੈ:

*ਜੋ ਹਮ ਕੋ ਪਰਮੇਸੁਰ ਉਚਰਿ ਹੈ॥*
*ਤੇ ਸਭ ਨਰਕ ਕੁੰਡ ਮਹਿ ਪਰਿ ਹੈ॥*

ਸਾਹਿਬ ਕਹਿੰਦੇ ਉਹ ਨਰਕਾਂ ਵਿਚ ਜਾਣਗੇ, ਜਿਹੜੇ ਮੈਨੂੰ ਰੱਬ ਆਖਣਗੇ, ਕਿਉਂਕਿ ਰੱਬ ਕੋਈ ਹੋਰ ਹੈ। ਉਸ ਵਾਹਿਗੁਰੂ ਨੇ ਮੈਨੂੰ ਬਚਾਅ ਲਿਆ, ਉਸ ਵਾਹਿਗੁਰੂ ਨੇ ਹੀ ਮੇਰੀ ਰੱਖਿਆ ਕੀਤੀ। ਥੋੜ੍ਹਾ ਜਿਹਾ ਜ਼ਖਮ ਕਰਕੇ, ਫਿਰ ਉਸ ਦੇ ਤੀਰ ਬੱਸ ਹੋ ਗਏ। ਇਥੇ ਆ ਕੇ ਸਾਹਿਬਾਂ ਨੇ ਕਰਵੱਟ ਬਦਲੀ। ਸਾਹਿਬ ਕਹਿੰਦੇ ਜਦੋਂ ਮੈਨੂੰ ਤੀਰ ਵੱਜਾ, ਜ਼ਖਮ ਹੋਇਆ ਤੇ ਥੋੜ੍ਹਾ ਜਿਹਾ ਲਹੂ ਵੀ ਨਿਕਲਿਆ, ਫਿਰ ਮੇਰਾ ਬੀਰ-ਰੱਸ ਜਾਗਿਆ ਤੇ ਮੇਰੇ ਬੀਰ-ਰੱਸ ਦਾ ਦਰਿਆ ਜੋਸ਼ ਵਿਚ ਆ ਗਿਆ। ਫਿਰ ਮੈਂ ਤੀਰ, ਕਮਾਨ ਵਿਚ ਲੈ ਕੇ ਤੇ ਖਿੱਚ-ਖਿੱਚ ਕੇ

ਚਲਾਏ। ਇਥੋਂ ਤੱਕ ਕਿ ਮੈਂ ਤੀਰਾਂ ਦਾ ਮੀਂਹ ਵਹਾਅ ਦਿੱਤਾ। ਔਰ ਬੜੇ-ਬੜੇ ਸੂਰਮੇ ਮੇਰੇ ਤੀਰਾਂ ਨੂੰ ਵੇਖ ਕੇ ਡਰਦੇ ਮਾਰੇ ਨੱਸ ਗਏ। ਮੇਰੇ ਤੀਰਾਂ ਕੋਲੋਂ ਸਭ ਨੂੰ ਡਰ ਆ ਗਿਆ। ਔਰ ਜਿਹੜਾ ਆਪਣੇ ਆਪ ਨੂੰ ਰਿਆਸਤ ਦਾ ਰਾਜਾ ਸਮਝਦਾ ਸੀ, ਉਹ ਵੀ ਰੱਬ ਨੇ ਮੇਰੇ ਹੱਥੋਂ ਮਰਵਾ ਦਿੱਤਾ। ਸਦਾ ਦੀ ਨੀਂਦਰ ਸੌਂ ਗਿਆ ਮੇਰਾ ਤੀਰ ਖਾ ਕੇ। ਉਦੋਂ ਜਦੋਂ ਮੈਨੂੰ ਤੀਰ ਵੱਜਾ, ਜ਼ਖਮ ਹੋਇਆ ਲਹੂ ਨਿਕਲਿਆ।

ਸਾਹਿਬ ਕਹਿੰਦੇ, ਸਿੱਖਾ ! ਤੇਰੇ ਗੁਰੂ ਨੂੰ ਵੱਜੇ ਤੀਰ, ਫਿਰ ਲਹੂ ਨਿਕਲੇ ਤੇ ਉਸ ਤੋਂ ਬਾਅਦ ਮੇਰਾ ਬੀਰ-ਰਸ ਜਾਗਿਆ। ਸਾਹਿਬ ਫਿਰ ਕਹਿੰਦੇ ਤੈਨੂੰ ਅਜੇ ਜ਼ਖਮ ਨਹੀਂ ਹੋਇਆ, ਤੈਨੂੰ ਬੀਰ-ਰਸ ਦੀ ਅਜੇ ਸੁੱਧ ਨਹੀਂ ਹੋਈ। ਔਰ ਅਜੇ ਵੀ ਜੇਕਰ ਤੈਨੂੰ ਜ਼ਖਮ ਨਹੀਂ ਨਾ ਹੋਇਆ।

ਫਿਰ ਕਿਸੇ ਦਿਨ ਟਿਕਟ ਲੈ ਕੇ ਇੰਡੀਆ ਚਲਾ ਜਾਈਂ। ਅੰਮ੍ਰਿਤਸਰ ਸਾਹਿਬ ਤੋਂ ਬੱਸ ਉੱਤੇ ਬੈਠ ਜਾਈਂ ਤੇ ਵਾਹਗੇ ਦੀ ਹੱਦ ਤੇ ਜਾ ਕੇ ਉਤਰ ਜਾਈਂ। ਔਰ ਲਹਿੰਦੇ ਪਾਸੇ ਨੂੰ ਮੂੰਹ ਕਰ ਲਈਂ ਤੇ ਤੈਨੂੰ ਲਾਹੌਰ ਦਾ ਸਟੇਸ਼ਨ ਨਜ਼ਰ ਆਏਗਾ। ਮੁਸਾਫਰਖਾਨੇ ਤੋਂ ਬਾਹਰ ਨਿਕਲ ਜਾਈਂ ਤੇ ਨਿਕਲਦਿਆਂ ਸਾਰ ਸੱਜੇ ਹੱਥ ਨੂੰ, ਸੱਠ-ਸੱਤਰ ਕਦਮ ਚੱਲ ਕੇ ਸੱਜੇ ਹੱਥ ਨੂੰ ਧਿਆਨ ਮਾਰ ਕੇ ਵੇਖੀਂ, ਉਥੇ ਤੈਨੂੰ ਇਕ ਬੜਾ ਉੱਚਾ ਮਕਾਨ ਨਜ਼ਰ ਆਏਗਾ। ਸਿੱਖ ਇਤਿਹਾਸ ਵਿਚ ਇਸ ਨੂੰ "ਸਿੰਘਣੀਆਂ ਦਾ ਸ਼ਹੀਦ ਗੰਜ" ਕਹਿੰਦੇ ਹਨ। ਜਿਥੇ ਕਲਗੀ ਵਾਲੇ ਬਾਪੂ ਦੀਆਂ ਅੰਮ੍ਰਿਤਧਾਰੀ ਬੱਚੀਆਂ, ਨਿੱਕੇ-ਨਿੱਕੇ ਬੱਚਿਆਂ ਸਮੇਤ ਕੈਦ ਕੀਤੀਆਂ ਹੋਈਆਂ ਨੇ। ਕਲਗੀ ਵਾਲੇ ਦੀਆਂ ਅੰਮ੍ਰਿਤਧਾਰੀ ਬੇਟੀਆਂ, ਹੋਣਹਾਰ ਬੇਟੀਆਂ, ਚੌਹਾਂ ਕੁਰਹਿਤਾਂ ਤੋਂ ਬਚੀਆਂ ਹੋਈਆਂ ਨੇ, ਪਰ ਅਫਸੋਸ ਉਹ ਇਸ ਕੈਦਖਾਨੇ ਵਿਚ ਬੱਝੀਆਂ ਹੋਈਆਂ ਨੇ, ਜਿਨ੍ਹਾਂ ਨੂੰ ਸਵੇਰੇ ਅੱਧੀ ਰੋਟੀ ਮਿਲਦੀ ਹੈ, ਇਕ ਪਿਆਲਾ ਪਾਣੀ ਦਾ ਮਿਲਦਾ ਹੈ। ਕਈਆਂ ਕਾਕੀਆਂ ਦੀ ਗੋਦ ਵਿਚ ਅਜੇ ਨਿੱਕੇ-ਨਿੱਕੇ ਬੱਚੇ ਵੀ ਨੇ ਤੇ ਜਿਸ ਮਾਂ ਨੂੰ ਅੱਧੀ ਰੋਟੀ ਮਿਲੀ ਹੋਵੇ, ਉਸ ਮਾਂ ਦਾ ਬੱਚਾ ਦੁੱਧ ਕਿਥੋਂ ਪੀਵੇਗਾ ? ਉਸ ਮਾਂ ਦੇ ਬੱਚੇ ਦਾ ਪੇਟ ਕਿਥੋਂ ਭਰੇਗਾ ? ਔਰ ਫਿਰ ਸਵਾ ਮਣ ਦਾਣੇ ਸਾਰੇ ਦਿਨ ਪੀਸਦੇ ਰਹਿਣਾ ਤੇ ਜਦੋਂ ਸੂਰਜ ਡੁੱਬਣ ਦੇ ਆਰ-ਪਾਰ ਹੋਇਆ, ਕੰਮ ਖਤਮ ਹੋਇਆ ਫਿਰ ਉਸ ਨੇ ਕਾਕੇ ਨੂੰ ਜ਼ਮੀਨ ਤੇ ਬੈਠਾ ਕੇ ਉਸੇ ਪਾਣੀ ਦੇ ਪਿਆਲੇ ਨਾਲ ਪੰਜ ਇਸ਼ਨਾਨਾ ਕਰਵਾਇਆ। ਫਿਰ ਬੱਚੂ ਨੂੰ ਗੋਦ ਵਿਚ ਪਾ ਲਿਆ ਤੇ ਬਾਹਾਂ ਗੋਡਿਆਂ ਤੇ ਰੱਖ ਲਈਆਂ ਔਰ ਸੁਰਤ ਕਲਗੀ ਵਾਲੇ ਬਾਪੂ ਨਾਲ ਜੋੜ ਲਈ ਤੇ ਇਸ ਬੱਚੀ ਨੇ ਰੀਝ-ਰੀਝ ਕੇ, ਰੱਸ-ਰੱਸ ਲੈ ਕੇ, ਸੁਆਦ ਲੈ-ਲੈ ਕੇ ਇਸ ਨੇ ਪਾਠ ਪ੍ਰਾਰੰਭ ਕੀਤਾ :-

*ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥*
*ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥*

ਉਸ ਨੇ 'ਰਹਰਾਸਿ' ਦਾ ਪਾਠ ਕੀਤਾ ਆਨੰਦ ਲੈ-ਲੈ ਕੇ। ਹੱਡੀਆਂ ਚੂਰ-ਚੂਰ ਹੋ

ਗਈਆਂ ਪਰ ਉਸ ਨੇ ਥਕੇਵੇਂ ਦੀ ਪਰਵਾਹ ਨਾ ਕੀਤੀ। ਗੋਦ ਵਿਚ ਪਿਆ ਹੋਇਆ ਬੱਚਾ ਭੁੱਖਾ ਹੀ ਸੌਂ ਗਿਆ, ਪਰ ਉਸ ਨੇ ਕੋਈ ਪਰਵਾਹ ਨਾ ਕੀਤੀ। ਆਪਣਾ ਹਲਕ ਭਾਵੇਂ ਸੁੱਕ ਗਿਆ ਹੈ, ਪਰ ਕੋਈ ਚਿੰਤਾ ਨਹੀਂ ਹੈ। ਬਲਕਿ ਉਸ ਨੇ ਪਾਠ ਕੀਤਾ। ਔਰ ਜਿਸ ਬੱਚੀ ਦੇ ਘਰ ਸਾਰਾ ਸਾਮਾਨ ਹੋਵੇ ਪਰ ਉਸ ਨੂੰ ਰਹਰਾਸਿ ਸਾਹਿਬ ਦਾ ਪਾਠ ਕਰਨਾ ਨਾ ਆਉਂਦਾ ਹੋਵੇ, ਤੈਨੂੰ ਨਿਤਨੇਮ ਨਾ ਕਰਨਾ ਆਉਂਦਾ ਹੋਵੇ ਤਾਂ ਬੜੀ ਅਫਸੋਸ ਦੀ ਗੱਲ ਹੈ। ਔਰ ਜਦੋਂ ਉਸ ਬੱਚੀ ਦਾ ਰਹਰਾਸਿ ਸਾਹਿਬ ਦਾ ਪਾਠ ਪੂਰਾ ਹੋ ਗਿਆ ਤੇ ਫਿਰ ਉਸ ਨੇ 'ਅਰਦਾਸ' ਕੀਤੀ:

"੧ੴ ...., ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਸ੍ਰੀ ਭਗਉਤੀ ਜੀ ਸਹਾਇ॥ ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਿਸਾਹੀ ੧੦॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈ ਸਹਾਇ॥ ਅਰਜਨ ਹਰਿਗੋਬਿੰਦ ਨੂੰ ਸਿਮਰੋ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਇ॥ ਤੇਗ ਬਹਾਦਰ ਸਿਮਰੀਐ, ਘਰ ਨਉਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥ ੧॥"

ਬੱਚੀ ਨੇ ਅਰਦਾਸ ਕੀਤੀ, ਤੁਕਾਂ ਪੜ੍ਹੀਆਂ। ਇਹ ਬਾਣੀ ਸ੍ਰੀ ਮੁਖਵਾਕ ਹੈ। ਇਸ ਨੂੰ ਸ਼ੁੱਧ ਪੜ੍ਹਨਾ ਸਿੱਖ ਦਾ ਧਰਮ ਹੈ! ਫਿਰ ਅੰਮ੍ਰਿਤਧਾਰੀ ਬੱਚੀ ਨੇ ਕਲਗੀਧਰ ਬਾਪੂ ਦੇ ਚਰਨ ਕਮਲਾਂ ਤੇ ਅਰਦਾਸ ਕੀਤੀ ਕਿ ਹੇ ਗੁਰੂ ਗੋਬਿੰਦ ਸਿੰਘ ਸਾਹਿਬ! ਚਾਰ ਪਹਿਰ ਦਿਨ ਦੇ ਤੇਰੇ ਭਾਣੇ ਵਿਚ ਬਤੀਤ ਹੋਏ ਨੇ। ਰੋਟੀ ਅੱਧੀ ਮਿਲੀ ਹੈ ਖਾਣ ਨੂੰ, ਪਾਣੀ ਦਾ ਪਿਆਲਾ ਵੀ ਮਿਲਿਆ ਹੈ। ਔਰ ਸਵਾ ਮਣ ਦਾਣੇ ਪੀਸਣ ਨੂੰ ਮਿਲੇ ਨੇ। ਹੱਡੀਆਂ ਚੂਰ-ਚੂਰ ਨੇ, ਬੱਚਾ ਸਾਰੇ ਦਿਨ ਦਾ ਭੁੱਖਾ-ਭਾਣਾ ਹੀ ਸੌਂ ਗਿਆ, ਲੇਕਿਨ ਫਿਰ ਵੀ ਅਰਦਾਸ ਕਰ ਰਹੀ ਹੈ ਆਪਣੇ ਬਾਪੂ ਨੂੰ ਕਿ ਉਸ ਦਾ ਸਾਰਾ ਦਿਨ ਸੁੱਖ ਨਾਲ ਬਤੀਤ ਹੋ ਗਿਆ। ਔਰ ਜਿਹੜੀ ਚਾਰ ਪਹਿਰ ਰਾਤ ਸਾਹਮਣੇ ਆਈ ਹੈ ਨਾ, ਉਸ ਨੂੰ ਸੁੱਖ ਨਾਲ ਬਿਤਾਈਂ। ਇਹ ਵੇਖ ਕੇ ਜਲਾਦ ਦਾ ਕ੍ਰੋਧ ਵਧਿਆ, ਕਿਉਂਕਿ ਉਹ ਸਾਰਾ ਦਿਨ ਥੱਕਣ-ਟੁੱਟਣ ਦੇ ਬਾਵਜੂਦ ਵੀ ਕਹਿੰਦੀ ਹੈ ਕਿ ਉਸ ਦਾ ਦਿਨ ਸੁੱਖ ਨਾਲ ਗੁਜ਼ਰਿਆ। ਔਰ ਉਹ ਦੁੱਖ ਨੂੰ ਦੁੱਖ ਮੰਨਦੀ ਹੀ ਨਹੀਂ, ਉਹ ਦੁੱਖ ਨੂੰ ਵੀ ਸੁੱਖ ਸਮਝਦੀ ਹੈ। ਫਿਰ ਮੈਂ ਕਾਹਦਾ ਜਲਾਦ ਹੋਇਆ, ਜੋ ਇਸ ਦੇ ਸੁੱਖ ਨੂੰ ਦੁੱਖ ਵਿਚ ਤਬਦੀਲ ਨਹੀਂ ਕਰ ਸਕਿਆ! ਉਸ ਨੇ ਅੱਖ ਝਪਕਦਿਆਂ ਹੀ, ਉਸ ਦਾ ਢਾਈ ਵਰ੍ਹਿਆਂ ਦਾ ਬੱਚਾ ਉਸ ਦੀ ਗੋਦ ਵਿਚੋਂ ਖੋਹ ਲਿਆ। ਔਰ ਉਸ ਨੇ ਸੇਵਾਦਾਰਾਂ ਨੂੰ ਆਵਾਜ਼ ਮਾਰੀ, ਉਹਨਾਂ ਨੇ ਉਸ ਬੱਚੇ ਦੀ ਮਾਂ ਨੂੰ ਬਾਹਰ ਧਰਤੀ ਤੇ ਲਿਟਾ ਦਿੱਤਾ। ਤਿੰਨ ਮਣ ਦਾ ਭਾਰਾ ਪੱਥਰ ਚੁੱਕ ਕੇ ਉਸ ਦੇ ਸੀਨੇ ਤੇ ਰੱਖ ਦਿੱਤਾ। ਉਸ ਨੂੰ ਦਬਾਅ ਹੀ ਦਿੱਤਾ। ਔਰ ਖੱਬੇ ਪਾਸੇ ਉਸ ਦਾ ਦੁਲਾਰਾ, ਜਿਸ ਦੇ ਕੋਮਲ ਨੈਣ, ਕੋਮਲ ਸਰੀਰ, ਪੰਖੜੀਆਂ ਵਰਗੇ ਉਸ ਦੇ ਹੋਂਠ। ਉਸ ਨੂੰ ਆਪਣੀ ਮਾਂ ਦੇ ਕੋਲ ਰੱਖ ਦਿੱਤਾ। ਉਹ ਅੱਡੀਆਂ ਰਗੜਦਾ ਤੇ ਆਪਣੀ ਮਾਂ ਵੱਲ ਵੇਖ ਕੇ ਰੋਂਦਾ ਵੀ, ਪਰ ਮਾਂ ਮਜਬੂਰ ਹੈ, ਕਿਉਂਕਿ ਉਹ ਉਸ ਨੂੰ ਚੁੱਕ ਨਹੀਂ ਸਕਦੀ। ਕਿਉਂਕਿ ਉਹ

ਪੱਥਰ ਹੇਠ ਦੱਬੀ ਹੋਈ ਹੈ। ਔਰ ਬੱਚਾ ਆਪਣੀ ਥਾਂ ਮਜਬੂਰ ਹੈ, ਅਸਮਰੱਥ ਹੈ, ਨਿੱਕੀ ਉਮਰ ਕਰਕੇ ਉਹ ਆਪਣੀ ਮਾਂ ਦੇ ਸੀਨੇ ਤੋਂ ਪੱਥਰ ਨਹੀਂ ਪਿੱਛੇ ਕਰ ਸਕਦਾ। ਇਸ ਦੇ ਨਾਲ ਹੀ ਸਾਰੀ ਰਾਤ ਬੀਤ ਗਈ। ਸਵੇਰਾ ਹੋਇਆ ਤੇ ਜਲਾਦ ਆਇਆ, ਉਸ ਨੇ ਸੇਵਾਦਾਰਾਂ ਨੂੰ ਆਵਾਜ਼ ਮਾਰੀ। ਉਹਨਾਂ ਨੇ ਆ ਕੇ ਪੱਥਰ ਉਸ ਦੇ ਉਪਰੋਂ ਦੀ ਚੁੱਕਿਆ। ਘੰਟੇ ਕੁ ਬਾਅਦ ਉਹ ਹੋਸ਼ ਵਿਚ ਆਈ। ਉਸ ਨੇ ਪਹਿਲੇ ਦੀ ਤਰ੍ਹਾਂ ਹੀ ਪੰਜ ਇਸ਼ਨਾਨਾ ਕੀਤਾ, ਬੱਚੂ ਨੂੰ ਗੋਦ ਵਿਚ ਲੈ ਲਿਆ ਤੇ ਬਾਹਾਂ ਗੋਡਿਆਂ ਤੇ ਰੱਖ ਲਈਆਂ ਔਰ ਉਸੇ ਤਰ੍ਹਾਂ ਹੀ ਉਸ ਨੇ ਆਪਣੀ ਸੁਰਤ ਕਲਗੀਧਰ ਨਾਲ ਜੋੜ ਲਈ। ਫਿਰ ਉਸੇ ਤਰ੍ਹਾਂ ਉਸ ਦੀ ਜ਼ਬਾਨ ਹਰਕਤ ਵਿਚ ਆ ਗਈ।

"ੴ ......,

ਸਤਿਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ

ਅਕਾਲ ਮੂਰਤਿ

ਅਜੂਨੀ ਸੈਭੰ ਗੁਰ ਪ੍ਰਸਾਦਿ॥

ਜਪੁ॥

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ

ਨਾਨਕ ਹੋਸੀ ਭੀ ਸਚੁ॥ ੧॥

ਰੀਝ-ਰੀਝ ਕੇ, ਸੁਆਦ ਲੈ ਲੈ ਕੇ, ਰੱਸ ਲੈ-ਲੈ ਕੇ ਇਨ੍ਹੇ ਪੰਜਾਂ ਬਾਣੀਆਂ ਦਾ ਨਿਤਨੇਮ ਕੀਤਾ। ਔਰ ਬੱਚੂ ਦੇ ਕੰਨਾਂ ਵਿਚ ਅੰਮ੍ਰਿਤ ਪਹੁੰਚਦਾ ਰਿਹਾ। ਬਾਣੀ ਦੀਆਂ ਲੋਰੀਆਂ ਸੁਣ-ਸੁਣ ਕੇ ਥੋੜ੍ਹਾ ਜਿਹਾ ਇਸ ਕਾਕੇ ਨੇ ਵੀ ਆਰਾਮ ਕਰ ਲਿਆ। ਕੋਈ ਗੱਲ ਨਹੀਂ ਅਗਰ ਉਹ ਦੁੱਧ ਨਹੀਂ ਪੀ ਸਕਿਆ। ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ ! ਤੇਰੀ ਬਾਣੀ ਤਾਂ ਉਸ ਦੇ ਕੰਨਾਂ ਵਿਚ ਪਹੁੰਚ ਗਈ ਹੈ ਨਾ। ਤੇਰੀ ਬਾਣੀ ਨੇ ਉਸ ਨੂੰ ਸੁੱਖ ਦੀ ਨੀਂਦਰ ਸੁਆ ਹੀ ਦਿੱਤਾ ਹੈ ਨਾ !

ਨਿੱਤਨੇਮ ਪੂਰਾ ਹੋ ਗਿਆ, ਫਿਰ ਉਸ ਨੇ ਕਾਕਾ ਧਰਤੀ ਤੇ ਲਿਟਾ ਕੇ ਤੇ ਆਪਣੇ ਗਲ ਵਿਚ ਪੱਲਾ ਪਾ ਕੇ ਅਰਦਾਸ ਪੜ੍ਹੀ ਤੇ ਅਰਦਾਸ ਦੇ ਬਾਅਦ ਫਿਰ ਆਪਣੇ ਪ੍ਰੀਤਮ ਅੱਗੇ ਬੇਨਤੀ ਕੀਤੀ ਕਿ ਕਲਗੀ ਵਾਲੇ ਪਾਤਸ਼ਾਹ ! ਗੁਜਰੀ ਦੇ ਦੁਲਾਰਿਆ, ਪੰਥ ਦੇ ਮਾਲਿਕਾ, ਚਾਰ ਪਹਿਰ ਰਾਤ ਦੇ ਸੁੱਖ ਨਾਲ ਬੀਤੇ। ਹੇ ਗਰੀਬ-ਨਿਵਾਜ਼ ਤੈਨੂੰ ਜਿਸ ਤਰ੍ਹਾਂ ਨਾਲ ਮਨਜ਼ੂਰ ਹੋਵੇ; ਉਸੇ ਤਰ੍ਹਾਂ ਨਾਲ ਹੀ ਸਮਾਂ ਬਤੀਤ ਕਰਵਾਣਾ। ਦੱਬੀ ਹੋਈ ਤਿੰਨ ਮਣ ਦੇ ਪੱਥਰ ਹੇਠਾਂ, ਕਾਕਾ ਭੁੱਖਾ ਰੋਂਦਾ ਰਿਹਾ ਔਰ ਇਹ ਕਹਿੰਦੀ ਹੈ ਰਾਤ ਸੁੱਖ ਨਾਲ ਬੀਤੀ।

*"ਦੁੱਖ ਮੈਂ ਦੁੱਖ ਨਹੀਂ ਮਾਨਾ ਮੈਂ,*
*ਦੁੱਖ ਨਹੀਂ, ਦੁੱਖ ਨਹੀਂ ਮਾਨਾ॥"*

ਜਲਾਦ ਨੇ ਅਰਦਾਸ ਸੁਣੀ ਤੇ ਅੱਗ-ਬਬੂਲਾ ਹੋ ਗਿਆ। ਪੱਥਰ ਹੇਠਾਂ ਸਾਰੀ ਰਾਤ ਦੱਬੀ ਰਹੀ ਤੇ ਅਜੇ ਵੀ ਕਹਿੰਦੀ ਹੈ ਕਿ ਰਾਤ ਸੁੱਖ ਨਾਲ ਬੀਤੀ। ਇਹ ਦੁੱਖ ਨੂੰ ਦੁੱਖ ਨਹੀਂ ਸਮਝਦੀ, ਪਰ ਮੈਂ ਇਸ ਦਾ ਸੁੱਖ ਦੁੱਖ ਵਿਚ ਬਦਲ ਕੇ ਹੀ ਰਹਾਂਗਾ। ਜਲਾਦ ਨੇ ਬੱਚਾ ਉਸ ਦੀ ਗੋਦ ਵਿਚੋਂ ਫੜ ਲਿਆ ਤੇ ਵੇਖਦਿਆਂ ਹੀ ਵੇਖਦਿਆਂ ਉਸ ਨੇ ਬੱਚਾ ਉਤਾਂਹ ਵੱਲ ਅਸਮਾਨ ਨੂੰ ਸੁੱਟ ਦਿੱਤਾ। ਬੱਚਾ ਜਦੋਂ ਥੱਲੇ ਡਿੱਗਣ ਲੱਗਾ ਤੇ ਜਲਾਦ ਨੇ ਨੇਜ਼ਾ ਖੜਾ ਕਰ ਦਿੱਤਾ। ਔਰ ਮਾਂ ਦੇ ਨੇਤਰਾਂ ਦੇ ਸਾਹਮਣੇ ਵੇਖਦਿਆਂ-ਵੇਖਦਿਆਂ ਨੇਜ਼ਾ ਬੱਚੂ ਦੇ ਪੇਟ ਤੋਂ ਪਾਰ ਲੰਘ ਗਿਆ। ਨੇਜ਼ੇ ਉਤੇ ਟੰਗਿਆ ਹੋਇਆ ਉਸ ਦਾ ਬੱਚਾ ਦੋ ਕੁ ਮਿੰਟ ਤੜਪਿਆ। ਜਲਾਦ ਨੇ ਬੱਚੇ ਨੂੰ ਧਰਤੀ ਉਤੇ ਰੱਖ ਕੇ, ਉਸ ਦੇ ਸੀਨੇ ਤੇ ਪੈਰ ਰੱਖ ਕੇ ਖਿੱਚ ਕੇ ਨੇਜ਼ਾ ਕੱਢਿਆ ਅਤੇ ਫਿਰ ਗੰਡਾਸਾ ਲੈ ਕੇ ਉਸ ਦੇ ਟੋਟੇ ਟੋਟੇ ਕਰ ਕੇ ਤੇ ਰੱਸੀ ਵਿਚ ਬੰਨ੍ਹ ਕੇ ਤੇ ਉਸ ਦੀ ਮਾਂ ਦੇ ਗਲ ਵਿਚ ਉਹ ਹਾਰ ਪਾ ਦਿੱਤਾ। ਜਿਸ ਨੂੰ ਆਪਣੀ ਗੋਦ ਵਿਚ ਲੋਰੀਆਂ ਸੁਣਾਉਂਦੀ ਸੀ, ਹੁਣ ਉਸ ਨੂੰ ਗਰਦਨ ਦੀ ਪੀਂਘ ਵਿਚ ਹੁਲਾਰੇ ਦੇਹ, ਉਸ ਨੂੰ ਗਰਦਨ ਦੀ ਪੀਂਘ ਵਿਚ ਝੂਟੇ ਦੇਹ। ਅੱਧੀ ਰੋਟੀ ਤੇ ਪਾਣੀ ਦਾ ਪਿਆਲਾ ਰੱਖ ਕੇ ਤੇ ਸਵਾ ਮਣ ਦਾਣੇ ਰੱਖ ਕੇ ਕਿਹਾ, "ਅੰਮ੍ਰਿਤ ਵਾਲੇ ਦੀ ਬੱਚੀਏ! ਕਲਗੀ ਵਾਲੇ ਦੀ ਬੱਚੀਏ, ਇਸ ਨੂੰ ਪੀ।" ਜਿਸ ਦੇ ਗਲ ਵਿਚ ਆਪਣੇ ਜਿਗਰ ਦੇ ਟੁੱਕੜੇ ਦਾ ਹਾਰ ਪਿਆ ਹੋਇਆ ਹੈ, ਉਸ ਦੇ ਗਲ ਵਿਚੋਂ ਦੀ ਰੋਟੀ ਲੰਘ ਜਾਊਗੀ! ਜਿਸ ਦੇ ਬੱਚੇ ਦੇ ਟੋਟੇ ਰੱਸੀ ਵਿਚ ਬੰਨ੍ਹ ਕੇ ਪਾਏ ਹੋਏ ਹੋਣ, ਉਸ ਦੇ ਗਲੇ 'ਚੋਂ ਪਾਣੀ ਦਾ ਘੁੱਟ ਲੰਘ ਜਾਊਗਾ!

ਉਸ ਨੇ ਅਰਦਾਸ ਕੀਤੀ, ਆਪਣੇ ਕਲਗੀ ਵਾਲੇ ਬਾਪੂ ਦਾ ਆਸਰਾ ਲਿਆ ਤੇ ਉਸ ਨੇ ਫਿਰ ਚੱਕੀ ਵਿਚ ਦਾਣੇ ਪੀਸਣੇ ਸ਼ੁਰੂ ਕੀਤੇ। ਜਿਸ ਵਕਤ ਉਹ ਚੱਕੀ ਨੂੰ ਘੁਮਾਉਣ ਲਈ ਅਗਾਂਹ ਨੂੰ ਵਧੇ ਤਾਂ ਉਸ ਦੇ ਗਲ ਵਿਚ ਬੱਚੇ ਦੇ ਪਏ ਹੋਏ ਟੋਟੇ ਸੀਨੇ ਤੋਂ ਅਗਾਂਹ ਵੱਲ ਨੂੰ ਹੋਣ। ਫਿਰ ਇਸ ਨੇ ਚੱਕੀ ਪੀਸਦੀ ਹੋਈ ਨੇ ਅਰਦਾਸ ਕੀਤੀ ਕਿ ਅੰਮ੍ਰਿਤਧਾਰੀ ਬਾਪ ਦੇ ਬੇਟਿਆ, ਅੰਮ੍ਰਿਤਧਾਰੀ ਬਾਪ ਦੀ ਕਮਾਈ ਖਾਣ ਵਾਲੇ ਬੱਚਿਆ, ਤੇਰੇ ਤੇ ਨਿਰੰਕਾਰ ਦਾ ਭਾਣਾ ਵਰਤਿਆ, ਮੇਰੇ ਸਾਹਮਣੇ ਵਰਤਿਆ ਤੇ ਤੂੰ ਮਿੱਠਾ ਕਰ ਕੇ ਮੰਨ ਲਿਆ। ਅੰਮ੍ਰਿਤਧਾਰੀ ਬਾਪ ਦੇ ਬੇਟਿਆ, ਤੂੰ ਪਤਿਤ ਨਾ ਹੋਇਆ, ਤੇਰਾ ਸਿੱਖੀ ਸਿਦਕ ਨਾ ਡੋਲਿਆ। ਕਿਤੇ ਮੈਨੂੰ ਵੀ ਤੂੰ ਉਡੀਕ ਲੈ। ਮੈਂ ਅਰਦਾਸ ਕਰਦੀ ਹਾਂ ਕਿ ਅਗਲਾ ਗੰਡਾਸਾ ਮੇਰੇ ਸੀਨੇ ਵਿੱਚ ਵੱਜੇ ਤੇ ਫਿਰ ਅਸੀਂ ਦੋਨੋਂ ਇਕੱਠੇ ਕਲਗੀ ਵਾਲੇ ਬਾਪੂ ਕੋਲ ਜਾਵਾਂਗੇ। ਇਹ ਸੀ ਇਕ ਮਾਂ ਦੀ ਬੰਦਗੀ ਆਪਣੇ ਪ੍ਰਭੂ ਲਈ। ਇਹ ਸੀ ਮਿਲਣ ਦੀ ਤੜਪ ਆਪਣੇ ਵਾਹਿਗੁਰੂ ਲਈ। ਔਰ ਇਹ ਸੀ ਇਕ ਮਾਂ ਦਾ ਪਿਆਰ ਆਪਣੇ ਬੱਚੇ ਲਈ। ਲੇਕਿਨ ਇੰਨਾ ਕੁਝ ਹੋਣ ਦੇ ਬਾਵਜੂਦ ਵੀ, ਇੰਨਾ ਕੁਝ ਵਾਪਰਨ ਦੇ ਬਾਅਦ ਵੀ ਉਸ ਨੇ ਆਪਣੇ ਵਾਹਿਗੁਰੂ ਦਾ ਪੱਲਾ ਨਹੀਂ ਛੱਡਿਆ, ਉਸ ਨੇ ਆਪਣੇ ਵਾਹਿਗੁਰੂ ਦਾ ਆਸਰਾ ਨਹੀਂ ਛੱਡਿਆ। ਇਥੋਂ ਤੱਕ ਕਿ ਉਸ ਨੇ ਆਪਣੇ ਵਾਹਿਗੁਰੂ ਦਾ ਨਾਮ ਜਪਣਾ ਨਹੀਂ ਛੱਡਿਆ। ਇਹ ਸੀ ਇਕ ਸੱਚੀ ਲਗਨ, ਸੱਚੀ ਭਗਤੀ ਆਪਣੇ ਪ੍ਰਭੂ

ਲਈ। ਉਸ ਨੇ ਇੰਨੇ ਦੁੱਖ ਆਉਣ ਤੇ ਵੀ ਆਪਣਾ ਰੋਜ਼ ਦਾ ਨਿਤਨੇਮ ਕਰਨਾ ਨਹੀਂ ਛੱਡਿਆ, ਆਪਣਾ ਕੰਮ ਕਰਨਾ ਨਹੀਂ ਛੱਡਿਆ। ਉਸ ਨੇ ਰੱਬ ਦਾ ਭਾਣਾ ਮਿੱਠਾ ਕਰਕੇ ਮੰਨਿਆ। ਉਸ ਨੇ ਆਪਣੇ ਤੇ ਆਏ ਹਰ ਦੁੱਖ ਨੂੰ ਸੁੱਖ ਸਮਝਿਆ। ਆਪਣੇ ਬੱਚੇ ਦੇ ਮਰਨ ਨੂੰ ਵੀ ਉਸ ਨੇ ਪ੍ਰਭੂ ਦਾ ਭਾਣਾ ਹੀ ਸਮਝਿਆ। ਇਹ ਸੀ ਇਕ ਸੱਚੀ ਲਗਨ ਆਪਣੇ ਕਲਗੀਧਰ ਪਾਤਸ਼ਾਹ ਵਾਸਤੇ ਉਸ ਦੇ ਮਨ ਵਿਚ।

ਸੋ ਗੁਰਸਿੱਖੋ ! ਸਾਨੂੰ ਇਸ ਤੋਂ ਇਹੀ ਸਿੱਖਿਆ ਮਿਲਦੀ ਹੈ ਕਿ ਸਾਨੂੰ ਭਾਵੇਂ ਕਿੰਨੇ ਹੀ ਦੁੱਖਾਂ ਨੇ ਕਿਉਂ ਨਾ ਘੇਰਿਆ ਹੋਵੇ, ਸਾਡੇ ਤੇ ਭਾਵੇਂ ਦੁੱਖਾਂ ਦਾ ਪਹਾੜ ਕਿਉਂ ਨਾ ਪਿਆ ਹੋਵੇ, ਪਰ ਸਾਨੂੰ ਆਪਣੇ ਵਾਹਿਗੁਰੂ ਦਾ ਪੱਲਾ ਨਹੀਂ ਛੱਡਣਾ ਚਾਹੀਦਾ, ਉਸ ਦੀ ਬਾਣੀ ਨੂੰ ਨਹੀਂ ਛੱਡਣਾ ਚਾਹੀਦਾ। ਇਕ ਦਿਨ ਉਹ ਆਪ ਹੀ ਇਨ੍ਹਾਂ ਦੁੱਖਾਂ ਨੂੰ ਸੁੱਖਾਂ ਵਿਚ ਤਬਦੀਲ ਕਰੇਗਾ।

# ਸ਼ਹਾਦਤ ਦਾ ਜਾਮ

ਗੁਰੂ ਕੀ ਪਰਮ ਸਤਿਕਾਰ-ਯੋਗ ਸਾਧਸੰਗਤ ਜੀ ! ਤੁਸੀਂ ਵੱਡੇ ਭਾਗਾਂ ਵਾਲੇ ਹੋ ਜੋ ਆਪਣਾ ਕੀਮਤੀ ਤੋਂ ਕੀਮਤੀ ਸਮਾਂ ਇਸ ਸਤਿਸੰਗਤ ਵਿਚ ਲਾਉਂਦੇ ਹੋ। ਇਸੇ ਤਰ੍ਹਾਂ 'ਧੰਨ ਗੁਰੂ ਤੇਗ ਬਹਾਦਰ ਜੀ' ਜਿਨ੍ਹਾਂ ਨੂੰ ਕਹਿ ਦੇਈਏ ਕਿ ਬੈਰਾਗ ਦੇ ਸਮੁੰਦਰ ਹਨ। ਇਹ ਕਿੰਨੇ ਸਾਲ ਬਾਬੇ ਬਕਾਲੇ ਵਿਚ ਭੋਰੇ ਦੇ ਅੰਦਰ ਤੱਪ ਕਰਦੇ ਰਹੇ। ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਨੇ ਦਿੱਲੀ ਵਿਖੇ ਬਚਨ ਕੀਤੇ, ਉਹ ਵੀ ਸਿੱਖ ਸੰਗਤਾਂ ਦੇ ਪੁੱਛਣ ਤੇ ਕਿ ਜਦੋਂ ਧੰਨ ਗੁਰੂ ਤੇਗ ਬਹਾਦਰ ਜੀ ਨੂੰ ਮੱਖਣ ਸ਼ਾਹ ਨੇ ਪ੍ਰਗਟ ਕੀਤਾ ਤੇ ਧੀਰਮੱਲੀਆਂ ਨੇ ਗੁਰੂ ਜੀ ਨੂੰ ਜਾਨ ਤੋਂ ਮਾਰਨ ਵਾਸਤੇ ਗੋਲੀ ਦਾ ਨਿਸ਼ਾਨਾ ਵੀ ਬਣਾਇਆ। ਪਰ ਜਿਹੜੇ ਕਿਸੇ ਨੂੰ ਕੁਝ ਕਹਿੰਦੇ ਹੀ ਨਹੀਂ ਸਿਰਫ ਅਕਾਲ-ਪੁਰਖ ਵਾਹਿਗੁਰੂ ਦੀ ਬੰਦਗੀ ਹੀ ਕਰਦੇ ਹਨ ਤੇ ਜਿਹੜੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਬਿਰਾਜਮਾਨ ਹਨ ਔਰ ਜਿਹੜੇ ਪ੍ਰਚਾਰ ਕਰ ਰਹੇ ਹਨ ਕਿ ਮਨੁੱਖਤਾ ਦਾ ਕੰਮ ਕੀ ਹੈ ? ਮਨੁੱਖਤਾ ਦਾ ਪ੍ਰਯੋਜਨ ਕੀ ਹੈ, ਇਸ ਚੌਰਾਸੀ ਤੋਂ ਬਚਾਉ ਕਿਵੇਂ ਹੋ ਸਕਦਾ ਹੈ ਤੇ ਪਰਮੇਸ਼ਰ ਦੀ ਪ੍ਰਾਪਤੀ ਕਿਸ ਤਰ੍ਹਾਂ ਹੋ ਸਕਦੀ ਹੈ ? ਇਹ ਕੇਵਲ ਤੇ ਕੇਵਲ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਘਰ ਦਾ ਮਿਸ਼ਨ ਹੈ। ਔਰ ਅਗਰ ਪਰਮੇਸ਼ਰ ਵਾਹਿਗੁਰੂ ਦਾ ਸੰਦੇਸ਼ ਵੀ ਮਨੁੱਖ ਤੱਕ ਪਹੁੰਚਾਣਾ ਗੁਨਾਹ ਮੰਨਿਆ ਜਾਂਦਾ ਹੈ ਤਾਂ ਫਿਰ ਗੁਰਮੁਖ ਪਿਆਰਿਓ ਸ਼ਸਤਰਾਂ ਦੀ ਓਟ ਲੈਣੀ ਜ਼ਰੂਰੀ ਹੈ। ਔਰ ਜਦੋਂ ਧੰਨ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਕਸ਼ਮੀਰ ਤੋਂ ਆਪਣੇ ਬੋਦੀਆਂ ਤੇ ਤਿਲਕ ਜੰਞੂ ਦੀ ਰਾਖੀ ਵਾਸਤੇ ਆਕਾਸ਼ਵਾਣੀ ਰਾਹੀਂ ਇਹ ਆਵਾਜ਼ ਪ੍ਰਾਪਤ ਹੋਈ ਤਾਂ ਉਹ ਗੁਰੂ ਜੀ ਕੋਲ ਪਹੁੰਚੇ। ਫਿਰ ਗੁਰੂ ਤੇਗ ਬਹਾਦਰ ਜੀ ਨੇ ਕਿਹਾ, ਜੋ ਕਿ ਹਿੰਦੂ ਧਰਮ ਨਾਲ ਵੀ ਸਬੰਧਿਤ ਹੈ :

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥* *(ਪੰਨਾ ੬੬੩)*

ਜਦੋਂ ਧੰਨ ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਦੀ ਪੁਕਾਰ ਸੁਣੀ ਤਾਂ ਗੰਭੀਰ ਹੋ ਗਏ ਤੇ ਸੋਚਣ ਲੱਗ ਪਏ ਔਰ ਵੇਖਿਆ ਕਿ ਬਾਲ ਗੋਬਿੰਦ ਰਾਇ ਕੋਲ ਖੇਡ ਰਹੇ ਹਨ। ਉਹਨਾਂ ਨੇ ਪਿਤਾ ਜੀ ਦੇ ਚਿਹਰੇ ਤੇ ਉਦਾਸੀ ਵੇਖ ਕੇ ਕਿਹਾ, "ਪਿਤਾ ਜੀ, ਕੀ ਗੱਲ ਹੈ ?" ਤਾਂ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਇਹ ਕਸ਼ਮੀਰੀ ਪੰਡਿਤ ਹਨ, ਤੇ ਔਰੰਗਜ਼ੇਬ ਇਹਨਾਂ ਨੂੰ ਤੰਗ ਕਰਦਾ ਪਿਆ ਹੈ। ਇਹਨਾਂ ਦੇ ਮੰਦਿਰ ਢਾਹ ਕੇ ਮਸੀਤਾਂ ਬਣਾ ਰਿਹਾ ਹੈ। ਇਹਨਾਂ ਨੂੰ ਆਪਣੇ ਧਰਮ ਦਾ ਖਤਰਾ

ਹੈ। ਆਪਣੇ ਧਰਮ ਦੀ ਰਖਵਾਲੀ ਵਾਸਤੇ ਇਹ ਇਥੇ ਆਏ ਹਨ। ਬਾਲ ਗੋਬਿੰਦ ਰਾਇ ਨੇ ਪੁੱਛਣਾ ਕੀਤਾ, ਪਿਤਾ ਜੀ! ਫਿਰ ਕੀ ਹੱਲ ਹੈ? ਇਹਨਾਂ ਦਾ ਧਰਮ ਕਿਵੇਂ ਬਚਾਇਆ ਜਾ ਸਕਦਾ ਹੈ? ਗੁਰੂ ਤੇਗ ਬਹਾਦਰ ਜੀ ਨੇ ਕਿਹਾ, ਜੇਕਰ ਕੋਈ ਸੂਰਮਾ ਇਨ੍ਹਾਂ ਦਾ ਧਰਮ ਬਚਾਉਣ ਬਦਲੇ ਆਪਣਾ ਬਲੀਦਾਨ ਦੇਵੇ ਤਾਂ ਇਨ੍ਹਾਂ ਦਾ ਧਰਮ ਬਚ ਸਕਦਾ ਹੈ। ਤਾਂ ਬਾਲ ਗੋਬਿੰਦ ਰਾਇ ਕਹਿਣ ਲੱਗੇ, ਜੇਕਰ ਤੁਹਾਡੇ ਵਰਗਾ ਸੂਰਮਾ ਇਨ੍ਹਾਂ ਜ਼ਾਲਮਾਂ ਦੇ ਸਿਰ ਭੰਨੇ ਤੇ ਉਹਨਾਂ ਨਾਲ ਟਾਕਰਾ ਕਰੇ। ਔਰ ਅਗਰ ਇਨ੍ਹਾਂ ਦੀ ਬਜਾਇ ਕੋਈ ਹੋਰ ਹੁੰਦਾ ਤਾਂ ਕਹਿੰਦਾ ਸਾਨੂੰ ਸੋਚਣ ਦੀ ਕੀ ਲੋੜ ਹੈ? ਸਾਨੂੰ ਫਿਕਰ ਕਰਨ ਦੀ ਕੀ ਲੋੜ ਹੈ? ਪਰ ਇਹ ਗੁਰੂ ਨਾਨਕ ਦੇਵ ਮਹਾਰਾਜ ਜੀ ਦਾ ਘਰ ਹੈ। ਜਿਸ ਘਰ ਨੂੰ ਇਹ ਮਾਣ ਹਾਸਿਲ ਹੈ ਕਿ:

*"ਇਹ, ਨਿਆਸਰਿਆਂ ਦਾ ਆਸਰਾ ਹੈ*
*ਨਿਧਿਰਿਆਂ ਦੀ ਧਿਰ ਹੈ*
*ਨਿਓਟਿਆਂ ਦੀ ਓਟ ਹੈ*
*ਨਿਤਾਣਿਆਂ ਦਾ ਤਾਣ ਹੈ*
*ਨਿਮਾਣਿਆਂ ਦਾ ਮਾਣ ਹੈ।"*

ਤਾਂ ਗੋਬਿੰਦ ਰਾਇ ਪਿਤਾ ਜੀ ਨੂੰ ਕਹਿਣ ਲੱਗੇ, "ਪਿਤਾ ਜੀ, ਫਿਰ ਦੇਰੀ ਕਿਸ ਚੀਜ਼ ਦੀ ਹੈ? ਆਪ ਜੀ ਵਰਗਾ ਪੂਰਨ ਬ੍ਰਹਮ-ਗਿਆਨੀ ਸੂਰਮਾ ਹੋਰ ਕੌਣ ਹੋ ਸਕਦਾ ਹੈ? ਅਗਰ ਇਹ ਸੀਸ ਦੇਣ ਨਾਲ ਇਹਨਾਂ ਦਾ ਧਰਮ ਬਚ ਸਕਦਾ ਹੈ ਤਾਂ ਆਪ ਆਪਣਾ ਬਲੀਦਾਨ ਦੇ ਕਰਕੇ ਇਹਨਾਂ ਦਾ ਧਰਮ ਬਚਾਉ।" ਫਿਰ ਗੁਰੂ ਜੀ ਉਹਨਾਂ ਨਾਲ ਚੱਲਣ ਲਈ ਤਿਆਰ ਹੋ ਗਏ। ਉਹ ਆਪਣੇ ਕੁਝ ਸਿੱਖ ਲੈ ਕਰਕੇ ਦਿੱਲੀ ਪਹੁੰਚ ਗਏ। ਇਸ ਜ਼ਾਲਿਮ ਔਰੰਗਜ਼ੇਬ ਨੇ ਆਪਣਾ ਕਾਰਨਾਮਾ ਕਰ ਦੇਣਾ ਕੀਤਾ ਤੇ ਉਸ ਨੇ ਦਿੱਲੀ ਚਾਂਦਨੀ ਚੌਂਕ ਦੇ ਅੰਦਰ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ। ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਦਾ ਧਰਮ ਬਚਾਉਣ ਲਈ ਆਪਣਾ ਆਪ ਕੁਰਬਾਨ ਕਰ ਦਿੱਤਾ। ਸਾਹਿਬਾਂ ਦੇ ਬਚਨ ਹਨ:

*ਕੋਊ ਹਰਿ ਸਮਾਨਿ ਨਹੀ ਰਾਜਾ॥* *(ਪੰਨਾ ੮੫੬)*

ਸਾਹਿਬ ਕਹਿੰਦੇ ਇਹ ਤਾਂ ਝੂਠੇ ਰਾਜੇ ਨੇ। ਉਹ ਇਕ ਸੱਚੇ ਸ਼ਹਿਨਸ਼ਾਹ ਦੇ ਕੋਲ ਇਕ ਝੂਠਾ ਰਾਜਾ ਆ ਜਾਵੇ ਤੇ ਉਸ ਦੇ ਆਉਣ ਤੇ, ਦਰਬਾਰ ਵਿਚ ਦਾਖਿਲ ਹੋਣ ਤੇ, ਉਸ ਦੇ ਲਈ ਜੈਕਾਰਾ ਬੁਲਾਇਆ ਜਾਵੇ, ਉਠ ਕੇ ਸਾਰੇ ਖੜੇ ਹੋਣ ਤੇ ਮਹਾਂਪੁਰਸ਼ਾਂ ਨੇ ਇਸ ਨੂੰ ਬਹੁਤ ਗਲਤ ਸਮਝਿਆ। ਉਹ ਕਹਿਣ ਲੱਗੇ, ਜਿਹੜੇ ਝੂਠੇ ਬੰਦੇ ਨੇ ਉਸ ਦੀ ਜੈ-ਜੈਕਾਰ ਹੋ ਰਹੀ ਹੈ ਤੇ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਵਾਸਤੇ ਆਪਣੀ ਜਾਨ ਗਵਾ ਦਿੱਤੀ ਉਸ ਦੀ ਕੋਈ ਕੀਮਤ ਹੀ ਨਹੀਂ, ਬਲਕਿ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਤਾਂ ਹਰ ਜਗ੍ਹਾ, ਹਰ ਧਰਮ ਵਿਚ ਲੱਗਣੀ ਚਾਹੀਦੀ ਹੈ।

ਦੁਨੀਆਂ ਤੇ ਸਭ ਤੋਂ ਅਕ੍ਰਿਤਘਣ ਕੋਈ ਹੈ ਤਾਂ ਉਹ ਕੇਵਲ 'ਮਨੁੱਖ' ਹੈ, ਜਿਹੜਾ ਕਿਸੇ ਦੇ ਕੀਤੇ ਹੋਏ ਅਹਿਸਾਨ ਭੁੱਲ ਜਾਵੇ, ਜਿਹੜਾ ਕਿਸੇ ਦੇ ਕੀਤੇ ਹੋਏ ਪਰਉਪਕਾਰ ਨੂੰ ਭੁੱਲ ਜਾਵੇ ਤੇ ਜਿਹੜਾ ਕਿਸੇ ਦੀ ਕੀਤੀ ਹੋਈ ਦਇਆ ਨੂੰ ਭੁੱਲ ਜਾਵੇ, ਜਿਹੜਾ ਕਿਸੇ ਦੀ ਕੀਤੀ ਹੋਈ ਕੁਰਬਾਨੀ ਨੂੰ ਭੁੱਲ ਜਾਵੇ। ਔਰ ਅਗਰ ਉਹ ਭੁੱਲ ਗਿਆ ਹੈ ਤਾਂ ਉਸ ਦਾ ਜੀਉਣਾ ਵੀ ਹਰਾਮ ਹੈ। ਔਰ ਦਾਸ ਇਹ ਵੀ ਅਰਜ਼ ਕਰ ਰਿਹਾ ਹੈ ਕਿ ਜਿਹੜੇ ਕਹਿ ਰਹੇ ਨੇ ਕਿ ਸ਼ਸ਼ਤਰਧਾਰੀ ਸਿੰਘ ਨਹੀਂ ਹੋਣੇ ਚਾਹੀਦੇ, ਬਲਕਿ ਸ਼ਾਂਤੀ ਦੇ ਪੁਜਾਰੀ ਹੋਣੇ ਚਾਹੀਦੇ ਨੇ। ਔਰ ਅਗਰ ਇਸੇ ਵਕਤ ਸ਼ਾਂਤੀ ਦਾ ਫਾਇਦਾ ਉਠਾ ਲਿਆ ਜਾਵੇ ਤਾਂ ਸ਼ਾਂਤੀ ਦੇ ਸਰੂਪ ਗੁਰੂ ਤੇਗ ਬਹਾਦਰ ਨੂੰ ਏਸੇ ਵਕਤ ਸ਼ਹੀਦ ਕਰ ਦਿੱਤਾ ਜਾਵੇ, ਫਿਰ ਸ਼ਸ਼ਤਰ ਚੁਕਣੇ ਜਾਇਜ਼ ਹਨ ਜਾਂ ਨਜਾਇਜ਼। ਔਰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਵੀ ਦੋਹਾਈ ਪਾ ਪਾ ਕੇ "ਗੁਰੂ ਗ੍ਰੰਥ ਸਾਹਿਬ ਜੀ" ਦੇ ਚਰਨਾਂ ਵਿੱਚ ਇਹ ਗੱਲ ਕਹੀ ਕਿ ਅਗਰ ਸ਼ਿਵ ਸੈਨਾ ਦੇ ਲੀਡਰ ਬਗੈਰ ਲਾਇਸੈਂਸ ਤੋਂ ਅਸਲੇ ਰੱਖ ਸਕਦੇ ਹਨ ਤਾਂ ਫਿਰ ਕਲਗੀਧਰ ਦਾ ਬਣਾਇਆ ਹੋਇਆ ਖਾਲਸਾ ਵੀ ਬਗੈਰ ਲਾਇਸੈਂਸ ਤੋਂ ਸ਼ਸ਼ਤਰ ਰੱਖ ਸਕਦਾ ਹੈ। ਸੰਤਾਂ ਨੇ ਇਹ ਗੱਲ ਬਾਰ-ਬਾਰ ਕਹੀ ਹੈ ਕਿ ਤੁਸੀਂ ਕੂਲਰਾਂ ਦੇ ਨਾਲੋਂ ਮੋਹ ਛੱਡ ਕੇ ਵਧੀਆ ਤੋਂ ਵਧੀਆ ਸ਼ਸ਼ਤਰ ਘਰਾਂ ਵਿਚ ਰੱਖੋ। ਕਿਉਂਕਿ ਕਲ੍ਹ ਨੂੰ ਅਗਰ ਕੋਈ ਐਸਾ ਵਕਤ ਆ ਗਿਆ ਤਾਂ ਮੋਟਰ-ਸਾਈਕਲ ਜਾਂ ਕੂਲਰਾਂ ਨੇ ਤੁਹਾਡਾ ਬਚਾਉ ਨਹੀਂ ਕਰਨਾ। ਅਗਰ ਬਚਾਉ ਕਰਨਾ ਹੈ ਤਾਂ ਉਹ ਕੇਵਲ ਸ਼ਸ਼ਤਰਾਂ ਨੇ ਕਰਨਾ ਹੈ। ਔਰ ਜਿਨ੍ਹਾਂ ਨੇ ਮੰਨ ਲਏ ਬਚਨ ਤਾਂ ਉਹਨਾਂ ਨੇ ਅਗਰ ਸ਼ਹਾਦਤ ਦਾ ਜਾਮ ਵੀ ਪੀਤਾ ਤਾਂ ਮਰਦਾਂ ਵਾਂਗੂੰ ਪੀਤਾ। ਔਰ ਜਿਨ੍ਹਾਂ ਨੇ ਮੰਨਿਆ ਕਿ ਐਵੇਂ ਸੰਤਾਂ ਦਾ ਚੋਲਾ ਪਾ ਕੇ ਸਿਰਫ ਗੱਲਾਂ ਹੀ ਕਰਦਾ ਹੈ, ਇਸ ਦਾ ਤੇ ਕੰਮ ਹੀ ਹੈ ਕੇਵਲ ਤੇ ਕੇਵਲ ਪ੍ਰਚਾਰ ਕਰਨਾ। ਉਹ ਗੁਰਸਿੱਖੋ ! ਪ੍ਰਚਾਰ ਹੀ ਤਾਂ ਕਰਦੇ ਪਏ ਨੇ, ਕੋਈ ਤੌਹੀਨ ਤਾਂ ਨਹੀਂ ਕਰ ਰਹੇ। ਅਗਰ ਤੂੰ ਆਪਣੀ ਚੌਰਾਸੀ ਕੱਟਣੀ ਹੈ ਤਾਂ ਮਰਦਾਂ ਦੀ ਮੌਤ ਮਰੀਂ, ਸ਼ਹਾਦਤ ਦਾ ਜਾਮ ਪੀਵੀਂ। ਕਹਿਣ ਤੋਂ ਭਾਵ ਕਿ ਬੈਰਾਗ ਦੀ ਮੂਰਤ ਨੂੰ ਜ਼ਾਲਿਮ ਸਰਕਾਰ ਨੇ, ਚਾਂਦਨੀ ਚੌਂਕ ਦੇ ਅੰਦਰ ਸੰਮਤ 1732 ਨੂੰ 'ਸ਼ਹਾਦਤ ਦਾ ਜਾਮ' ਪਿਲਾ ਦਿੱਤਾ ਤੇ ਜਦੋਂ ਬਾਲਕ ਗੋਬਿੰਦ ਰਾਇ ਨੂੰ ਪਤਾ ਲੱਗਾ ਤਾਂ 'ਭਾਈ ਜੈਤਾ ਜੀ' ਸੀਸ ਲੈ ਕੇ ਆਏ ਤੇ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਸਾਹਿਬਾਂ ਦਾ ਧੜ ਰੱਖ ਕੇ ਸਤਿਕਾਰ ਸਹਿਤ ਸਸਕਾਰ ਕੀਤਾ, ਔਰ ਫਿਰ ਬਾਲ ਗੋਬਿੰਦ ਰਾਇ ਨੇ ਭਾਈ ਜੈਤੇ ਨੂੰ ਪੁਛਿਆ, ਜਦੋਂ ਗੁਰੂ ਤੇਗ ਬਹਾਦਰ ਜੀ ਦਾ ਚਾਂਦਨੀ ਚੌਂਕ ਵਿਚ ਕਤਲ ਕਰ ਦਿੱਤਾ ਗਿਆ ਤਾਂ ਕਿਸੇ ਨੇ ਵੀ ਹਾਹਾਕਾਰ ਨਹੀਂ ਕੀਤੀ? ਤਾਂ ਭਾਈ ਜੈਤੇ ਨੇ ਕਿਹਾ, ਮਹਾਰਾਜ ਜੀ ! ਹਾਹਾਕਾਰ ਦਾ ਨਾਹਰਾ ਕੀ ਮਾਰਨਾ, ਬਲਕਿ ਜਿਨ੍ਹਾਂ ਜ਼ਾਲਮਾਂ ਨੇ ਇਹ ਕਾਰਾ ਕੀਤਾ ਉਹਨਾਂ ਨੇ ਇਹ ਵੀ ਗੱਲਾਂ ਕਹੀਆਂ ਕਿ ਜੇ ਕੋਈ ਗੁਰੂ ਕਾ ਸਿੱਖ ਹੈ ਤਾਂ ਆਪਣੇ ਗੁਰੂ ਦਾ ਸੀਸ ਤੇ ਧੜ ਚੁੱਕ ਲਵੇ, ਪਰ ਕੋਈ ਨੇੜੇ ਨਹੀਂ ਹੋਇਆ। ਗੁਰੂ ਜੀ ਨੇ ਕਿਹਾ ਕਿ ਦਿੱਲੀ ਸ਼ਹਿਰ ਵਿਚ ਸਿੱਖਾਂ ਦਾ ਕੋਈ ਘਰ ਨਹੀਂ ਹੈ ? ਤਾਂ ਭਾਈ ਜੈਤਾ ਜੀ ਕਹਿੰਦੇ ਕਿ

ਬਹੁਤ ਘਰ ਹਨ ਪਰ ਸਾਰੇ ਲੋਕੀਂ ਕਿਸੇ ਵੀ ਤਰ੍ਹਾਂ ਦੀ ਪਹਿਚਾਣ ਨਹੀਂ ਸੀ ਕਰ ਰਹੇ। ਉਸ ਵਕਤ ਬਾਲ ਗੋਬਿੰਦ ਰਾਇ ਨੇ ਇਹ ਬਚਨ ਕਹਿ ਦਿੱਤੇ ਕਿ ਸਮਾਂ ਆਉਣ ਤੇ ਮੈਂ ਇਹੋ ਜਿਹਾ ਬਾਣਾ ਇਨ੍ਹਾਂ ਨੂੰ ਬਖਸ਼ਾਂਗਾ ਜਿਹੜਾ ਲੱਖਾਂ ਅਤੇ ਹਜ਼ਾਰਾਂ ਦੇ ਵਿਚ ਖੜੇ ਹੋਇਆਂ ਨੂੰ ਵੀ ਪਤਾ ਲੱਗੇਗਾ ਕਿ ਕਲਗੀਧਰ ਮਹਾਰਾਜ ਜੀ ਦਾ ਇਹ ਮਹਾਨ ਸਪੁੱਤਰ ਹੈ। ਹੁਣ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਕਹੇ ਹੋਏ ਬਚਨ ਪੂਰੇ ਕੀਤੇ 1699 ਨੂੰ ਵਿਸਾਖੀ ਵਾਲੇ ਦਿਨ। ਔਰ ਜਦੋਂ ਭਰੇ ਇਕੱਠ ਵਿਚ ਕੱਢ ਕੇ ਤਲਵਾਰ ਮਿਆਨ ਵਿਚੋਂ ਤੇ ਇਹ ਮੰਗ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸਿੱਖੀ ਨੂੰ ਪਰਖਣਾ ਹੈ। ਅਗਰ ਕੋਈ ਗੁਰੂ ਕਾ ਸਿੱਖ ਹੈ ਤਾਂ ਆ ਕਰਕੇ ਇਥੇ ਸੀਸ ਦੇ ਦੇਣਾ ਕਰੇ। ਗੁਰਮੁਖ ਪਿਆਰਿਓ !

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥* (ਪੰਨਾ ੫੯੪)

ਇਹੋ ਜਿਹੀਆਂ ਘੜੀਆਂ ਬਗੈਰ ਚੰਗੇ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦੀਆਂ। ਔਰ ਅਗਰ ਮਿਲ ਜਾਣ ਤਾਂ ਮਨ ਕਰਕੇ ਕੋਸ਼ਿਸ਼ ਕਰਨਾ ਕਿ ਜਿਹੜੀ ਵੀ ਘੜੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਚਰਨਾਂ ਵਿਚ ਲੱਗ ਗਈ, ਪਤਾ ਨਹੀਂ ਕਿਸ ਸਵਾਸ ਨੇ ਤੁਹਾਡਾ ਜੰਮਣ ਅਤੇ ਮਰਨ ਕੱਟ ਦੇਣਾ ਹੈ। ਤੁਹਾਡੀਆਂ ਹਜ਼ਾਰਾਂ ਜੂਨਾਂ ਕੱਟ ਕੇ ਰੱਖ ਦੇਣੀਆਂ ਹਨ। ਸੋ ਅਗਰ ਐਸਾ ਸਮਾਂ ਮਿਲਦਾ ਹੈ ਨਾ ਗੁਰਮੁਖੋ ਤੇ ਫਿਰ ਗੁਰੂ ਦੇ ਚਰਨਾਂ ਵਿਚ ਬੈਠ ਕੇ ਇਨ੍ਹਾਂ ਘੜੀਆਂ ਦਾ ਲਾਭ ਪੂਰੀ ਤਰ੍ਹਾਂ ਲੈਣ ਦੀ ਕੋਸ਼ਿਸ਼ ਕਰਿਆ ਕਰੋ।

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥* (ਪੰਨਾ ੫੯੪)

ਹੁਣ ਤਾਂ ਸ਼ਬਦ-ਗੁਰੂ ਦੇ ਕੋਲ ਅਸੀਂ ਬੈਠੇ ਹਾਂ, ਸ਼ਬਦ-ਗੁਰੂ ਦੇ ਹੀ ਅਸੀਂ ਦਰਸ਼ਨ ਕਰਦੇ ਹਾਂ। ਜਦੋਂ ਗੁਰੂ ਜੀ ਨੂੰ ਪਤਾ ਲੱਗਾ ਕਿ ਉਹਨਾਂ ਨੇ ਆਪਣੇ ਹਾਥੀ ਨੂੰ ਜਾਣ-ਬੁੱਝ ਕੇ ਸ਼ਰਾਬ ਪਿਲਾ ਦਿੱਤੀ ਹੈ ਤੇ ਨਾਲ ਤਲਵਾਰਾਂ ਬੰਨ੍ਹ ਦਿੱਤੀਆਂ ਨੇ ਤੇ ਲੋਹਗੜ੍ਹ ਦੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਭੇਜਣ ਦੀ ਪੂਰੀ ਤਿਆਰੀ ਕੀਤੀ ਹੈ ਤਾਂ ਗੁਰੂ ਜੀ ਕਹਿੰਦੇ, ਸਾਡਾ ਹਾਥੀ ਵੀ ਤਿਆਰ ਹੈ। ਇਸ ਉਪਰੰਤ ਦੁਨੀ ਚੰਦ ਵੀ ਕੋਲ ਬੈਠਾ ਸੀ, ਜੋ ਕਿ ਸਰੀਰ ਦਾ ਕਾਫੀ ਭਾਰਾ ਸੀ। ਜਦੋਂ ਉਸ ਨੇ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਸ ਦੇ ਹੋਸ਼ ਹੀ ਉਡ ਗਏ। ਉਸ ਨੇ ਸੋਚਿਆ ਕਿ ਗੁਰੂ ਜੀ ਮੈਨੂੰ ਹਾਥੀ ਸਮਝ ਕੇ ਬਾਈਧਾਰ ਰਾਜਿਆਂ ਨਾਲ ਲੜਨ ਲਈ ਭੇਜ ਰਹੇ ਨੇ ਤਾਂ ਉਸ ਨੂੰ ਤੇ ਪਿੱਸੂ ਪੈ ਗਏ। ਉਹ ਕਦੇ ਭਾਈ ਦਇਆ ਸਿੰਘ ਕੋਲ ਜਾਏ, ਕਦੇ ਭਾਈ ਧਰਮ ਸਿੰਘ ਕੋਲ ਜਾਏ ਤੇ ਕਦੀ ਭਾਈ ਗੁਰਬਖਸ਼ ਸਿੰਘ ਕੋਲ ਜਾਂਦਾ। ਉਥੇ ਜਾ ਕੇ ਕਹਿੰਦਾ ਕਿ ਰੱਬ ਦਾ ਵਾਸਤਾ ਗੁਰੂ ਨੂੰ ਸਮਝਾਉ ਮੈਂ ਇਕ ਹਾਥੀ ਦਾ ਮੁਕਾਬਲਾ ਕਿਵੇਂ ਕਰਾਂਗਾ ! ਜਦੋਂ ਇਸ ਦੀ ਗੱਲ ਕਿਸੇ ਨੇ ਨਾ ਮੰਨੀ ਤੇ ਇਸ ਨੇ ਰਾਤ ਨੂੰ ਹੀ ਕੰਧ ਟੱਪਣ ਦੀ ਯੋਜਨਾ ਬਣਾ ਲਈ। ਔਰ ਜਦੋਂ ਰਾਤ ਨੂੰ ਦੁਨੀ ਚੰਦ ਗਾਇਬ ਹੋ ਗਿਆ ਤਾਂ ਅਗਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਜਾਉ, ਜਾ ਕੇ ਦੁਨੀ ਚੰਦ ਨੂੰ ਲਿਆਉ, ਤਾਂ ਗੁਰਸਿੱਖਾਂ

ਨੇ ਕਿਹਾ ਕਿ ਮਹਾਰਾਜ ਉਹ ਤਾਂ ਰਾਤੋ-ਰਾਤ ਕਿਲ੍ਹੇ ਦੀ ਦੀਵਾਰ ਟੱਪ ਕੇ ਭੱਜ ਗਿਆ। ਭਾਵੇਂ ਉਹ ਭਾਈ ਸਾਲ੍ਹੋ ਦਾ ਪੋਤਰਾ ਸੀ ਤੇ ਜਦੋਂ ਭੱਜ ਗਿਆ ਤੇ ਅੱਗੇ ਵੀ ਮੌਤ ਖੜੀ ਸੀ। ਜ਼ਿੰਦਗੀ ਉਸ ਨੇ ਵੀ ਨਹੀਂ ਭੋਗੀ ਤੇ ਹੁਣ ਸੂਰਬੀਰ ਜੋਧੇ ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ ਵਰਗੇ ਖੜੇ ਹਨ ਕਿ ਕਲਗੀਧਰ ਪਾਤਸ਼ਾਹ ਸਾਨੂੰ ਇਸ਼ਾਰਾ ਕਰਨ। ਅਜੇ ਨਿਗਾਹ ਹੀ ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਵੱਲ ਮਾਰੀ ਹੈ ਤਾਂ ਉਹ ਇਕ ਦਮ ਉਠ ਕੇ ਖੜਾ ਹੋ ਗਿਆ ਹੈ ਤੇ ਕਹਿੰਦਾ ਹੈ, 'ਸਤਿਗੁਰ ਜੀ! ਆਪ ਜੀ ਦੀ ਹੋਵੇ ਕ੍ਰਿਪਾ, ਆਪ ਜੀ ਦੀ ਹੋਵੇ ਅਗਰ ਬਖਸ਼ਿਸ਼ ਤਾਂ ਬਾਈ-ਧਾਰ ਰਾਜਿਆਂ ਦੇ ਹਾਥੀ ਨੂੰ ਮੂਲੀ, ਗਾਜਰਾਂ ਵਾਂਗੂੰ ਕੱਟ-ਕੱਟ ਕੇ ਲੋਹਗੜ੍ਹ ਦੇ ਦਰਵਾਜ਼ੇ ਅੱਗੇ ਢੇਰ ਲਾ ਦੇਵਾਂਗਾ।' ਇਹ ਸੁਣ ਕੇ ਕਲਗੀਧਰ ਮਹਾਰਾਜ ਜੀ ਬੜੇ ਖੁਸ਼ ਹੋਏ ਤੇ ਉਨ੍ਹਾਂ ਨੇ ਵਧੀਆ ਘੋੜਾ ਦੇਣਾ ਕੀਤਾ ਤੇ ਇਧਰ ਹਾਥੀ ਆ ਰਿਹਾ ਹੈ ਤੇ ਨਾਲੇ ਕੇਸਰੀ ਚੰਦ ਵੀ ਆ ਰਿਹਾ ਹੈ। ਔਰ ਅੱਜ ਦੀਆਂ ਸਰਕਾਰਾਂ ਇਹ ਸਮਝ ਜਾਂਦੀਆਂ ਨੇ ਕਿ ਬੱਸ ਹੁਣ ਸਿੱਖੀ ਸਰੂਪ ਖਤਮ ਹੈ। ਹੁਣ ਇਹ ਸਿੰਘ ਖਤਮ ਹਨ, ਹੁਣ ਇਹ moment ਖਤਮ ਹੈ। ਗੁਰਮੁਖ ਪਿਆਰਿਓ, ਸੱਤ ਅਤੇ ਸੌਤਿਆ ਦੀ ਹਮੇਸ਼ਾ ਲੜਾਈ ਰਹੀ ਹੈ ਤੇ ਆਖਿਰ ਜਿਹੜੀ ਜਿੱਤ ਹੁੰਦੀ ਹੈ ਉਹ ਸੱਤ ਦੀ ਹੁੰਦੀ ਹੈ। ਔਰ ਜਿਹੜੀ ਸੌਤਿਆ ਹੈ ਉਸ ਨੂੰ ਹਮੇਸ਼ਾ ਝੁਕਣਾ ਪੈਂਦਾ ਹੈ ਤੇ ਹਾਰ ਦਾ ਮੂੰਹ ਉਸ ਨੂੰ ਵੇਖਣਾ ਪੈਂਦਾ ਹੈ। ਗੁਰਮੁਖੋ! ਹੁਣ ਭਾਈ ਬਚਿੱਤਰ ਸਿੰਘ ਲੈ ਕੇ ਥਾਪੜਾ ਦਸਮੇਸ਼ ਪਿਤਾ ਜੀ ਕੋਲੋਂ ਤੇ ਖਿੱਚ ਕੇ ਘੋੜੇ ਦੀਆਂ ਵਾਗਾਂ ਤੇ ਕਿਲ੍ਹੇ ਲੋਹਗੜ੍ਹ ਦੇ ਦਰਵਾਜ਼ੇ ਦੇ ਅੰਦਰਲੇ ਪਾਸੇ ਖੜਾ ਹੈ ਤੇ ਕੁੰਡੇ ਨੂੰ ਪਾ ਲਿਆ ਹੈ ਹੱਥ। ਹਾਥੀ ਸ਼ਰਾਬ ਦੇ ਨਸ਼ੇ ਵਿਚ, ਗਰੂਰ ਵਿਚ ਨੱਸਾ ਆ ਰਿਹਾ ਹੈ ਤੇ ਹਾਥੀ ਬਾਰੇ ਕਹਿਣਾ ਹੈ ਕਿ ਜਿੰਨੀ ਵੀ ਇਸ ਨੂੰ ਸ਼ਰਾਬ ਪਿਲਾ ਦੇਵੋ, ਓਨਾ ਹੀ ਇਹ ਅਕਲ ਦਾ ਕੰਮ ਕਰੇਗਾ ਤੇ ਮਨੁੱਖ ਜਿੰਨੀ ਵੀ ਪੀ ਲਵੇ ਓਨਾ ਹੀ ਇਹ ਗਧੇ ਵਰਗਾ ਕੰਮ ਕਰੇਗਾ।

ਗੁਰਮੁਖ ਪਿਆਰਿਓ! ਹਾਥੀ ਆ ਗਿਆ ਤੇ ਜਦੋਂ ਹੀ ਉਹ ਦਰਵਾਜ਼ੇ ਦੇ ਸਾਹਮਣੇ ਆਇਆ ਤੇ ਬਚਿੱਤਰ ਸਿੰਘ ਨੇ ਇਕ ਹੱਥ ਨਾਲ ਦਰਵਾਜ਼ਾ ਖੋਲ੍ਹਿਆ ਤੇ ਦੂਜੇ ਹੱਥ ਨਾਲ ਘੋੜੇ ਦੀਆਂ ਵਾਗਾਂ ਖਿੱਚ ਕੇ ਤੇ ਘੋੜੇ ਦੇ ਦੋਵੇਂ ਪੈਰ ਹਾਥੀ ਦੀ ਸੁੰਢ ਤੇ ਰੱਖੇ ਜਿਥੋਂ ਕਿ ਸੁੰਢ ਸ਼ੁਰੂ ਹੁੰਦੀ ਸੀ ਤੇ ਇੰਨੀ ਜ਼ੋਰ ਨਾਲ ਉਸ ਦੇ ਨਾਗਿਨੀ ਮਾਰੀ ਕਿ ਫੌਲਾਦ ਦੀਆਂ ਸੱਤ ਤੱਵੀਆਂ ਪਾੜ ਕੇ ਇਸ ਹਾਥੀ ਦੇ ਮੱਥੇ ਤੋਂ ਚਰਬੀ ਕੱਢ ਲਿਆਂਦੀ। ਔਰ ਜਦੋਂ ਗੁਰਮੁਖ ਪਿਆਰਿਓ! ਹਾਥੀ ਦਾ ਸਿਰ ਪਾੜਿਆ ਗਿਆ ਤਾਂ ਹਾਥੀ ਪਿਛਾਂਹ ਨੂੰ ਡਿੱਗ ਪਿਆ। ਜਦੋਂ ਕੇਸਰੀ ਚੰਦ ਨੇ ਵੇਖਿਆ ਕਿ ਉਹਨਾਂ ਦਾ ਹਾਥੀ ਡਿੱਗ ਪਿਆ ਹੈ ਤਾਂ ਕੇਸਰੀ ਚੰਦ ਨੇ ਬਾਹਰ ਖੜੇ ਸਿੰਘ ਮਾਰਨੇ ਸ਼ੁਰੂ ਕਰ ਦਿੱਤੇ ਤਾਂ ਉਦੈ ਸਿੰਘ ਵੀ ਤਲਵਾਰ ਲੈ ਕੇ ਆ ਗਿਆ ਤੇ ਉਸ ਨੇ ਆਉਂਦਿਆਂ ਹੀ ਕੇਸਰੀ ਚੰਦ ਦਾ ਸਿਰ ਕਤਲ ਕਰ ਦਿੱਤਾ। ਔਰ ਸੀਸ ਲਿਆ ਕੇ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿਚ ਰੱਖ ਦਿੱਤਾ। ਸਤਿਗੁਰਾਂ ਦੇ ਕੋਲ ਭਾਈ ਬਚਿੱਤਰ ਸਿੰਘ ਰਹਿੰਦਾ ਸੀ, ਦਰਸ਼ਨ ਵੀ ਭਾਈ ਬਚਿੱਤਰ ਸਿੰਘ ਕਰਦਾ ਸੀ, ਲੰਗਰ ਦਾ ਪਰਸ਼ਾਦਾ ਵੀ ਭਾਈ ਬਚਿੱਤਰ ਸਿੰਘ

ਛਕਦਾ ਸੀ ਤੇ ਸਤਿਗੁਰਾਂ ਦੇ ਅੰਮ੍ਰਿਤ-ਮਈ ਬਚਨ ਵੀ ਭਾਈ ਬਚਿੱਤਰ ਸਿੰਘ ਸਰਵਣ ਕਰਦਾ ਸੀ ਤੇ ਇਹ ਸਭ ਕੁਝ ਭਾਈ ਸਾਲ੍ਹੋ ਦਾ ਪੋਤਰਾ ਦੁਨੀ ਚੰਦ ਵੀ ਕਰਦਾ ਸੀ, ਪਰ ਦੁਨੀ ਚੰਦ ਦੀ ਜ਼ਮੀਰ ਵੇਖੋ ਤੇ ਭਾਈ ਬਚਿੱਤਰ ਸਿੰਘ ਦਾ ਹੌਂਸਲਾ ਵੇਖੋ। ਕਲਗੀਧਰ ਸੱਚੇ ਪਾਤਸ਼ਾਹ ਜੀ ਨੇ ਜਦੋਂ ਸਿੱਖੀ ਪਰਖ ਦੀ ਮਾਰੀ ਆਵਾਜ਼ ਤਾਂ ਸਾਡੇ ਵਰਗੇ ਡਰਪੋਕ ਗਿੱਦੜਾਂ ਨੇ ਮਾਤਾ ਗੁਜਰੀ ਜੀ ਨੂੰ ਕਹਿਣਾ ਕੀਤਾ ਕਿ ਰੱਬ ਦਾ ਵਾਸਤਾ ਗੁਰਤਾ-ਗੱਦੀ ਦਾ ਤਿਲਕ ਸਾਹਿਬਜ਼ਾਦਾ "ਅਜੀਤ ਸਿੰਘ" ਨੂੰ ਲਾ ਦੇਵੋ, ਕਿਉਂਕਿ ਬਾਲ ਗੋਬਿੰਦ ਰਾਇ ਦੀ ਮੱਤ ਨੂੰ ਪਤਾ ਨਹੀਂ ਕੀ ਹੋ ਗਿਆ ਤੇ ਜਦੋਂ ਮਾਤਾ ਗੁਜਰੀ ਨੇ ਬਚਨ ਸੁਣਾਏ ਨਾ ਗੋਬਿੰਦ ਰਾਇ ਨੂੰ ਤੇ ਉਸ ਵਕਤ ਗੋਬਿੰਦ ਰਾਇ ਨੇ ਇਹ ਬਚਨ ਕਹੇ ਕਿ :

*ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥*
*ਅਰੁ ਸਿੱਖ ਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥*

*(ਦਸਮ ਗ੍ਰੰਥ, ਪੰਨਾ ੯੯)*

ਤੇ ਜਦੋਂ ਇਹੋ ਜਿਹਾ ਸਮਾਂ ਆ ਜਾਵੇ ਤਾਂ ਸਿੱਖੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਭਾਵ ਕਿ ਆਪਣੇ ਰੂਪ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਕੀ ਕਹਿੰਦੇ ਹੋ ਤੁਸੀਂ ? ਗੁਰੂ ਗੋਬਿੰਦ ਸਿੰਘ ਜੀ ਆਪਣੀ ਮਾਤਾ ਜੀ ਨੂੰ ਇਹ ਬਚਨ ਕਹਿ ਰਹੇ ਹਨ ਕਿ ਮੈਂ ਕਿਸੇ ਵੀ ਕੀਮਤ ਤੇ ਨਹੀਂ ਟਲ ਸਕਦਾ, ਕਿਉਂਕਿ :

*ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥*

*(ਦਸਮ ਗ੍ਰੰਥ, ਪੰਨਾ ੫੭)*

ਭਾਵ ਕਿ ਮੈਨੂੰ ਪਰਮੇਸ਼ਰ ਵਾਹਿਗੁਰੂ ਨੇ ਭੇਜਿਆ ਤੇ ਜਦੋਂ ਤੀਸਰਾ ਬਚਨ ਗੁਰੂ ਗੋਬਿੰਦ ਰਾਇ ਨੇ ਕੇਸਗੜ੍ਹ ਦੇ ਮੈਦਾਨ ਵਿਚ ਕਹਿਣਾ ਕੀਤਾ ਤੇ ਫਿਰ ਦਇਆ ਰਾਮ ਜੀ ਉਠੇ 'ਲਾਹੌਰ' ਤੋਂ, ਧਰਮ ਚੰਦ ਜੀ ਉਠੇ 'ਦਿੱਲੀ' ਤੋਂ ਤੇ ਬਾਕੀ ਮੋਹਕਮ ਚੰਦ ਜੀ, ਸਾਹਿਬ ਚੰਦ ਜੀ। ਆਪ ਸਭ ਨੇ ਵਿਸਾਖੀ ਦਾ ਦਿਹਾੜਾ ਮਨਾਇਆ ਤੇ ਕਲਗੀਧਰ ਦਸਮੇਸ਼ ਪਿਤਾ ਜੀ ਨੇ ਭਾਈ ਜੈਤੇ ਜੀ ਨੂੰ ਜੋ ਬਚਨ ਕਹੇ ਉਹ ਉਹਨਾਂ ਪੂਰੇ ਕਰਕੇ ਦਿਖਾਏ। ਔਰ ਇਹ ਬਚਨ ਕਹਿ ਦਿੱਤਾ ਕਿ :

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥*

ਜਿਹੜੀ ਆਪਣੇ ਆਪ ਨੂੰ ਵਰਲਡ ਦੀ ਪਾਵਰ ਕਹਿੰਦੀ ਹੈ ਨਾ ਤੇ ਉਥੋਂ ਦੇ ਸਿਪਾਹੀ ਜਾਂ ਫੌਜੀ ਨੂੰ ਪੁੱਛ ਕੇ ਦੇਖਿਓ ਕਿ ਉਸ ਨੂੰ ਆਪਣੇ ਆਪ ਤੇ ਕਿੰਨਾ ਕੁ ਮਾਣ ਹੈ ! ਔਰ ਜਿਹੜਾ ਅਕਾਲ-ਪੁਰਖ ਪਰਮੇਸ਼ਰ ਦਾ ਸਿਪਾਹੀ ਹੋਵੇ ਤੇ ਉਸ ਨੂੰ ਆਪਣੇ ਆਪ ਤੇ ਕਿੰਨਾ ਕੁ ਮਾਣ

ਹੋਣਾ ਚਾਹੀਦਾ ਹੈ, ਉਸ ਦੇ ਹੌਂਸਲੇ ਕਿੰਨੇ ਕੁ ਬੁਲੰਦ ਹੋਣੇ ਚਾਹੀਦੇ ਨੇ। ਤੇ ਜਦੋਂ ਸਮਾਂ ਆਉਣ ਤੇ ਕਲਗੀਧਰ ਪਾਤਿਸ਼ਾਹ ਜੀ ਨੂੰ 'ਸ੍ਰੀ ਆਨੰਦਪੁਰ ਸਾਹਿਬ' ਦੀ ਪਾਵਨ ਅਤੇ ਪਵਿੱਤਰ ਧਰਤੀ ਨੂੰ ਛੱਡਣਾ ਪੈ ਗਿਆ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਣੇ ਧਰਮ ਦੀਆਂ ਕਸਮਾਂ ਲਿਖਤੀ ਰੂਪ ਵਿਚ ਖਾਧੀਆਂ। ਔਰ ਆਟੇ ਦੀ 'ਗਊ' ਬਣਾ ਕੇ 'ਆਨੰਦਪੁਰ' ਦੇ ਕਿਲ੍ਹੇ ਵਿਚ ਭੇਜਣੀ ਕੀਤੀ ਔਰ ਮੁੜ ਕੇ ਮੁੱਕਰ ਗਏ।

ਫਿਰ ਸਰਸਾ ਦੇ ਕੰਢੇ ਭਿਆਨਕ ਜੰਗ ਹੋਇਆ ਤੇ ਉਸ ਤੋਂ ਉਪਰੰਤ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਵਿਛੜ ਗਏ ਔਰ ਗੁਰੂ ਜੀ ਨੇ ਆਪ ਵੱਡੇ ਸਾਹਿਬਜ਼ਾਦਿਆਂ ਦੇ ਨਾਲ 'ਚਮਕੌਰ' ਦੇ ਅੰਦਰ ਕਿਲ੍ਹੇ-ਬੰਦੀ ਕਰ ਲਈ। ਔਰ ਦਸ ਲੱਖ ਦੀ ਫੌਜ ਜੋ ਕਿ ਅੱਠਾਂ ਮਹੀਨਿਆਂ ਦੇ ਭੁੱਖੇ ਸਨ, ਇਨ੍ਹਾਂ ਨਾਲ ਲੜਨ ਲਈ ਹਕੂਮਤ ਨੇ ਭੇਜੀ। ਇਤਿਹਾਸ ਵਿੱਚ ਪੜ੍ਹ ਲੈਣਾ ਕਿ ਚਮਕੌਰ ਦੀ ਗੜ੍ਹੀ ਦੁਆਲੇ ਦਸ ਲੱਖ ਦਾ ਘੇਰਾ ਤੇ ਅੰਦਰ ਗੁਰੂ ਗੋਬਿੰਦ ਸਿੰਘ ਜੀ, ਨਾਲ ਦੋ ਵੱਡੇ ਸਾਹਿਬਜ਼ਾਦੇ ਤੇ ਚਾਲੀ ਸਿੰਘ। ਔਰ ਜਦੋਂ ਭਿਆਨਕ ਯੁੱਧ ਸ਼ੁਰੂ ਹੋ ਗਿਆ, ਉਥੇ ਪ੍ਰਾਣਾਂ ਤੋਂ ਪਿਆਰੇ ਸਾਹਿਬੇ-ਕਮਾਲ 'ਗੁਰੂ ਗੋਬਿੰਦ ਸਿੰਘ ਜੀ' ਨੇ ਵੇਖਿਆ ਕਿ ਪ੍ਰਾਣਾਂ ਤੋਂ ਪਿਆਰੇ ਸੂਰਮੇ ਮਰਦਾਂ ਦੀ ਮੌਤ ਮਰ ਰਹੇ ਹਨ ਤੇ 'ਸ਼ਹਾਦਤ ਦਾ ਜਾਮ' ਪੀ ਰਹੇ ਹਨ। ਇਸ ਤੋਂ ਉਪਰੰਤ 'ਬਾਬਾ ਅਜੀਤ ਸਿੰਘ' ਨੇ ਵੀ ਤਿਆਰੀ ਕੀਤੀ। ਕਲਗੀਧਰ ਪਾਤਿਸ਼ਾਹ ਨੇ ਆਪਣੇ ਹੱਥੀਂ ਸ਼ਿੰਗਾਰ ਕੇ ਵੱਡੇ ਸਾਹਿਬਜ਼ਾਦੇ ਨੂੰ ਮੈਦਾਨੇ-ਜੰਗ ਵਿਚ ਭੇਜਣਾ ਕੀਤਾ। ਇਤਿਹਾਸ ਪੜ੍ਹ ਲੈਣਾ ਤੁਸੀਂ ਕਿ 'ਚੌਵੀ' ਅਵਤਾਰ 'ਵਿਸ਼ਨੂੰ' ਦੇ ਮੰਨੇ ਗਏ ਹਨ, 'ਸੱਤ' ਅਵਤਾਰ 'ਬ੍ਰਹਮਾ' ਦੇ ਮੰਨੇ ਗਏ ਹਨ ਤੇ 'ਗਿਆਰਾਂ' ਅਵਤਾਰ 'ਸ਼ਿਵਜੀ' ਦੇ ਮੰਨੇ ਗਏ ਹਨ। ਕਿਸੇ ਵੀ ਅਵਤਾਰ ਦੀ ਜ਼ਿੰਦਗੀ ਪੜ੍ਹ ਲੈਣੀ ਇਹੋ ਜਿਹੇ ਕਾਰਨਾਮੇ ਹੈ ਨੇ ਕਿਸੇ ਦੀ ਜ਼ਿੰਦਗੀ ਵਿਚ ? ਇਕ ਪਾਸੇ ਨਿੱਕੀ ਜਿੰਦ ਤੇ ਦੂਜੇ ਪਾਸੇ ਲੱਖਾਂ ਦੀ ਫੌਜ। ਉਹਨਾਂ ਨਾਲ ਡੱਟ ਕੇ ਮੁਕਾਬਲਾ ਕਰ ਰਹੇ ਹਨ। ਇਹੋ ਜਿਹੀ ਜ਼ਿੰਦਗੀ ਵੇਖ ਕੇ ਇਕ ਮੁਸਲਮਾਨ ਸ਼ਾਇਰ ਅੱਲ੍ਹਾ ਯਾਰ ਖਾਂ 'ਜੋਗੀ' ਨੂੰ ਲਿਖਣਾ ਪੈ ਗਿਆ ਕਿ :

*ਬੱਸ ਹਿੰਦ ਮੇਂ ਏਕ ਤੀਰਥ ਹੈ, ਯਾਤ੍ਰਾ ਕੇ ਲੀਏ।*
*ਕਟਾਏ ਬਾਪ ਨੇ ਬੇਟੇ ਜਹਾਂ ਖ਼ੁਦਾ ਕੇ ਲੀਏ।*

ਕਹਿੰਦੇ ਇਸ ਜਗ੍ਹਾ ਤੇ ਬਾਪ ਨੇ ਆਪਣੇ ਹੱਥੀਂ ਸ਼ਿੰਗਾਰ ਕੇ ਮੌਤ ਦਾ ਗਾਨਾ ਬੰਨ੍ਹ ਕੇ ਮੈਦਾਨੇ-ਜੰਗ ਵਿਚ ਭੇਜਿਆ। ਦੋਨੋਂ ਸਾਹਿਬਜ਼ਾਦੇ ਵੀ ਸ਼ਹਾਦਤ ਦਾ ਜਾਮ ਪੀ ਗਏ। ਔਰ ਜਿੰਨੇ ਸਿੰਘ ਬਚੇ ਸਨ ਉਹ ਹੁਣ ਸਾਹਿਬੇ-ਕਮਾਲ ਗੁਰੂ ਜੀ ਨੂੰ ਕਹਿਣ ਲੱਗੇ, "ਸਤਿਗੁਰੂ ਜੀ ! ਆਪ ਇਸ ਜਗ੍ਹਾ ਨੂੰ ਛੱਡ ਜਾਣਾ ਕਰੋ, ਕਿਉਂਕਿ ਅਗਰ ਆਪ ਰਹੋਗੇ ਤਾਂ ਸਾਡੇ ਵਰਗੇ ਯੋਧੇ ਹੋਰ ਪੈਦਾ ਕਰ ਦੇਵੋਗੇ। ਔਰ ਅਗਰ ਆਪ ਜੀ ਨੇ ਸ਼ਹਾਦਤ ਦਾ ਜਾਮ ਪੀ ਲਿਆ ਤੇ ਫਿਰ ਸਾਡੇ ਵਰਗੇ ਹੋਰ ਯੋਧੇ ਕੌਣ ਪੈਦਾ ਕਰੇਗਾ ?" ਪਰ ਸਾਹਿਬੇ-ਕਮਾਲ ਗੁਰੂ ਜੀ ਨੇ ਇਹ ਬਚਨ ਫਿਰ ਤੋਂ ਦੋਹਰਾਏ ਕਿ :

*ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥*

*ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥*
*ਅਰੁ ਸਿੱਖ ਹੋ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥*

*(ਦਸਮ ਗ੍ਰੰਥ, ਪੰਨਾ ੯੯)*

ਸਿੰਘੋ, ਮੇਰੇ ਤਾਂ ਮਨ ਦਾ ਚਾਅ ਹੈ, ਮੇਰੇ ਤਾਂ ਮਨ ਦੀ ਖਾਹਿਸ਼ ਹੈ ਕਿ ਮੈਂ ਵੀ ਮੈਦਾਨੇ-ਜੰਗ ਦੇ ਅੰਦਰ ਲੜ ਕੇ 'ਸ਼ਹਾਦਤ ਦਾ ਜਾਮ' ਪੀ ਲਵਾਂ। ਸਿੰਘਾਂ ਵੇਖਿਆ ਕਿ ਗੁਰੂ ਜੀ ਇਹ ਜਗ੍ਹਾ ਛੱਡਣ ਲਈ ਤਿਆਰ ਨਹੀਂ, ਫਿਰ ਉਹਨਾਂ ਪੰਜਾਂ ਪਿਆਰਿਆਂ ਦੇ ਰੂਪ ਵਿਚ ਇਹ ਹੁਕਮ ਕਰ ਦੇਣਾ ਕੀਤਾ ਕਿ ਸਾਹਿਬ ਜੀ ਆਪ ਦੇ ਬਚਨ ਹਨ:

*ਪੰਚ ਪਰਵਾਣ ਪੰਚ ਪਰਧਾਨੁ॥*
*ਪੰਚੇ ਪਾਵਹਿ ਦਰਗਹਿ ਮਾਨੁ॥* *(ਜਪੁਜੀ ਸਾਹਿਬ)*

ਸਾਹਿਬ ਜੀ ਤੁਸੀਂ 'ਜਪੁਜੀ ਸਾਹਿਬ' ਦੇ ਅੰਦਰ ਇਹ ਬਚਨ ਕੀਤੇ ਹਨ। ਪਰ ਸਾਹਿਬ ਜੀ ਕਹਿਣ ਲੱਗੇ, ਠੀਕ ਹੈ, ਲੇਕਿਨ ਮੈਂ ਚੋਰਾਂ ਵਾਂਗੂੰ ਨਹੀਂ ਭੱਜਣਾ, ਮੈਂ ਕਾਇਰਾਂ ਵਾਂਗੂੰ ਨਹੀਂ ਨੱਸਣਾ, ਬਲਕਿ ਮੈਂ ਤਾੜੀ ਵਜਾ ਕੇ ਇਸ ਗੜ੍ਹੀ ਨੂੰ ਛੱਡਾਂਗਾ।

ਗੁਰਸਿੱਖੋਂ, ਕਿਹੜਾ ਜਿਗਰਾ ਉਸ ਵੇਲੇ ਕਲਗੀਧਰ ਦਾ ਹੋਵੇਗਾ ਜਦੋਂ ਉਹਨਾਂ ਨੇ ਗੜ੍ਹੀ ਨੂੰ ਤਾੜੀ ਮਾਰ ਕੇ ਛੱਡਿਆ। ਮਗਰ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮਾਨ ਸਿੰਘ ਜੀ ਉਤਰੇ ਤੇ ਜਦੋਂ ਭਾਈ ਦਇਆ ਸਿੰਘ ਜੀ ਦੇ ਪੈਰਾਂ ਵਿਚ "ਭਾਈ ਅਜੀਤ ਸਿੰਘ" ਜੀ ਦੀ ਲੋਥ ਪਈ ਹੋਈ ਹੈ ਤੇ ਕੋਈ ਇਹੋ ਜਿਹਾ ਪੱਥਰ ਤੇ ਹੈ ਨਹੀਂ ਜਿਹੜਾ ਭਾਈ ਦਇਆ ਸਿੰਘ ਆਪਣੇ ਹਿਰਦੇ ਤੇ ਰੱਖ ਲੈਂਦਾ। ਜਿਸ ਸਾਹਿਬਜ਼ਾਦੇ ਨੂੰ ਗੋਦੀ ਖਿਡਾਇਆ ਹੋਵੇ, ਜਿਸ ਸਾਹਿਬਜ਼ਾਦੇ ਨੂੰ ਦੁੱਧ ਮੱਖਣ ਨਾਲ ਪਾਲਿਆ ਹੋਵੇ, ਜਿਸ ਸਾਹਿਬਜ਼ਾਦੇ ਨੂੰ ਆਨੰਦਪੁਰ ਦੀਆਂ ਗਲੀਆਂ ਵਿਚ ਸ਼ਸ਼ਤਰ ਵਿਦਿਆ ਦਿੱਤੀ ਹੋਵੇ ਤੇ ਮੈਂ ਕਿਸ ਤਰ੍ਹਾਂ ਕਦਮ ਪੁੱਟ ਲਵਾਂ ? ਕੇਸ ਖਿਲਰੇ ਹੋਏ ਹਨ ਤੇ ਸਰੀਰ ਤੇ ਜ਼ਖਮ ਗਿਣੇ ਨਹੀਂ ਜਾਂਦੇ, ਜੋ ਕਿ ਜ਼ਾਲਮਾਂ ਨੇ ਲਾਏ ਹੋਏ ਹਨ। ਫਿਰ ਜਦੋਂ ਦਸਮੇਸ਼ ਪਿਤਾ ਜੀ ਨੇ ਵੇਖਿਆ ਕਿ ਭਾਈ ਦਇਆ ਸਿੰਘ ਜੀ ਖੜੇ ਹੋ ਗਏ ਹਨ ਤਾਂ ਕਲਗੀਧਰ ਪਾਤਸ਼ਾਹ ਜੀ ਨੇ ਇਹ ਬਚਨ ਕਹੇ:

*"ਉਤਾਂਹ ਉਠ,*
*ਉਹ ਨਹੀਂ ਦੇਸ਼ ਭਗਤ ਹੁੰਦਾ,*
*ਜੋ ਸ਼ਹੀਦ ਦੀ ਮੌਤ ਤੇ ਝੂਰਦਾ ਹੈ।*
*ਮੈਨੂੰ ਜੱਗ ਸਾਰੇ ਦੀ ਪਰਵਾਹ ਕੋਈ ਨਾ,*
*ਉਹ ਲੱਖ ਲੱਖ ਵਾਰੀ ਇਹ ਰਣ ਦਾ ਚੋਰ ਸਮਝੇ......*
*ਮੈਂ ਇਹ ਨਾ ਸੁਣਾਂ ਕਿ ਗੋਬਿੰਦ ਸਿੰਘ ਨੇ ਪੁੱਤ ਹੋਰ ਸਮਝੇ!"*

ਦਸਮੇਸ਼ ਪਿਤਾ ਜੀ ਕਹਿੰਦੇ ਮੈਂ ਹਰ ਗੱਲ ਇਨ੍ਹਾਂ ਕੰਨਾਂ ਦੇ ਨਾਲ ਸੁਣਨ ਲਈ ਤਿਆਰ ਹਾਂ, ਪਰ ਸੰਸਾਰ ਦੇ ਲੋਕਾਂ ਕੋਲੋਂ ਇਹ ਗੱਲ ਸੁਣਨ ਵਾਸਤੇ ਰਾਜ਼ੀ ਨਹੀਂ ਕਿ ਦੁਨੀਆਂ ਦੇ ਲੋਕੀਂ ਇਹ ਗੱਲ ਕਹਿਣ ਕਿ ਕਲਗੀਧਰ ਪਿਤਾ ਜੀ ਨੇ ਆਪਣੇ ਪੁੱਤ ਹੋਰ ਸਮਝੇ ਤੇ ਜਿਹੜੇ ਇਸ ਤੋਂ ਵੀ ਜ਼ਖਮੀ ਹੋਏ ਮੈਦਾਨੇ ਜੰਗ ਵਿਚ ਕੁਝ ਹੋਰ ਸਰੀਰ ਪਏ ਹੋਏ ਸਨ, ਉਹਨਾਂ ਨੂੰ ਕੁਝ ਹੋਰ ਸਮਝਿਆ। ਇਸ ਲਈ ਦਇਆ ਸਿੰਘ, ਇਹ ਫੁਰਨਾ ਬੰਦ ਕਰ ਦੇ। ਜਦੋਂ ਕਲਗੀਧਰ ਜੀ ਜੰਗਲ ਵੱਲ ਨੂੰ ਪਹੁੰਚੇ ਤੇ ਭਾਈ ਦਇਆ ਸਿੰਘ ਜੀ ਨੇ ਵੇਖਿਆ ਕਿ ਜਿਸ ਗੁਰੂ ਦੇ ਚਰਨਾਂ ਵਿਚ ਸੁਨਹਿਰੀ ਜੋੜਾ ਹੋਇਆ ਕਰਦਾ ਸੀ, ਅੱਜ ਉਹਨਾਂ ਚਰਨਾਂ ਵਿਚ ਜ਼ਖਮ ਸਨ ਤੇ ਸਰੀਰ ਦੇ ਵਸਤਰ ਵੀ ਫਟੇ ਹੋਏ ਸਨ ਤੇ ਸਿਰਹਾਨੇ ਦੀ ਜਗ੍ਹਾ ਇੱਟ ਰੱਖੀ ਹੋਈ ਸੀ ਤੇ ਨੰਗੀ ਸ਼ਮਸ਼ੀਰ ਕੋਲ ਹੈ ਤੇ ਇਹ ਬਚਨ ਕਹਿ ਰਹੇ ਹਨ:

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥*
*ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥*

*(ਦਸਮ ਗ੍ਰੰਥ, ਪੰਨਾ ੭੧੦)*

ਗੁਰਸਿੱਖੋ, ਦੁਨੀਆਂ ਦਾ ਹਰ ਸੁੱਖ ਤੁਹਾਡੇ ਕੋਲ ਹੈ, ਫਿਰ ਵੀ ਗੁਰੂ ਦਾ ਕੋਈ ਸ਼ੁਕਰਾਨਾ ਨਹੀਂ। ਦੁਨੀਆਂ ਦਾ ਹਰ ਪਦਾਰਥ ਤੁਹਾਡੇ ਕੋਲ, ਫਿਰ ਵੀ ਗੁਰੂ ਦੀ ਕੋਈ ਯਾਦ ਨਹੀਂ, ਪਰਮੇਸ਼ਰ ਨੇ ਇੰਨੀ ਕ੍ਰਿਪਾ ਤੁਹਾਡੇ ਤੇ ਕੀਤੀ, ਲੇਕਿਨ ਅਸੀਂ ਫਿਰ ਵੀ ਪਰਮੇਸ਼ਰ ਦਾ ਨਾਮ ਲੈਣ ਵਾਸਤੇ ਰਾਜ਼ੀ ਨਹੀਂ। ਫਿਰ ਇਹ ਅਕ੍ਰਿਤਘਣ ਨਹੀਂ ਹੈ ਤਾਂ ਹੋਰ ਕੀ ਹੈ ? ਭਾਵ ਕਿ ਇੰਨੀਆਂ ਚੀਜ਼ਾਂ, ਇੰਨੇ ਪਦਾਰਥ ਹੋਣ ਦੇ ਬਾਵਜੂਦ ਵੀ ਅਸੀਂ ਕਦੇ ਵਾਹਿਗੁਰੂ ਦਾ ਸ਼ੁਕਰਾਨਾ ਨਹੀਂ ਕੀਤਾ। ਔਰ ਕਲਗੀਧਰ ਪਾਤਸ਼ਾਹ ਜੀ ਨੇ ਆਪਣੇ ਸਿੱਖ ਧਰਮ ਨੂੰ ਬਚਾਉਣ ਵਾਸਤੇ ਆਪਣੇ ਵੱਡੇ ਸਾਹਿਬਜ਼ਾਦਿਆਂ ਨੂੰ 'ਸ਼ਹਾਦਤ ਦਾ ਜਾਮ' ਪਿਲਾ ਦਿੱਤਾ। ਉਸ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ ਦਾ ਸਫਰ ਤੈਅ ਕਰਦੇ-ਕਰਦੇ ਗੁਰੂ ਜੀ ਦਮਦਮਾ ਸਾਹਿਬ ਪਹੁੰਚੇ। ਕੰਠ ਬਾਣੀ ਉਚਾਰ ਕੇ ਆਪ ਜੀ ਨੇ ਬਾਣੀ ਲਿਖਣ ਦੀ ਬਾਬਾ ਦੀਪ ਸਿੰਘ ਜੀ ਤੇ ਮਨੀ ਸਿੰਘ ਜੀ ਦੀ ਡਿਊਟੀ ਲਾਈ। ਉਪਰੰਤ "ਸੱਚਖੰਡ ਹਜ਼ੂਰ ਸਾਹਿਬ" ਵਿਚ ਕਲਗੀਧਰ ਪਾਤਸ਼ਾਹ ਜੀ ਨੇ ਇਹ ਹੁਕਮ ਕਰ ਦਿੱਤਾ ਕਿ:

*ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।*
*ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।*
*ਗੁਰੂ ਗ੍ਰੰਥ ਜੀ ਮਾਨਿਓ ਪਰਗਟ ਗੁਰਾਂ ਕੀ ਦੇਹ।*
*ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈਂ ਲੇਹ।*

ਭਾਵ ਕਿ ਅਗਰ ਕੁਝ ਚਾਹੀਦਾ ਹੈ ਤਾਂ ਸ਼ਬਦ ਦੀ ਖੋਜ ਕਰ ਲੈ। ਕਿਉਂਕਿ ਸ਼ਬਦ ਵਿਚ ਹੀ ਸਾਡੀ ਸਾਰੀ ਜ਼ਿੰਦਗੀ ਦੇ ਅਰਥ ਮੌਜੂਦ ਹਨ।

# ਮਨ ਵਾਸਤੇ ਹਿਦਾਇਤਾਂ

ਪਰਮ ਸਨਮਾਨ-ਯੋਗ, ਸਤਿਗੁਰਾਂ ਦੀ ਸਾਜੀ ਨਿਵਾਜੀ ਸਾਧਸੰਗਤ ਜੀ! ਤੁਸੀਂ ਬੜੇ ਵੱਡੇ ਭਾਗਾਂ ਵਾਲੇ ਹੋ ਜੋ ਕਿ ਦੂਰੋਂ ਆਏ ਹੋ ਸਾਹਿਬਾਂ ਦੇ ਚਰਨ ਪਰਸਨ ਵਾਸਤੇ। ਅਸੀਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟ-ਕੋਟ ਧੰਨਵਾਦ ਕਰੀਏ, ਜਿਨ੍ਹਾਂ ਨੇ ਆਪਣੀ ਨਿੱਘੀ ਗੋਦ ਵਿਚ ਬੈਠਣ ਦਾ ਸੁਭਾਗ ਸਮਾਂ ਕਲਯੁੱਗੀ ਜੀਵਾਂ ਨੂੰ ਬਖਸ਼ਣਾ ਕੀਤਾ ਹੈ। ਆਪ ਜੀ ਨੇ ਗੁਰੂ ਜੀ ਦੇ ਪਾਵਨ ਅਤੇ ਪਵਿੱਤਰ ਬਚਨ 'ਸੋ ਦਰੁ' ਰਹਰਾਸਿ ਵਿਚ ਉਚਾਰਨ ਕੀਤੇ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਬਚਨ ਆਉਂਦੇ ਹਨ ਕਿ :

*ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ।*
*ਸਹਜਿ ਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।*
*ਮਥੈ ਟਿਕੇ ਲਾਲ ਲਾਇ ਸਾਧਸੰਗਤਿ ਚਲਿ ਜਾਇ ਬਹੰਦੇ।*
*ਸਬਦੁ ਸੁਰਤਿ ਲਿਵ ਲੀਣੁ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ।*

ਇਸ ਤੋਂ ਭਾਵ ਹੈ ਕਿ ਉਸ ਅਕਾਲ-ਪੁਰਖ ਵਾਹਿਗੁਰੂ ਜੀ ਦਾ ਸ਼ਬਦ ਸਰਵਨ ਕਰਕੇ, ਸ਼ਬਦ ਦੇ ਵਿਚ ਆਪਣੀ ਸੁਰਤੀ-ਬਿਰਤੀ ਨੂੰ ਲਿਵਲੀਨ ਕਰ ਲੈਂਦੇ ਹਨ।

ਜਿਥੇ ਗੁਰੂ ਕੇ ਸਿੱਖ ਨੂੰ ਹਿਦਾਇਤ ਹੈ ਅੰਮ੍ਰਿਤ ਵੇਲੇ ਉਠ ਕੇ ਪਾਵਨ ਅਤੇ ਪਵਿੱਤਰ ਨਿਤਨੇਮ ਦੀ ਬਾਣੀ ਪੜ੍ਹਨ ਦੀ, ਉਥੇ ਗੁਰੂ ਦਾ ਹੁਕਮ ਗੁਰੂ ਕੇ ਸਿੱਖ ਵਾਸਤੇ ਇਹ ਵੀ ਹੈ ਕਿ ਸੰਧਿਆ ਟਾਈਮ ਚੌਥੇ ਪਹਿਰ 'ਸੋ ਦਰੁ' ਰਹਰਾਸਿ ਸਾਹਿਬ ਜੀ ਦੀ ਬਾਣੀ ਮਨ ਇਕਾਗਰ ਕਰਨੇ ਪੜ੍ਹਨੀ ਅਤੇ ਸੁਣਨੀ ਕਰੋ।

*ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।*
*ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।*

*(ਭਾਈ ਗੁਰਦਾਸ ਜੀ, ਵਾਰ ੬/੩)*

ਭਾਵ ਕਿ ਜਦੋਂ ਗੁਰੂ ਕਾ ਸਿੱਖ ਅਰਾਮ ਕਰਦਾ ਹੈ ਤੇ ਅਰਾਮ ਕਰਨ ਤੋਂ ਪਹਿਲਾਂ ਆਪਣੇ ਪਰਮੇਸ਼ਰ ਸਰੂਪ ਗੁਰੂ ਸਾਹਿਬਾਂ ਦਾ ਨਾਮ ਲੈ ਕਰਕੇ ਮਨੋ-ਮਨ ਅਰਦਾਸ ਕਰਦਾ ਹੈ ਕਿ ਹੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ! ਚਾਰ ਪਹਿਰ ਦਿਨ ਸੁਖ ਦਾ ਬਤੀਤ ਹੋ ਗਿਆ ਹੈ, ਔਰ ਚਾਰ ਪਹਿਰ ਰਾਤ੍ਰੀ ਆ ਰਹੀ ਹੈ, ਸੁੱਖ ਦੀ ਬਤੀਤ ਕਰਨਾ। ਦਿਨ ਦੀਆਂ ਹੋਈਆਂ

ਗਲਤੀਆਂ ਦੀ ਖਿਮਾਂ ਕਰ ਦੇਣੀ ਤੇ ਅੰਮ੍ਰਿਤ ਵੇਲੇ ਦੀ ਦਾਤ ਬਖਸ਼ਣੀ। ਭਗਤ ਕਬੀਰ ਜੀ ਦੇ ਵੀ ਬਚਨ ਆਉਂਦੇ ਹਨ:

*ਕਬੀਰ ਸੁਪਨੈ ਹੂ ਬਰੜਾਇ ਕੈ ਜਿਹ ਮੁਖਿ ਨਿਕਸੈ ਰਾਮੁ॥ (ਪੰਨਾ ੧੩੬੭)*

ਭਗਤ ਜੀ ਕਹਿੰਦੇ ਹਨ, ਜਿਹੜੇ ਸੁੱਤੇ ਹੋਏ ਬੜਬੜਾਉਂਦੇ ਵੀ ਆਪਣੀ ਰਸਨਾ ਤੋਂ ਪਰਮੇਸ਼ਰ ਵਾਹਿਗੁਰੂ ਜੀ ਦਾ ਨਾਮ ਜਪਦੇ ਹਨ, ਸਿਮਰਨ ਕਰਦੇ ਹਨ, ਉਹਨਾਂ ਵਾਸਤੇ ਮੇਰੇ ਤਨ ਦੇ ਜੁੱਤੇ ਵੀ ਬਣ ਕੇ ਉਹਨਾਂ ਦੇ ਚਰਨਾਂ ਵਿਚ ਪੈ ਜਾਣ। ਇੰਨੀ ਵਡਿਆਈ ਗੁਰੂ ਦੀ ਬਾਣੀ ਨੇ ਸਿਮਰਨ ਕਰਨ ਵਾਲੇ ਮਨੁੱਖ ਦੀ ਕੀਤੀ ਹੈ। ਸੋ ਕਿੰਨੀ ਕ੍ਰਿਪਾ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਸਾਡੇ ਤੇ ਕਰਨੀ ਕੀਤੀ ਹੈ। ਇਸ ਕਰਕੇ ਮਨਾਂ ਬਿਰਤੀਆਂ ਨੂੰ ਇਕਾਗਰ ਕਰੋ, ਜਦੋਂ ਤੱਕ ਵੀ ਗੁਰੂ ਦੀ ਗੋਦ ਵਿਚ ਬੈਠਣਾ ਕਰੋ, ਉਦੋਂ ਤਕ ਆਪਣੀ ਸੁਰਤੀ-ਬਿਰਤੀ ਕਾਇਮ ਰੱਖਣਾ। ਸੰਕਲਪਾਂ-ਵਿਕੱਲਪਾਂ ਤੋਂ ਇਸ ਮਨ ਦਾ ਕੰਟਰੋਲ ਕਰਕੇ ਤੇ ਜਿਸ ਮਨ ਵਾਸਤੇ ਗੁਰੂ ਜੀ ਨੇ ਇਹ ਹਿਦਾਇਤ ਕੀਤੀ ਹੈ ਕਿ ਐ ਮਨਾ! ਤੂੰ ਚੰਚਲਤਾ, ਚਤੁਰਾਈਆਂ, ਸਿਆਣਪਾਂ ਛੱਡ ਦੇ। ਕਿਉਂ?

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ (ਜਪੁਜੀ ਸਾਹਿਬ)*

ਭਾਵ ਕਿ ਜਿਸ ਕੰਮ ਵਾਸਤੇ ਸਾਨੂੰ ਪਰਮੇਸ਼ਰ ਨੇ ਇਸ ਧਰਤੀ ਤੇ ਭੇਜਿਆ, ਜਿਸ ਬੰਦਗੀ ਵਾਸਤੇ ਸਾਨੂੰ ਇਹ ਮਨੁੱਖਾ ਦੇਹੀ ਮਿਲੀ, ਉਸ ਦਾ ਹੀ ਜੱਸ ਸੁਣਨ ਵਾਸਤੇ ਇਸ ਮਨੁੱਖ ਕੋਲ ਟਾਈਮ ਨਹੀਂ। ਸਾਹਿਬ ਸਤਿਗੁਰ ਸੱਚੇ ਪਾਤਸ਼ਾਹ ਜੀ ਕਹਿੰਦੇ ਹਨ ਕਿ:

*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥ ੧॥*
*ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥*
*ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ॥ ੨॥*

*(ਪੰਨਾ ੭੨੪)*

ਕਹਿੰਦੇ ਨੇ ਉਹ ਸਾਰਿਆਂ ਦੇ ਦਿਲਾਂ ਦੀ ਜਾਣਨ ਵਾਲਾ ਹੈ। ਇਸ ਲਈ ਤੂੰ ਅਕਾਲ-ਪੁਰਖ ਵਾਹਿਗੁਰੂ ਦੇ ਭਰੋਸੇ ਰਹਿ ਕੇ ਨਾਮ ਜਪ, ਇਸ ਨੂੰ ਛੱਡ ਨਾ। ਕਿਉਂਕਿ ਇਸ ਦਾ ਤੈਨੂੰ ਲਾਭ ਹੀ ਹੋਣਾ ਹੈ, ਘਾਟਾ ਨਹੀਂ। ਜਿਸ ਸਮੇਂ ਵਿਚ ਪਰਮੇਸ਼ਰ ਵਾਹਿਗੁਰੂ ਦੀਆਂ ਵਿਚਾਰਾਂ ਇਸ ਰਸਨਾ ਤੋਂ ਕਰਨ ਵਾਸਤੇ ਪ੍ਰਾਪਤ ਹੋ ਜਾਣ ਤੇ ਜਿਹੜਾ ਸਮਾਂ ਗੁਰੂ ਦੀਆਂ ਵਡਿਆਈਆਂ ਤੇ ਉਪਮਾ ਇਹ ਕੰਨਾਂ ਨੂੰ ਸੁਣਨ ਵਾਸਤੇ ਪ੍ਰਾਪਤ ਹੋ ਜਾਣ ਤਾਂ ਗੁਰਮੁਖੋ, ਇਹੀ ਸਮਾਂ ਤੁਹਾਡਾ ਸਫਲ ਹੋਣਾ ਹੈ ਗੁਰੂ ਦੀ ਹਜ਼ੂਰੀ ਵਿਚ। ਬਾਕੀ ਸਮੇਂ ਦੀ ਕੀਮਤ ਧਰਮਰਾਜੇ ਦੀ ਕਚਹਿਰੀ ਵਿਚ ਪੈਣੀ ਨਹੀਂ। ਇਸ ਲਈ ਇਥੇ ਸਾਨੂੰ ਇਸ ਚੀਜ਼ ਦਾ ਗਿਆਨ ਹੋਵੇਗਾ ਕਿ ਅਸੀਂ ਇਸ ਸੰਸਾਰ ਤੇ ਕੀ ਕਰਨ ਵਾਸਤੇ ਆਏ ਹਾਂ? ਕਰਨਾ ਸਾਨੂੰ ਸੰਸਾਰ ਤੇ ਕੀ ਚਾਹੀਦਾ ਹੈ ਤੇ ਅਸੀਂ

ਕਰ ਕੀ ਰਹੇ ਹਾਂ? ਇਸੇ ਕਰਕੇ ਗੁਰਦੇਵ ਜੀ ਦੇ ਬਚਨ ਹਨ:

*ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥* (ਪੰਨਾ ੪੪੧)

ਅਰਥਾਤ ਜਦੋਂ ਅਸੀਂ ਆਪਣਾ ਮੂਲ ਪਹਿਚਾਣ ਲਿਆ ਤੇ ਸਾਨੂੰ ਪਤਾ ਲੱਗ ਜਾਵੇਗਾ ਕਿ ਸਾਨੂੰ ਤਾਂ ਅਕਾਲ-ਪੁਰਖ ਵਾਹਿਗੁਰੂ ਨੇ ਬੰਦਗੀ ਵਾਸਤੇ ਭੇਜਿਆ ਸੀ, ਸਾਨੂੰ ਤਾਂ ਅਕਾਲ-ਪੁਰਖ ਨੇ ਸਤਿਸੰਗਤ ਕਰਨ ਦੀ ਹਿਦਾਇਤ ਦਿੱਤੀ ਹੈ, ਸਾਨੂੰ ਤਾਂ ਵਾਹਿਗੁਰੂ ਨੇ ਜਿਸ ਪਰਮੇਸ਼ਰ ਤੋਂ ਅਸੀਂ ਵਿਛੜੇ ਹਾਂ, ਉਸ ਨੂੰ ਮਿਲਣ ਦਾ ਰਸਤਾ ਦੱਸਿਆ ਹੈ ਕਿ ਤੂੰ ਇਸ ਰਸਤੇ ਤੇ ਆ ਜਾ ਤੇ ਤੈਨੂੰ ਅਕਾਲ-ਪੁਰਖ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਵੇਗੀ। ਮਨਾਂ-ਬਿਰਤੀਆਂ ਨੂੰ ਕਰੋ ਇਕਾਗਰ ਤੇ ਰਸਨਾ ਨੂੰ ਕਰੋ ਪਵਿੱਤਰ:

*ਭਾਈ ਰੇ ਰਾਮੁ ਕਹਹੁ ਚਿਤੁ ਲਾਇ॥*
*ਰਾਮੁ ਕਹਹੁ ਚਿਤੁ ਲਾਇ॥* (ਪੰਨਾ ੨੨)

ਗੁਰਦੇਵ ਜੀ ਬਾਰ-ਬਾਰ ਇਸ ਕਰਕੇ ਪ੍ਰੇਰਨਾ ਕਰਦੇ ਹਨ ਤਾਂਕਿ ਅਸੀਂ ਅਕਾਲ-ਪੁਰਖ ਵਾਹਿਗੁਰੂ ਦਾ ਨਾਮ ਇਕ ਮਨ ਹੋ ਕੇ ਸਿਮਰ ਸਕੀਏ। ਕਿਉਂਕਿ ਇਸ ਸੰਸਾਰ ਦੇ ਤੱਟ ਤੇ ਦੇਖਿਆ ਗਿਆ ਜੋ ਕਿ ਸਾਡੀ ਨਜ਼ਰ ਵਾਸਤੇ ਦੋਸ਼ੀ ਨਹੀਂ, ਜੋ ਕਿ ਸਾਡੇ ਵਾਸਤੇ ਮੁਜਰਮ ਨਹੀਂ, ਔਰ ਅਗਰ ਕਿਸੇ ਨੇ ਭੈੜੇ ਕੰਮ ਨਹੀਂ ਵੀ ਕੀਤੇ, ਉਸ ਨੂੰ ਵੀ ਸਜ਼ਾਵਾਂ ਮਿਲਦੀਆਂ ਰਹੀਆਂ। ਫਰੀਦ ਜੀ ਨੇ ਬੜੇ ਕਮਾਲ ਦਾ ਬਚਨ ਕਿਹਾ ਕਿ:

*ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥*
*ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥ ੩੯॥*

(ਪੰਨਾ ੧੩੭੯)

ਅਸੀਂ ਆਪਣੀਆਂ ਅੱਖਾਂ ਨਾਲ ਵੇਖ ਰਹੇ ਹਾਂ ਕਿ ਜਿਨ੍ਹਾਂ ਦਾ ਦੋਸ਼ ਨਹੀਂ ਹੈ ਉਹਨਾਂ ਨੂੰ ਚੋਟਾਂ ਵੱਜ ਰਹੀਆਂ ਨੇ ਤੇ ਜਿਹੜੇ ਦੋਸ਼ੀ ਹਨ, ਜਿਨ੍ਹਾਂ ਨੇ ਕੁਝ ਗਲਤ ਕੀਤਾ ਹੈ ਜਾਂ ਕੀਤਾ ਹੋਵੇਗਾ, ਫਿਰ ਉਹਨਾਂ ਦਾ ਕੀ ਹਾਲ ਹੋਵੇਗਾ? ਇਸੇ ਕਰਕੇ ਗੁਰਮੁਖ ਪਿਆਰਿਓ ਅਗਰ ਜਮਾਂ ਦੀ ਮਾਰ ਤੋਂ ਬਚਣਾ ਹੈ, ਜੰਮਣ ਮਰਨ ਦੇ ਗੇੜ ਤੋਂ ਅਗਰ ਬਚਣਾ ਹੈ ਤਾਂ ਫਿਰ ਇਸ ਮਨ ਬਿਰਤੀ ਨੂੰ ਇਕਾਗਰ ਕਰਕੇ ਇਹ ਬਚਨ ਗੁਰੂ ਸਾਹਿਬਾਂ ਦਾ ਮੰਨਣਾ ਹੀ ਪਵੇਗਾ:

੧. *ਭਾਈ ਰੇ ਰਾਮੁ ਕਹਹੁ ਚਿਤੁ ਲਾਇ॥*
*ਰਾਮੁ ਕਹਹੁ ਚਿਤੁ ਲਾਇ॥* (ਪੰਨਾ ੨੨)

੨. *ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥ ੧॥* (ਪੰਨਾ ੨੬੫)

੩. *ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥*
*ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥* (ਪੰਨਾ ੨੬੬)

ਪੰਚਮ ਪਿਤਾ "ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ" ਕ੍ਰਿਪਾ ਕਰਦੇ ਹਨ ਕਿ ਗੁਰੂ ਸਾਹਿਬਾਂ ਨੇ ਕਿਤੇ ਆਪਾਂ ਨੂੰ ਭਾਈ ਕਿਹਾ, ਕਿਤੇ ਆਪਾਂ ਨੂੰ ਪਿਆਰੇ ਕਿਹਾ, ਕਿਤੇ ਆਪਾਂ ਨੂੰ ਮਿੱਤਰ ਕਿਹਾ ਤੇ ਕਿਤੇ ਆਪਾਂ ਨੂੰ ਮੀਤ ਕਿਹਾ ਤੇ ਕਿੰਨੇ ਪਿਆਰ-ਭਰੇ ਲਫਜ਼ਾਂ ਦੀ ਵਰਤੋਂ ਕਰਕੇ ਇਸ ਮਨੁੱਖ ਨੂੰ ਉਸ ਅਕਾਲ-ਪੁਰਖ ਪਰਮੇਸ਼ਰ ਦਾ ਸਿਮਰਨ ਚਿੱਤ ਦੇ ਨਾਲ ਕਰਨ ਵਾਸਤੇ ਕਿਹਾ।

*ਭਾਈ ਰੇ ਰਾਮੁ ਕਹਹੁ ਚਿਤੁ ਲਾਇ॥*

ਜਿਸ ਤਰ੍ਹਾਂ ਅਸੀਂ ਕਹਿਣੇ ਹਾਂ ਉਹ ਗੁਰੂ ਕੇ ਚਰਨਾਂ ਵਿਚ ਪ੍ਰਵਾਨ ਨਹੀਂ ਹੋਣਾ। ਪ੍ਰਵਾਨ ਉਹ ਹੋਣਾ ਹੈ ਜਿਸ ਵੇਲੇ ਅੰਦਰੋਂ ਆਵਾਜ਼ ਨਿਕਲੇਗੀ। ਜਿਨ੍ਹਾਂ ਤੇ ਇਹ ਕ੍ਰਿਪਾ ਹੈ, ਉਹਨਾਂ ਤੋਂ ਪੁੱਛ ਕੇ ਵੇਖੋ। ਸਿੱਖਾਂ ਨੇ ਪੰਚਮ ਪਿਤਾ ਕੋਲੋਂ ਪੁੱਛਿਆ ਸੀ, "ਸਤਿਗੁਰ ਜੀ ! ਜਿਹੜੇ ਚਿੱਤ ਨਾਲ ਸਿਮਰਨ ਕਰਦੇ ਹਨ, ਮਨ ਨਾਲ ਸਿਮਰਨ ਕਰਦੇ ਹਨ, ਉਹਨਾਂ ਪ੍ਰਤੀ ਆਪ ਕੁਝ ਬਚਨ ਕਹਿਣੇ ਚਾਹੋਗੇ ?" ਗੁਰੂ ਜੀ ਕਹਿੰਦੇ :

*ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥ (ਪੰਨਾ ੬੦੮)*

ਗੁਰੂ ਜੀ ਕਹਿੰਦੇ ਇਹ ਤਾਂ ਸੁਆਦ ਜਿਸ ਨੇ ਚੱਖਿਆ ਹੈ, ਉਸ ਨੂੰ ਪੁੱਛ ਕੇ ਵੇਖੋ। ਇਸ ਦੇ ਬਾਰੇ ਭਗਤ ਕਬੀਰ ਜੀ ਕਹਿੰਦੇ ਹਨ :

*ਕਹੁ ਕਬੀਰ ਗੂੰਗੈ ਗੁੜ ਖਾਇਆ ਪੂਛੇ ਤੇ ਕਿਆ ਕਹੀਐ॥ (ਪੰਨਾ ੩੩੪)*

ਇਕ ਉਦਾਹਰਣ ਦੇ ਕੇ ਸਮਝਾਂਦੇ ਹਨ ਕਿ ਇਕ ਗੂੰਗੇ ਨੂੰ ਗੁੜ ਖਵਾ ਦੇਈਏ ਤੇ ਉਸਨੂੰ ਪੁਛਣਾ ਚਾਹੋ ਕਿ ਤੂੰ ਗੁੜ ਦਾ ਸਵਾਦ ਦੱਸ ਦੇਹ, ਤਾਂ ਗੁਰਮੁਖੋ ਉਹ ਦੱਸ ਨਹੀਂ ਸਕਦਾ। ਇਸੇ ਕਰਕੇ ਇਹ ਜਿਹੜਾ ਨਾਮ ਦਾ ਰਸ ਹੈ, ਇਹ ਜਿਸ ਨੂੰ ਵੀ ਆ ਗਿਆ ਉਹੀ ਦੱਸ ਸਕਦਾ ਹੈ। ਇਹ ਗੱਲ ਠੀਕ ਹੈ ਕਿ :

*ਆਖਣਿ ਅਉਖਾ ਸਾਚਾ ਨਾਉ॥ (ਰਹਰਾਸਿ ਸਾਹਿਬ)*

ਕਹਿੰਦੇ ਜਿਹੜਾ ਮੁਕਤੀ ਦਾ ਦਰਵਾਜ਼ਾ ਹੈ ਭਾਵ ਜਿਸ ਰਸਤੇ ਤੇਰਾ ਜੰਮਣ ਅਤੇ ਮਰਨ ਕੱਟ ਹੋਣਾ ਹੈ, ਉਹ ਰਾਈ ਦਾ ਦਸਵਾਂ ਹਿੱਸਾ ਹੈ।

*"ਕਬੀਰ ਮੁਕਤਿ ਦੁਆਰਾ ਸੰਕੁੜਾ"*

'ਸੰਕੁੜਾ' ਕਹਿੰਦੇ ਨੇ ਛੋਟੇ ਨੂੰ ਤਾਂ ਸਿੱਖ ਕਹਿੰਦੇ ਮਹਾਰਾਜ ਜੀ ! ਕੋਈ ਸਾਹਮਣੇ ਉਦਾਹਰਣ ਦੇ ਦਿਉ ਕਿਸੇ ਚੀਜ਼ ਦੀ, ਤਾਂਕਿ ਸਾਨੂੰ ਪਤਾ ਲਗ ਜਾਵੇ ਕਿ ਇਸ ਦਾ ਆਕਾਰ ਕਿੰਨਾ ਕੁ ਹੈ, ਇਸ ਵਿਚੋਂ ਅਸੀਂ ਆਪਣਾ ਮਰਨ ਲੰਘਾਉਣਾ ਹੈ ਤਾਂ ਸਾਨੂੰ ਮੁਕਤੀ ਦਾ ਪੱਦ ਪ੍ਰਾਪਤ ਹੋਵੇਗਾ। ਜਿੰਨਾ ਚਿਰ ਅਸੀਂ ਤਿੰਨਾਂ ਗੁਣਾਂ ਵਿਚ ਗਲੇਟਰੀਆਂ ਖਾਂਦੇ ਫਿਰਦੇ ਹਾਂ ਨਾ। ਜਿਵੇਂ ਇਕ ਨੂੰ 'ਸੰਤੋਖ' ਹੈ ਉਹ ਕਹਿੰਦਾ ਮੇਰੇ ਵਰਗਾ ਸੰਤੋਖੀ ਕੋਈ ਨਹੀਂ। ਔਰ ਜਿਸ ਨੂੰ ਰਾਜ-ਗੱਦੀ ਮਿਲ ਗਈ, ਉਹ ਕਹਿੰਦਾ ਹੁਣ ਮੈਨੂੰ ਸਿਮਰਨ-ਬੰਦਗੀ ਕਰਨ ਦੀ ਕੋਈ ਲੋੜ

ਨਹੀਂ, ਕਿਉਂਕਿ ਮੈਨੂੰ ਰਾਜ-ਗੱਦੀ ਮਿਲ ਗਈ ਹੈ। ਔਰ ਜਿਹੜਾ 'ਤਮੋਗੁਣੀ' ਪੁਰਸ਼ ਹੈ ਉਸ ਦੀ ਤਾਂ ਗੱਲ ਹੀ ਕੀ ਕਰਨੀ ! ਕਬੀਰ ਜੀ ਕਹਿੰਦੇ ਹਨ :

*ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ॥*
*ਮਨ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥* *(ਪੰਨਾ ੫੦੯)*

ਕਹਿੰਦੇ ਮਨ ਦਾ ਆਕਾਰ ਤੂੰ ਇੰਨਾ ਵੱਡਾ ਬਣਾ ਲਿਆ। ਤੂੰ ਰਾਈ ਦੇ ਦਸਵੇਂ ਹਿੱਸੇ ਤੋਂ ਲੰਘ ਕੇ ਕਿਸ ਤਰ੍ਹਾਂ ਮੁਕਤ ਹੋਵੇਂਗਾ ? ਦੁਨੀਆਂ ਦੇ ਲੋਕ, ਦੁਨਿਆਵੀ ਪਦਾਰਥ ਇਕੱਤਰ ਕਰਕੇ ਆਪਣੇ ਮਨ ਨੂੰ ਹਾਥੀ ਦਾ ਰੂਪ ਦੇ ਲੈਂਦੇ ਹਨ। ਪਰ ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ਧਰਮ ਦਾ ਕੰਮ ਕਰਕੇ ਵੀ ਆਪਣੇ ਮਨ ਨੂੰ ਹਾਥੀ ਬਣਾ ਲੈਂਦੇ ਹਨ। ਜਿਸ ਸਿਮਰਨ ਨੇ ਮਾਨ ਮੁਕਾਉਣਾ ਸੀ, ਗਿਣਤੀਆਂ ਤੋਂ ਉਪਰ ਉਠਣਾ ਸੀ, ਬਲਕਿ ਉਹ ਮਨ ਤਾਂ ਗਿਣਤੀਆਂ ਵਿਚ ਹੀ ਰੁਝ ਗਿਆ। ਇੰਨਾ ਮੂਲ ਮੰਤਰ, ਇੰਨਾ ਗੁਰਮੰਤਰ, ਇੰਨਾ ਮੇਰਾ ਨਿਤਨੇਮ, ਇੰਨੀ ਸ਼ਬਦ ਦੀ ਕਮਾਈ। ਉਹ ਜਿਸ ਨਾਮ ਨੇ, ਜਿਸ ਪਰਮੇਸ਼ਰ ਨੇ ਤੇਰੇ ਮਨ ਵਿਚੋਂ ਇਨ੍ਹਾਂ ਗਿਣਤੀਆਂ-ਮਿਣਤੀਆਂ ਨੂੰ ਖਤਮ ਕਰਨਾ ਹੈ ਤੇ ਤੂੰ ਇਨ੍ਹਾਂ ਚੀਜ਼ਾਂ ਨਾਲ ਹੀ ਆਪਣੇ ਮਨ ਨੂੰ ਹਾਥੀ ਬਣਾ ਲਿਆ। ਗੁਰੂ ਜੀ ਕਹਿੰਦੇ, ਮੈਨੂੰ ਸਮਝ ਨਹੀਂ ਆਉਂਦੀ ਕਿ ਐ ਮਨੁੱਖ ! ਤੂੰ ਇੰਨੇ ਸੂਖਮ ਅਤੇ ਨਿੱਕੇ ਰਸਤੇ ਵਿਚੋਂ ਕਿਸ ਤਰ੍ਹਾਂ ਦੀ ਲੰਘੇਂਗਾ ?

*ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥*

*(ਅਨੰਦੁ ਸਾਹਿਬ, ਪੰਨਾ ੯੧੯)*

ਅਰਥਾਤ ਜਿਸ ਦਿਨ ਤੇਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ, ਉਦੋਂ ਸਮਝ ਲੈਣਾ ਕਿ ਮਨ ਦਾ ਆਕਾਰ ਇੰਨਾ ਕੁ ਹੋ ਗਿਆ ਕਿ ਉਸ ਸੁਰਾਖ ਦੇ ਵਿਚੋਂ ਇਹ ਬਿਲਕੁਲ ਆਰਾਮ ਦੇ ਨਾਲ ਨਿਕਲ ਜਾਵੇਗਾ। ਇਸ ਕਰਕੇ ਦਾਸ ਵਿਚਾਰ ਕਰ ਰਿਹਾ ਹੈ ਕਿ ਸਤਿਗੁਰ ਸੱਚੇ ਪਾਤਸ਼ਾਹ ਜੀ ਦੀ। ਉਹ ਕਹਿ ਰਹੇ ਹਨ ਕਿ ਇਸ ਸੰਸਾਰ ਰੂਪੀ ਬਜ਼ਾਰ ਦੇ ਵਿਚੋਂ ਹਰੀ ਦੇ ਨਾਮ ਦਾ ਧਨ ਇਕੱਤਰ ਕਰਿਆ ਕਰੋ, ਤਾਂ ਹੀ ਮਾਲਕ ਖੁਸ਼ ਹੋਵੇਗਾ, ਨਹੀਂ ਤਾਂ ਨਹੀਂ। ਔਰ ਜਿਸ ਤਰ੍ਹਾਂ ਦੀ ਕੋਈ ਕਮਾਈ ਕਰੇਗਾ, ਉਸ ਨੂੰ ਉਸੇ ਤਰ੍ਹਾਂ ਦੀ ਹੀ ਵਸਤੂ ਪ੍ਰਾਪਤ ਹੋਵੇਗੀ।

ਜਿਸ ਤਰ੍ਹਾਂ ਦਾਸ ਪਹਿਲਾਂ ਬਚਨ ਕਰ ਰਿਹਾ ਸੀ ਕਿ ਇਹ ਜਿਹੜਾ ਸਿੱਖੀ ਦਾ ਮਾਰਗ ਹੈ ਪ੍ਰਭੂ ਪਰਮੇਸ਼ਰ ਨੂੰ ਮਿਲਣ ਦਾ, ਇਸ ਦੇ ਪਹਿਲੇ ਕਦਮ ਤੇ ਹੀ ਇਸ ਨੂੰ ਆਪਣਾ ਸੀਸ ਵੱਢਣਾ ਪਵੇਗਾ ਤੇ ਉਸੇ ਸੀਸ ਤੇ ਹੀ ਇਸ ਨੂੰ ਚੱਲਣਾ ਪਵੇਗਾ। ਜਿਵੇਂ ਜੀਉਂਦੇ ਹੋਏ ਅਸੀਂ ਰਸਤਾ, ਮੰਜ਼ਿਲ ਤੈਅ ਕਰਦੇ ਹਾਂ ਨਾ ਪੈਰਾਂ ਦੇ ਨਾਲ। ਇਸ ਦੇ ਉਲਟ ਜੋ ਸੰਸਾਰ ਦੀ ਪੜ੍ਹਾਈ ਹੈ ਇਹ ਇਕ ਤੋਂ ਸ਼ੁਰੂ ਹੋ ਕੇ ਅਨਿਲ, ਦੇਹ-ਅਨੀਲ ਤੋਂ ਉਪਰ ਚਲੀ ਜਾਂਦੀ ਹੈ। ਔਰ ਜਿਹੜੀ ਰੂਹਾਨੀਅਤ ਧਾਰਮਿਕ ਦੀ ਪਰਮੇਸ਼ਰ-ਵਾਹਿਗੁਰੂ ਦੀ ਮਿਲਾਉਣ ਦੀ ਜਿਹੜੀ ਪੜ੍ਹਾਈ ਹੈ, ਇਕ ਇਕ ਤੋਂ ਜ਼ੀਰੋ ਵੱਲ ਨੂੰ ਤੁਰਦੀ ਹੈ।

*ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥* (ਪੰਨਾ ੨੬੧)

ਇਹ ਲੇਖਿਆਂ-ਜੋਖਿਆਂ ਨਾਲ ਤੇ ਗੱਲ ਬਣਦੀ ਹੀ ਨਹੀਂ। ਲੇਕਿਨ ਸੰਸਾਰ ਤੱਟ ਤੇ ਦੇਖਿਆ ਗਿਆ ਹੈ ਕਿ ਜਿਸ ਨੂੰ ਇਕ ਤੋਂ ਲੈ ਕੇ ਭਾਵ ੧ੳ ਤੋਂ ਲੈ ਕੇ ਅਠਾਰ੍ਹਾਂ-ਵੀਹ ਤੱਕ ਨਾਮ-ਬਾਣੀ ਦਾ ਖਜ਼ਾਨਾ ਮਿਲਿਆ ਹੋਵੇ, ੧੪੨੮ ਅੰਗ ਦਸਮ ਗ੍ਰੰਥ ਦੇ ਮਿਲੇ ਹੋਣ ਤੇ ਭਾਈ ਗੁਰਦਾਸ ਜੀ ਵਰਗਿਆਂ ਦੀ ਕਬਿੱਤ, ਸਵੱਈਏ ਦੀ ਬਾਣੀ ਮਿਲੀ ਹੋਵੇ। ਔਰ ਜਿਨ੍ਹਾਂ ਨੂੰ ਭਾਈ ਨੰਦ ਲਾਲ ਗੋਏ ਵਰਗੇ ਦੀਆਂ ਗਜ਼ਲਾਂ ਪ੍ਰਾਪਤ ਹੋਈਆਂ ਹੋਣ ਤੇ ਫਿਰ ਵੀ ਗੁਰਮੁਖ ਪਿਆਰਿਓ ! ਉਹ ਨਾ ਸਮਝੇ ਤਾਂ ਫਿਰ ਉਸ ਦੇ ਪਿਛਲੇ ਜਨਮ ਦੇ ਮਾੜੇ ਕਰਮ ਉਸ ਦੇ ਨਾਲ ਤੁਰੇ ਫਿਰਦੇ ਨੇ। ਇਸ ਦੇ ਕਹਿਣ ਤੋਂ ਭਾਵ ਕਿ ਇੰਨੀ ਕੁ ਨਿਮਰਤਾ ਗੁਰੂ ਦੇ ਸਿੱਖ ਵਿਚ ਹੋਣੀ ਚਾਹੀਦੀ ਹੈ ਕਿ ਜਿਸ ਨਿਮਰਤਾ ਦੇ ਸਦਕਾ ਇਹ ਆਪਣੀ ਮੰਜ਼ਿਲ ਨੂੰ ਤੈਅ ਕਰੇ। ਭਾਈ ਸਾਹਿਬ ਗੁਰਦਾਸ ਜੀ ਦੇ ਬਚਨ :

੧. *ਹਉ ਤਿਸੁ ਘੋਲਿ ਘੁਮਾਇਆ*
*ਗੁਰਮਤਿ ਰਿਦੈ ਗਰੀਬੀ ਆਵੈ।*

ਇਸ ਪਉੜੀ ਨੂੰ ਸੁਣਨ ਅਤੇ ਸਮਝਣ ਦੀ ਕੋਸ਼ਿਸ਼ ਕਰਨਾ।

੨. *ਹਉ ਤਿਸੁ ਘੋਲਿ ਘੁਮਾਇਆ*
*ਪਰ ਨਾਰੀ ਦੇ ਨੇੜਿ ਨ ਜਾਵੈ।*

੩. *ਹਉ ਤਿਸੁ ਘੋਲਿ ਘੁਮਾਇਆ*
*ਪਰ ਦਰਬੈ ਨੋ ਹਥੁ ਨ ਲਾਵੈ।*

੪. *ਹਉ ਤਿਸੁ ਘੋਲਿ ਘੁਮਾਇਆ*
*ਪਰ ਨਿੰਦਾ ਸੁਣਿ ਆਪੁ ਹਟਾਵੈ।*

੫. *ਹਉ ਤਿਸੁ ਘੋਲਿ ਘੁਮਾਇਆ*
*ਸਤਿਗੁਰ ਦਾ ਉਪਦੇਸੁ ਕਮਾਵੈ।*

੬. *ਹਉ ਤਿਸੁ ਘੋਲਿ ਘੁਮਾਇਆ*
*ਥੋੜਾ ਸਵੈ ਥੋੜੋ ਹੀ ਖਾਵੈ।*
*ਗੁਰਮੁਖਿ ਸੋਈ ਸਹਜਿ ਸਮਾਵੈ॥ ੪॥* (ਵਾਰ ੧੨/੪)

ਕਹਿੰਦੇ ਉਹ ਗੁਰਮੁਖ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੇ ਦਰ ਤੇ ਪਰਵਾਨ ਤੇ ਅਭੇਦ ਹੋ ਸਕਦਾ ਹੈ ਜਿਹੜਾ ਅੱਠੇ-ਪਹਿਰ ਚੌਵੀ ਘੰਟੇ ਨਿਮਰਤਾ ਦੇ ਵਿਚ ਵਿਚਰੇ। ਇਹ ਗੱਲ਼ ਵੱਖਰੀ ਹੈ ਕਿ ਅਗਰ ਕੋਈ ਸਾਡੇ ਗੁਰਾਂ ਦੇ ਵੱਲ ਗਹਿਰੀ ਨਿਗ਼ਾਹ ਨਾਲ ਵੇਖੇ, ਸਾਡੇ ਗੁਰੂ ਸਾਹਿਬਾਂ ਦੀ ਇਸ ਰਸਨਾ ਤੋਂ ਨਿੰਦਿਆ ਕਰੇ ਔਰ ਸਾਡੇ ਗੁਰੂ ਸਾਹਿਬ ਦੀ ਕਿਸੇ ਵੀ ਤਰ੍ਹਾਂ

ਨਾਲ ਬੇਅਦਬੀ ਕਰੇ ਤਾਂ ਉਸ ਨੂੰ "ਸਿਪਾਹੀ" ਦਾ ਰੂਪ ਧਾਰਨਾ ਪੈਂਦਾ ਹੈ। ਭਾਈ ਗੁਰਦਾਸ ਜੀ ਨੇ ਪਹਿਲੀ ਤੁਕ ਦੇ ਵਿਚ ਹੀ ਇਹ ਬਚਨ ਕਹੇ ਹਨ:

*"ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।*

ਜਿਸ ਦੇ ਹਿਰਦੇ ਵਿਚ ਗਰੀਬੀ ਹੋਵੇ ਤੇ ਜਿਸ ਦੇ ਹਿਰਦੇ ਵਿਚ ਗਰੀਬੀ ਹੋਵੇਗੀ ਤਾਂ ਉਹ ਇਸ ਰਸਨਾ ਤੋਂ ਵੀ ਨੀਵੇਂ ਬੋਲ ਬੋਲੇਗਾ। ਔਰ ਉਸਦੇ ਬੋਲਾਂ ਵਿਚ ਹੀ ਮਿਠਾਸ ਹੋਵੇਗੀ। ਕਿਉਂਕਿ ਉਸ ਦਾ ਜਿਹੜਾ ਗੁਰੂ ਹੈ, ਉਸ ਦਾ ਜਿਹੜਾ ਮਾਲਿਕ ਹੈ, ਉਸ ਦੇ ਪ੍ਰਤੀ ਪਰਮੇਸ਼ਰ ਨੇ ਕਹਿ ਦਿੱਤਾ ਕਿ:

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥ (ਪੰਨਾ ੭੮੪)*

ਕਹਿੰਦੇ ਦੁਨੀਆਂ ਦੇ ਲੋਕ ਉਸ ਰੱਬ ਨੂੰ ਗਾਲ੍ਹਾਂ ਕੱਢ-ਕੱਢ ਕੇ ਥੱਕ ਗਏ, ਪਰ ਰੱਬ ਨੇ ਕਦੀ ਵੀ ਉਹਨਾਂ ਤੇ ਡਾਂਗ ਨਹੀਂ ਮਾਰੀ। ਉਹਨਾਂ ਦੀ ਜ਼ਬਾਨ ਨਹੀਂ ਬੰਦ ਕੀਤੀ, ਉਹਨਾਂ ਦੀਆਂ ਅੱਖਾਂ ਨਹੀਂ ਕੱਢੀਆਂ। ਰੱਬ ਕਹਿੰਦਾ ਹੈ ਮੈਂ ਤੈਨੂੰ ਸਭ ਕੁਝ ਦਿੱਤਾ ਹੈ , ਲੇਕਿਨ ਤੂੰ ਮੇਰੇ ਪ੍ਰਤੀ ਕੀ ਕਰ ਰਿਹਾ ਹੈਂ? ਕਿਉਂਕਿ ਗੁਰੂ ਦਾ ਇਹ ਨਿਯਮ ਹੈ, ਮਰਿਯਾਦਾ ਹੈ:

*"ਜੋ ਕਿਛੁ ਪਾਇਆ ਸੁ ਏਕਾ ਵਾਰ॥ (ਜਪੁਜੀ ਸਾਹਿਬ)*

ਭਾਵ ਕਿ ਤੈਨੂੰ ਜੋ ਜ਼ਿੰਦਗੀ ਸਵਾਸ ਧਨ-ਪਦਾਰਥ ਲਿਖੇ ਹਨ, ਉਹ ਤੈਨੂੰ ਮਿਲਣੇ ਹੀ ਮਿਲਣੇ ਹਨ। ਔਰ ਇੰਨੀ ਗੱਲ ਪਰਮੇਸ਼ਰ ਜ਼ਰੂਰ ਕਹਿੰਦਾ ਹੈ ਕਿ ਤੈਨੂੰ ਸਰੀਰ ਰੂਪੀ ਖੇਤੀ ਦਿੱਤੀ ਹੈ, ਪਰ ਇਹ ਤੇਰੇ ਤੇ ਨਿਰਭਰ ਹੈ ਕਿ ਹੁਣ ਤੂੰ ਕਿਹੜਾ ਬੀਜ ਬੀਜਣਾ ਹੈ। ਲੇਕਿਨ ਨਾਲ ਇਹ ਵੀ ਯਾਦ ਰੱਖੀਂ ਕਿ ਜਿਹੜਾ ਬੀਜ ਬੀਜੇਂਗਾ, ਉਸ ਨੂੰ ਨਾਲ ਵੱਢਣਾ ਵੀ ਪਵੇਗਾ। ਭਾਈ ਸਾਹਿਬ ਗੁਰਦਾਸ ਜੀ ਕਹਿੰਦੇ ਹਨ:

੧. *ਹਉ ਤਿਸੁ ਘੋਲਿ ਘੁਮਾਇਆ*
*ਗੁਰਮਤਿ ਰਿਦੈ ਗਰੀਬੀ ਆਵੈ।*

ਦੂਸਰਾ ਬਚਨ ਇਹ ਕਿਹਾ ਕਿ:

*"ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।*

ਭਾਵ ਕਿ ਕਿਹੋ ਜਿਹੀ ਨਿਗਾਹ ਗੁਰੂ ਕੇ ਸਿੱਖ ਦੀ ਹੋਣੀ ਚਾਹੀਦੀ ਹੈ?

*ਸਾਧ ਕੀ ਟਹਲ ਸੰਤਸੰਗਿ ਹੇਤ॥*
*ਕਰਨ ਨ ਸੁਨੈ ਕਾਹੂ ਕੀ ਨਿੰਦਾ॥*
*ਸਭ ਤੇ ਜਾਨੈ ਆਪਸ ਕਉ ਮੰਦਾ॥ (ਪੰਨਾ ੨੭੪)*

ਤੀਸਰਾ ਬਚਨ ਕਿਹਾ ਕਿ:

*ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ॥*

ਗੁਰਦੇਵ ਜੀ ਕਹਿੰਦੇ ਮੈਂ ਉਸ ਦੇ ਵਾਰ-ਵਾਰ ਬਲਿਹਾਰ ਜਾਂਦਾ ਹਾਂ ਜਿਹੜਾ ਪਰਾਏ ਧਨ ਦੇ ਨੇੜੇ ਨਹੀਂ ਜਾਂਦਾ ਤੇ ਜਿਹੜਾ ਪਰਾਈ ਨਿਗਾਹ ਨਾਲ ਕਿਸੇ ਨੂੰ ਵੇਖਦਾ ਨਹੀਂ।

*ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥ (ਵਾਰ ੨੯/੧੧)*

ਸਤਿਗੁਰੂ ਜੀ ਕਹਿੰਦੇ ਹਨ:

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ (ਪੰਨਾ ੭੫੫)*

ਭਾਵ ਕਿ ਕਿਸੇ ਦੀ ਵੀ ਨਿੰਦਾ ਕਰਨੀ ਚੰਗੀ ਨਹੀਂ, ਕਿਉਂਕਿ ਉਹਨਾਂ ਦੇ ਮੂੰਹ ਕਾਲੇ ਕੀਤੇ ਜਾਂਦੇ ਹਨ ਦਰਗਾਹ ਵਿਚ। ਨਰਕਾਂ ਦੇ ਵਿਚ ਉਹਨਾਂ ਨੂੰ ਧਕੇਲਿਆ ਜਾਂਦਾ ਹੈ। ਪਰ ਇਸ ਨਿੰਦਾ ਨੂੰ ਸੁਣਨ ਦਾ ਮਨੁੱਖ ਬਹੁਤ ਆਦੀ ਹੋ ਚੁਕਾ ਹੈ ਔਰ ਨਿੰਦਾ ਕਰਨ ਲਈ ਵੀ ਮਨੁੱਖ ਬਹੁਤ ਲਲਚਾਉਂਦਾ ਰਹਿੰਦਾ ਹੈ। ਔਰ ਅਗਰ ਇਸ ਨੂੰ ਆਲਸ ਹੈ ਤਾਂ ਵਾਹਿਗੁਰੂ-ਵਾਹਿਗੁਰੂ ਕਰਨ ਦਾ। ਅਗਰ ਇਸ ਨੂੰ ਸੁਸਤੀ ਪੈਂਦੀ ਹੈ ਨਾ ਤੇ ਨਿਤਨੇਮ ਕਰਨ ਵਿਚ ਪੈਂਦੀ ਹੈ। ਅਗਰ ਇਸ ਨੂੰ ਕਾਹਲਾ-ਪਨ ਮਹਿਸੂਸ ਹੁੰਦਾ ਹੈ ਤਾਂ ਗੁਰੂ ਕੇ ਚਰਨਾਂ ਵਿਚ ਬੈਠ ਕੇ ਹੁੰਦਾ ਹੈ। ਨਿੰਦਾ ਚੁਗਲੀ ਕਰਦੇ ਇਸ ਨੂੰ ਭਾਵੇਂ ਕਿੰਨੇ ਘੰਟੇ ਮਰਜ਼ੀ ਬੀਤ ਜਾਣ, ਇਸ ਨੂੰ ਕੋਈ ਪਰਵਾਹ ਨਹੀਂ।

ਭਾਈ ਸਾਹਿਬ ਗੁਰਦਾਸ ਜੀ ਕਹਿ ਰਹੇ ਹਨ ਕਿ ਮੈਂ ਉਹਨਾਂ ਪੁਰਖਾਂ ਤੋਂ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਵਿਚ ਇਹ ਗੁਣ ਹਨ:

*ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।*
*ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।*
*ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।*

*(ਵਾਰ ੧੨)*

ਗੁਰਬਾਣੀ ਦੀ ਕੁੰਜੀ ਬਾਣੀ ਕਹਿੰਦੀ ਹੈ ਕਿ ਮੈਂ ਉਸ ਦੇ ਵਾਰਣੇ-ਬਲਿਹਾਰ ਜਾਂਦਾ ਹਾਂ, ਜਿਹੜਾ ਪਰਾਏ ਧਨ ਨੂੰ ਹੱਥ ਲਾ ਕੇ ਖੁਸ਼ ਨਹੀਂ। ਔਰ ਜਿਹੜਾ ਕਹਿੰਦਾ ਹੈ ਆਪਣਾ ਜਮ੍ਹਾਂ ਕਰੀ ਜਾਵੋ ਤੇ ਜਿਹੜਾ ਉਪਰੋਂ ਆਉਂਦਾ ਹੈ ਉਸ ਨੂੰ ਖਰਚੀ ਜਾਵੋ। ਦਾਸ ਕਹਿੰਦੇ ਮੈਂ ਅੱਗੇ ਵੀ ਬੇਨਤੀ ਕੀਤੀ ਸੀ ਨਾਂਕਿ ਅਸੀਂ ਕਹਿੰਦੇ ਹਾਂ ਨਾ ਸਾਨੂੰ ਬਿਲਡਿੰਗਾਂ ਵਿਚ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਸਾਡਾ ਇਨ੍ਹਾਂ ਬਿਲਡਿੰਗ ਵਿਚ ਮਨ ਨਹੀਂ ਲੱਗਦਾ। ਇਹ ਕਿਵੇਂ ਹੋ ਜਾਵੇ? ਹੋ ਨਹੀਂ ਸਕਦਾ ਕਿਉਂਕਿ ਇਨ੍ਹਾਂ ਬਿਲਡਿੰਗਾਂ ਵਿਚ 420 ਤੇ ਹੇਰਾਫੇਰੀ ਦੀ ਕਮਾਈ ਲੱਗੀ ਹੋਈ ਹੈ। ਔਰ ਜਿਥੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਦੇ ਪੈਸੇ ਗੋਲਕ ਵਿਚ ਨਹੀਂ ਪੈਂਦੇ, ਉਥੇ ਪ੍ਰਬੰਧਕਾਂ ਦੇ ਫਿਰ ਸਿਰ ਨਹੀਂ ਫੱਟਣੇ ਤੇ ਫਿਰ ਹੋਰ ਕੀ ਹੋਣਾ ਹੈ? ਉਸ ਗੋਲਕ ਵਿਚ ਜਿਹੜੇ ਚੋਰੀ-ਠੱਗੀ ਕਰਕੇ ਪੈਸੇ ਪਾਏ ਗਏ ਹਨ ਤੇ ਉਹਨਾਂ ਪੈਸਿਆਂ ਦੀ ਵਰਤੋਂ ਕਰਨ ਦੇ ਨਾਲ ਇਹ

ਬੁੱਧੀ ਭ੍ਰਿਸ਼ਟ ਨਹੀਂ ਹੋਣੀ ਤੇ ਹੋਰ ਕੀ ਹੋਣਾ ਹੈ ?

ਪੁਰਾਤਨ ਸਮੇਂ ਕਿੰਨੀ ਕੁ ਨਿਮਰਤਾ ਗੁਰੂ ਕੇ ਸਿੱਖਾਂ ਵਿਚ ਸੀ ? ਜਦੋਂ ਹੀ ਉਹਨਾਂ ਨੇ ਕਿਸੇ ਧਰਮਸ਼ਾਲਾ ਵਿਚ, ਗਿਰਜਾ ਘਰ ਵਿਚ ਜਾਂ ਕਿਸੇ ਹੋਰ ਸਥਾਨ ਤੇ ਜਾਣਾ ਹੁੰਦਾ ਸੀ ਤਾਂ ਉਹਨਾਂ ਦਾ ਹਿਰਦਾ ਪਹਿਲਾਂ ਹੀ ਸ਼ਾਂਤੀ ਨਾਲ ਭਰ ਆਉਂਦਾ ਸੀ। ਉਦੋਂ ਹੀ ਨਿਮਰਤਾ ਆ ਜਾਂਦੀ ਸੀ ਤੇ ਜਿਹੜੀ ਨਿਮਰਤਾ ਅੱਜ ਧਾਰਮਿਕ ਸਥਾਨਾਂ ਦੇ ਨੇੜੇ ਰਹਿਣ ਵਾਲਿਆਂ ਵਿਚ ਦੇਖਣ ਨੂੰ ਨਹੀਂ ਮਿਲਦੀ ਤੇ ਉਹਨਾਂ ਨੇ ਧਾਰਨੀ ਕਿੰਨੀ ਕੁ ਹੈ ? ਕਿਉਂ ਨਹੀਂ ਚਿੱਤ ਦੇ ਨਾਲ ਪਰਮੇਸ਼ਰ ਦਾ ਸਿਮਰਨ ਹੁੰਦਾ ? ਸਾਹਿਬਾਂ ਨੇ ਬਾਰ-ਬਾਰ ਇਹ ਗੱਲ ਕਹਿਣੀ ਕੀਤੀ ਹੈ ਕਿ "ਭਾਈ ਰੇ, ਰਾਮੁ ਕਹਹੁ" ਪਰ ਕਿਸ ਤਰ੍ਹਾਂ ਕਹੀਏ ?

ਗੁਰੂ ਗ੍ਰੰਥ ਸਾਹਿਬ ਜੀ ਕਿਸ ਦੇ ਵਾਰਣੇ ਬਲਿਹਾਰ ਜਾ ਰਹੇ ਹਨ ਤੇ ਭਾਈ ਗੁਰਦਾਸ ਜੀ ਕੁੰਜੀ ਬਾਣੀ ਰਾਹੀਂ ਕਿਸ ਨੂੰ ਕਹਿ ਰਹੇ ਹਨ ਕਿ ਮੈਂ ਕਿਨ੍ਹਾਂ ਤੇ ਬਲਿਹਾਰ ਜਾ ਰਿਹਾ ਹਾਂ :

*ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।*

ਹੱਥ ਲਾਉਣਾ ਵੀ ਪਾਪ ਹੈ :

*ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।*

ਇਥੇ ਨਾ ਪੜ੍ਹਨ ਵਾਸਤੇ ਕਿਹਾ ਹੈ ਤੇ ਨਾ ਹੀ ਸੁਣਨ ਵਾਸਤੇ। ਕਿਉਂਕਿ ਇਥੇ ਗੱਲ ਸਿਰਫ ਕਮਾਈ ਦੀ ਕੀਤੀ ਹੈ। ਭਾਈ ਸਾਹਿਬ ਦੀ ਵਾਰਣੇ-ਬਲਿਹਾਰ ਤੇ ਘੋਲ ਘੁਮਾਈ ਉਹਦੇ ਵਾਸਤੇ ਕਰ ਰਹੇ ਹਨ, ਜਿਸ ਨੇ ਗੁਰੂ ਦੇ ਸ਼ਬਦ ਨੂੰ ਕਮਾਇਆ, ਜਿਸ ਨੇ ਗੁਰੂ ਦੇ ਉਪਦੇਸ਼ ਨੂੰ ਕਮਾਇਆ। ਔਰ ਸਾਹਿਬ ਇਹ ਵੀ ਕਹਿੰਦੇ ਹਨ :

*ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥*
*ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥ (ਪੰਨਾ ੬੦੭)*

ਸਿੰਘ ਕਹਿੰਦੇ, "ਗੁਰਦੇਵ ਜੀ ! ਜੇ ਕੋਈ ਦੱਸ ਹੀ ਨਹੀਂ ਸਕਦਾ ਕਿ ਨਾਮ ਦਾ ਰਸ ਕਿਹੋ ਜਿਹਾ ਹੈ, ਨਾਮ ਦਾ ਆਨੰਦ ਕਿਹੋ ਜਿਹਾ ਹੈ ਤਾਂ ਸਾਨੂੰ ਕਿਵੇਂ ਪਤਾ ਲਗੇਗਾ ? ਇਹ ਗੱਲ ਸੁਣ ਕੇ ਸਾਹਿਬ ਜੀ ਕਹਿੰਦੇ ਇਹ ਇਹੋ ਜਿਹਾ ਰਤਨ ਹੈ ਕਿ ਅਗਰ ਕਿਸੇ ਦੇ ਘਰ ਵਿਚ ਇਹ ਵਾਸਾ ਕਰ ਗਿਆ ਤਾਂ ਉਸ ਦੇ ਜੀਵਨ ਤੋਂ ਪਤਾ ਲੱਗ ਜਾਵੇਗਾ ਕਿ ਨਾਮ ਦਾ ਰਸ ਕਿਹੋ ਜਿਹਾ ਹੈ। ਉਸ ਦਾ ਚਿਹਰਾ ਦੱਸ ਦੇਵੇਗਾ, ਉਸ ਦੀ ਬੋਲ-ਬਾਣੀ ਦੱਸ ਦੇਵੇਗੀ, ਉਸ ਦਾ ਚਲਣਾ ਤੁਹਾਨੂੰ ਦੱਸ ਦੇਵੇਗਾ, ਕਿ ਇਸ ਦੇ ਅੰਦਰ ਨਾਮ ਦਾ ਕਿਣਕਾ ਵੱਸ ਗਿਆ ਤੇ ਉਹ ਮਨ ਕਰਕੇ ਪਰਮੇਸ਼ਰ ਦਾ ਸਿਮਰਨ ਕਰ ਰਿਹਾ ਹੈ।

*ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।*
*ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।*

ਭਾਈ ਸਾਹਿਬ ਜੀ ਕਹਿੰਦੇ ਮੈਂ ਉਸ ਦੇ ਵਾਰਣੇ ਬਲਿਹਾਰ ਜਾਂਦਾ ਹਾਂ ਜਿਹੜਾ:

*ਗੁਰਮੁਖਿ ਸੋਈ ਸਹਜਿ ਸਮਾਵੈ॥ ੪॥*

ਫਿਰ ਉਸ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਵੇਗੀ। ਔਰ ਉਹਦੇ ਤੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਕ੍ਰਿਪਾ ਕਰ ਦੇਣਗੇ ਤੇ ਪੰਚਮ ਪਿਤਾ "ਗੁਰੂ ਅਰਜਨ ਦੇਵ ਜੀ" ਮਹਾਰਾਜ ਦਾ ਬਚਨ:

*ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥*
*ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ॥*

*(ਪੰਨਾ ੪੪੧)*

ਕਹਿੰਦੇ ਐ ਮਨ! ਤੂੰ ਮੱਤ ਕਿਸੇ ਚੀਜ਼ ਦਾ ਹੰਕਾਰ ਕਰ, ਫਿਰ ਸਿੰਘ ਕਹਿੰਦੇ ਮਹਾਰਾਜ ਕੀ ਕਰਾਂ? ਤਾਂ ਗੁਰਦੇਵ ਕਹਿੰਦੇ ਨਿਮਾਣਾ ਹੋ:

*"ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ"*

ਐਡੀ ਵੱਡੀ ਮੇਰੇ ਕੋਲ knowledge, ਇੰਨਾ ਵੱਡਾ ਮੈਂ ਧਨਵਾਨ ਤੇ ਮੈਂ ਇਕ ਕੌਮ ਦਾ ਇੰਨਾ ਵੱਡਾ ਲੀਡਰ ਤੇ ਆਪ ਕਹਿ ਰਹੇ ਹੋ ਕਿ ਬਿਲਕੁਲ ਮਾਨ ਨਹੀਂ ਕਰਨਾ ਤੇ ਹੋਰ ਕੀ ਕਰਨਾ ਹੈ? ਤਾਂ:

*ਗੁਰਮੁਖਿ ਨਿਮਾਣਾ ਹੋਹੁ॥*

ਭਾਵ ਕਿ ਆਪਣੇ ਵਿਚ ਨਿਮਰਤਾ ਲਿਆ। ਕਿਉਂ? ਕਿਉਂਕਿ:

*ਅੰਤਰਿ ਅਗਿਆਨੁ ਹਉ ਬੁਧਿ ਹੈ......*

ਇਸ ਲਈ ਕਿਉਂਕਿ ਤੇਰੇ ਅੰਦਰ ਅਗਿਆਨਤਾ ਤੇ ਹਉਮੈ ਹੈ। ਔਰ ਤੇਰਾ ਹਿਰਦਾ ਵੀ ਮੈਲਾ ਕੁਚੈਲਾ ਹੈ। ਵਿਸ਼ੇ-ਵਿਕਾਰਾਂ ਨਾਲ ਖਰਾਬ ਹੈ।

ਇਸ ਲਈ ਇਸ ਨੂੰ ਸੱਚੇ ਸ਼ਬਦ ਨਾਲ ਧੋ ਲੈ, ਪਰ ਸ਼ਬਦ ਅੰਦਰ ਜਾਵੇਗਾ ਤੇ ਤਾਂ ਹੀ ਧੋਵੇਗਾ ਕਿ ਬਾਹਰੋਂ ਧੋ ਲਵੇਗਾ। ਜਦੋਂ ਸ਼ਬਦ ਅੰਦਰ ਜਾਵੇਗਾ, ਮਨ ਨਾਲ ਇਸ ਨੂੰ ਇਹ ਪੜ੍ਹੇਗਾ, ਫਿਰ ਸ਼ਬਦ-ਸੁਰਤ ਦਾ ਮੇਲ ਹੋ ਜਾਵੇਗਾ ਤਾਂ ਹੀ ਹਿਰਦਾ ਇਸ ਦਾ ਧੁਪੇਗਾ, ਉਂਝ ਕਿਸ ਤਰ੍ਹਾਂ ਹੋਵੇਗਾ?

*"ਸਰੀਰੁ ਕਟਾਇ ਹੋਮੈ ਕਰਿ ਰਾਤੀ॥ (ਪੰਨਾ ੨੬੫)*
*ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ॥*
*ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ॥(ਪੰਨਾ ੪੪੧)*

ਗੁਰਦੇਵ ਕਹਿੰਦੇ ਮੈਂ ਆਪਣੇ ਹੰਕਾਰ ਨਾਲ ਸਾਰਾ ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਸੜਿਆ ਵੇਖਿਆ, ਇਸ ਲਈ ਕਿਤੇ ਤੂੰ ਵੀ ਸੰਸਾਰ ਦੇ ਪਿਛੇ ਲੱਗ ਕੇ ਆਪਣਾ ਆਪ ਗਵਾ

ਨਾ ਲਈਂ। ਭਾਵ ਕਿ ਆਪਣੇ ਆਪ ਦੀ ਸਵਾਹ ਨਾ ਬਣਾ ਲਈਂ। ਇਸ ਸੰਸਾਰ ਨੂੰ ਨਿਸ਼ਫਲ ਨਾ ਕਰ ਦੇਈਂ ਕਿਤੇ !

*ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ॥*

ਕਹਿੰਦੇ ਇਥੇ ਇਕ ਹੋਰ ਸ਼ੰਕਾ ਉਤਪੰਨ ਹੋਵੇਗੀ ਜੋ ਮਨ ਦਾ ਸੁਭਾਉ ਹੈ। ਹਰ ਪੁਆਇੰਟ ਤੇ ਹਰ ਗੱਲ ਤੇ ਸ਼ੰਕਾ ਉਤਪੰਨ ਕਰਨੀ ਤੇ ਕਈ ਵਾਰੀ ਹੈਰਾਨ ਹੋ ਜਾਈਦਾ ਹੈ ਕਿ ਵਿਦੇਸ਼ਾਂ ਵਿਚ ਵੱਸਦੇ ਗੁਰੂ ਕੇ ਸਿੱਖ, ਜਿਨ੍ਹਾਂ ਦੇ ਬੱਚੇ ਇਨ੍ਹਾਂ ਸਕੂਲਾਂ ਤੋਂ ਵਿਦਿਆ ਪ੍ਰਾਪਤ ਕਰਦੇ ਹਨ। ਔਰ ਜਦੋਂ ਇਹ ਟੀਚਰ ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰਸ਼ਨ ਪੁਛਦੇ ਹਨ ਕਿ ਇਹ ਕਿਵੇਂ ਤੁਹਾਡਾ ਧਰਮ ਹੈ ? ਤੁਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਕਿਵੇਂ ਗੁਰੂ ਮੰਨਦੇ ਹੋ ? ਇਹ ਤਾਂ ਇਕ ਕਿਤਾਬ ਹੈ, ਪੋਥੀ ਹੈ। ਅਸੀਂ ਕਿਵੇਂ ਮੰਨ ਲਈਏ ਕਿ ਤੁਹਾਡੇ ਵੱਡੇ-ਵਡੇਰੇ ਬਗੈਰ ਸਿਰਾਂ ਤੋਂ ਲੜੇ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਸੱਤਾਂ-ਅੱਠਾਂ ਮਹੀਨਿਆਂ ਦੇ ਭੁਖਣ-ਭਾਣੇ ਚਾਲੀ ਸਿੰਘ ਤੇ ਉਹਨਾਂ ਨੇ ਦਸ ਲੱਖ ਆਦਮੀਆਂ ਦਾ ਮੁਕਾਬਲਾ ਕੀਤਾ ਹੋਵੇਗਾ ? ਤੇ ਦਾਸ ਕਿਹਾ ਕਰਦਾ ਕਿ ਗੱਲ ਇਕੋ ਹੀ ਹੈ ਕਿ ਜਿਹੜਾ "ਸਿਖ ਧਰਮ" ਖੜਾ ਹੈ ਨਾ ਇਹ ਸ਼ਰਧਾ-ਭਾਵਨਾ ਤੇ ਖੜਾ ਹੈ। ਸਾਨੂੰ ਸਾਡੇ ਗੁਰੂ ਦਾ ਹਕਮ ਹੈ ਕਿ :

*ਗੁਰਿ ਕਹਿਆ ਸਾ ਕਾਰ ਕਮਾਵਹੁ॥*
*ਗੁਰ ਕੀ ਕਰਣੀ ਕਾਹੇ ਧਾਵਹੁ॥* (ਪੰਨਾ ੯੩੩)
*"ਜੋ ਗੁਰੁ ਕਹੈ ਸੋਈ ਭਲ ਮਾਨਹੁ"* (ਪੰਨਾ ੬੬੭)

ਭਾਵ ਕਿ ਜੋ ਸਾਨੂੰ ਗੁਰੂ ਨੇ ਕਿਹਾ ਹੈ, ਉਹ ਤੁਸੀਂ ਕਰੋ। ਤੁਹਾਡੇ ਵਿਚ ਹਿੰਮਤ ਨਹੀਂ, ਤੁਹਾਡੇ ਵਿਚ ਤਾਕਤ ਨਹੀਂ ਕਿ ਤੁਸੀਂ ਗੁਰੂ ਦੀ ਕਰਨੀ ਤੇ ਉਂਗਲੀ ਚੁੱਕੋ ਕਿ ਆਹ ਤੁਸੀਂ ਕੀਤਾ ਤੇ ਕਿਉਂ ਕੀਤਾ ਹੈ ? ਔਰ ਇਹ ਹੁਣ ਪੜਤਾਲ ਕਰ ਰਹੇ ਨੇ, ਅਧਿਐਨ ਕਰ ਰਹੇ ਨੇ ਸਾਇੰਸ ਨੂੰ ਮੁੱਖ ਰੱਖ ਕੇ। ਔਰ ਇਕ ਪਾਸੇ ਸਾਇੰਸ ਹੈ ਜਿਹੜੀ ਦਿਨ-ਰਾਤ ਤਰੱਕੀ ਕਰ ਰਹੀ ਹੈ ਤੇ ਉਹ ਇਹ ਗੱਲ ਦੱਸਣੀ ਚਾਹੁੰਦੀ ਹੈ ਕਿ ਪਰਮੇਸ਼ਰ ਨਾਂ ਦੀ ਕੋਈ ਵੀ ਚੀਜ਼ ਹੈ ਨਹੀਂ। ਰੱਬ ਨਾਂ ਦੀ ਕੋਈ ਵੀ ਚੀਜ਼ ਹੈ ਨਹੀਂ। ਔਰ ਜਿਹੜਾ ਰੱਬ ਨੂੰ ਪਾਉਣ ਵਾਸਤੇ ਮੰਜ਼ਿਲ ਤੇ ਤੁਰਿਆ ਹੋਇਆ ਹੈ ਤੇ ਜਦੋਂ ਉਸ ਨੂੰ ਇਹ ਪਤਾ ਲੱਗੇਗਾ ਤਾਂ ਉਹ ਆਪਣੀ ਮੰਜ਼ਿਲ ਤੇ ਕਿਵੇਂ ਪਹੁੰਚ ਸਕੇਗਾ ? ਉਹ ਕਿਵੇਂ ਗੁਰੂ ਨੂੰ ਗੁਰੂ ਮੰਨ ਲਵੇਗਾ ? ਉਹ ਕਿਵੇਂ ਪਰਮੇਸ਼ਰ ਦੀ ਜੋਤ ਨੂੰ ਅਨੁਭਵ ਕਰ ਲਵੇਗਾ ? ਉਹ ਕਿਵੇਂ ਅਕਾਲ-ਪੁਰਖ ਦੀ ਕੁਦਰਤੀ ਸ਼ਕਤੀ ਨੂੰ ਮੰਨ ਲਵੇਗਾ ? ਇਸ ਲਈ ਹੁਣ ਕਿਹੜੀ ਨਵੀਂ ਬੂਟੀ ਦੇ ਨਾਲ ਇਹਨਾਂ ਨੂੰ ਤੇ ਨਵੀਂ ਜਨਰੇਸ਼ਨ ਨੂੰ ਸਮਝਾ ਸਕੀਏ ? ਜਿੰਨਾ ਚਿਰ ਸ਼ਰਧਾ ਹੀ ਨਹੀਂ ਉਸ ਤੋਂ ਬਗੈਰ ਕੁੱਝ ਵੀਂ ਨਹੀਂ। ਹੁਣ ਇਹ ਸ਼ੰਕਾ ਉੱਠਦੀ ਹੈ ਕਿ ਇਹ ਪਰੈਕਟੀਕਲ ਕਿਵੇਂ ਪਤਾ ਲੱਗੇ ਕਿ ਇਕ ਨੇ ਮਨ ਕਰਕੇ ਗੁਰੂ ਤੇ ਸ਼ਰਧਾ ਰੱਖੀ ਤੇ ਇਕ ਗੁਰੂ ਦੇ ਕੋਲ ਰਹਿ ਕੇ ਵੀ ਅਸ਼ਰਧਕ ਰਿਹਾ। ਇਕ ਧਾਰਮਿਕ ਅਸਥਾਨਾਂ ਤੇ ਆਉਂਦਾ-ਜਾਂਦਾ ਵੀ ਨਿਮਰਤਾ ਦਾ ਅੰਗ ਨਹੀਂ ਬਣ ਸਕਿਆ ਤੇ ਇਕ ਧਾਰਮਿਕ ਅਸਥਾਨਾਂ ਤੋਂ ਦੂਰ

ਰਹਿ ਕੇ ਵੀ ਅਕਾਲ-ਪੁਰਖ ਦੇ ਭੈਅ ਅਤੇ ਡਰ ਤੋਂ ਪਰਮੇਸ਼ਰ ਦੀ ਪ੍ਰਾਪਤੀ ਕਰ ਲਈ। ਸਾਹਿਬਾਂ ਦਾ ਹੀ ਬਚਨ ਹੈ :

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*

ਕਹਿੰਦੇ ਹੁਣ "ਗੁਰੂ ਗ੍ਰੰਥ ਸਾਹਿਬ ਮਹਾਰਾਜ" ਨੂੰ ਹੀ ਲੈ ਲਵੋ। ਇਸ ਦੇ ਦਰਸ਼ਨ ਇਕ ਚੋਰ ਵੀ ਕਰਦਾ, ਇਕ ਮਨਮੁਖ ਵੀ ਕਰਦਾ ਤੇ ਇਕ ਨਿੰਦਕ ਵੀ ਕਰਦਾ ਤੇ ਇਕ ਮਨਮਤੀਆ ਵੀ ਕਰਦਾ। ਸ਼ਰਾਬ ਦੇ ਠੇਕਿਆਂ ਤੇ ਕਬਾਬਾਂ ਵਾਲੇ ਵੀ ਇਥੇ ਆਉਂਦੇ ਹਨ ਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਵੀ ਕਰਨ ਵਾਲੇ ਇਥੇ ਆਉਂਦੇ ਹਨ। ਤਾਂ ਹੀ ਤੇ ਸਤਿਗੁਰਾਂ ਨੇ ਇਹ ਬਚਨ ਕਹਿ ਦਿੱਤਾ ਕਿ :

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥*

*(ਪੰਨਾ ੫੯੪)*

ਇਸ ਲਈ ਕਹਿ ਦਿੱਤਾ ਨਾ ਕਿ ਐ ਦੁਨੀਆਂ ਦੇ ਲੋਕੋ ! ਇਨ੍ਹਾਂ ਸ਼ਬਦਾਂ ਨੂੰ ਦੇਖ ਕੇ ਗੱਲ ਨਹੀਂ ਬਣ ਜਾਣੀ ਤੇ ਇਹ ਵੀ ਪੱਕੀ ਗੱਲ ਹੈ ਕਿ ਦੇਖਣ ਤੋਂ ਬਗੈਰ ਪੜ੍ਹੀ ਨਹੀਂ ਜਾਣੀ ਤੇ ਪੜ੍ਹਨ ਤੋਂ ਬਗੈਰ ਮੰਨੀ ਨਹੀਂ ਜਾਣੀ ਤੇ ਮੰਨਣ ਤੋਂ ਬਗੈਰ ਹਿਰਦੇ ਵਿਚ ਨਹੀਂ ਵੱਸਣੀ। ਇਸ ਲਈ ਜੇ ਸ਼ਬਦ ਨੂੰ ਹਿਰਦੇ ਵਿਚ ਵਸਾਉਣਾ ਹੈ ਤਾਂ ਪਹਿਲਾਂ ਇਸ ਦੇ ਵਿਚਾਰ ਤੇ ਇਸ ਦੀ ਡੂੰਘਾਈ ਜਾਣ। ਜਦੋਂ ਇਸ ਦੀ ਡੂੰਘਾਈ ਜਾਣ ਲਵੇਂਗਾ ਤੇ ਸ਼ਬਦ ਦਾ ਮਨ ਨਾਲ ਜੋੜ ਹੋ ਜਾਵੇਗਾ ਤੇ ਮਨ ਦਾ ਜੋੜ ਫਿਰ ਪਰਮੇਸ਼ਰ ਨਾਲ ਆਪਣੇ ਆਪ ਹੋ ਜਾਵੇਗਾ। ਇਸ ਲਈ ਪਰਮੇਸ਼ਰ ਕੋਲ ਪਹੁੰਚਣ ਲਈ ਜਾਂ ਪਰਮੇਸ਼ਰ ਨੂੰ ਪਾਉਣ ਲਈ ਮਨ ਵਿਚ ਸ਼ਰਧਾ ਤੇ ਵਿਸ਼ਵਾਸ ਦਾ ਹੋਣਾ ਬਹੁਤ ਜ਼ਰੂਰੀ ਹੈ।

# ਸਿੱਖੀ ਦਾ ਬੂਟਾ ਕਿਸ ਨੇ ਲਾਇਆ ?

ਗੁਰੂ ਕੀ ਪਰਮ ਸਤਿਕਾਰਯੋਗ ਸਾਧਸੰਗਤਿ ਜੀ ! ਸੰਸਾਰ ਵਿਚ ਕੇਵਲ ਬਾਣੀ ਦਾ ਹੀ, ਨਾਮ ਦਾ ਹੀ ਤੇ ਬੰਦਗੀ ਦਾ ਹੀ ਮੁੱਲ ਹੈ। ਲੇਕਿਨ ਇਹ ਵੀ ਉਨ੍ਹਾਂ ਵਾਸਤੇ ਜੋ ਇਸ ਨੂੰ ਮੰਨਦੇ ਹਨ। ਇਸੇ ਹੀ ਤਰ੍ਹਾਂ ਦੋ ਮਨੁੱਖ ਸੀ, ਉਹਨਾਂ ਵਿਚੋਂ ਇਕ ਗੁਰੂ ਘਰ ਦਾ 'ਸ਼ਰਧਾਲੂ' ਸੀ ਤੇ ਇਕ 'ਅਸ਼ਰਧਕ' ਸੀ। ਭਾਵ ਕਿ ਉਸ ਦੇ ਮਨ ਵਿਚ ਕਿਸੇ ਵੀ ਵਾਸਤੇ ਸ਼ਰਧਾ ਨਹੀਂ ਸੀ। ਇਕ ਨੇ ਮਨ੍ਹਾਂ ਕਰ ਦਿੱਤਾ ਤੇ ਇਕ ਕਹਿੰਦਾ ਮੇਰਾ ਘਰ, ਮੇਰੀ ਹਵੇਲੀ, ਆਪ ਜੀ ਦੇ ਜੰਗ ਕਰਨ ਵਾਸਤੇ ਹਾਜ਼ਿਰ ਹੈ। ਫਿਰ ਸਾਹਿਬਾਂ ਨੇ ਤੇ ਪੰਜਾਂ ਪਿਆਰਿਆਂ ਨੇ ਜਲਦੀ ਤੋਂ ਜਲਦੀ ਇਸ ਦੀ ਮੋਰਚਾਬੰਦੀ ਕਰ ਲਈ।

ਇਤਿਹਾਸ ਵਿਚ ਅੱਜ ਵੀ ਇਹ ਬਿਆਨ ਪੜ੍ਹੇ ਜਾਂਦੇ ਹਨ ਕਿ ਵੀਹਵੀਂ ਸਦੀ ਦੇ ਮਹਾਨ ਯੋਧੇ ਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਨੂੰ ਗ੍ਰਿਫਤਾਰ ਕਰਨਾ ਕੋਈ ਵੱਡੀ ਗੱਲ ਨਹੀਂ ਸੀ। ਪਰ ਆਪ ਜੀ ਨੂੰ ਪਤਾ ਹੈ ਕਿ ਉਹ ਇਕ ਪੂਰਨ ਸੰਤ ਸਨ। ਉਹ ਇਕ ਮਹਾਨ ਯੋਧੇ ਤੇ ਪੂਰਨ ਬ੍ਰਹਮ-ਗਿਆਨੀ ਵੀ ਸਨ। ਉਹਨਾਂ ਨੇ ਤਨ-ਮਨ ਤੇ ਧਨ ਗੁਰੂ ਦੇ ਅਰਪਣ ਕੀਤਾ ਸੀ। ਆਪਣਾ ਜੀਵਨ ਗੁਰੂ ਦੇ ਕਹੇ ਹੋਏ ਮੁਤਾਬਿਕ ਹੀ ਚਲਾਇਆ। ਇਨ੍ਹਾਂ ਦੇ ਮੁਤੱਲਕ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਚਨ ਆਉਂਦੇ ਹਨ :

*ਆਖਾ ਜੀਵਾ ਵਿਸਰੈ ਮਰਿ ਜਾਉ॥* *(ਪੰਨਾ ੯)*

ਭਾਵ ਕਿ ਜਿਨ੍ਹਾਂ ਨੇ ਪ੍ਰਣ ਕੀਤਾ ਸੀ ਕਿ ਇਹ ਜ਼ਿੰਦਗੀ ਓਨਾ ਚਿਰ ਸੁਖੀ ਰਹੇਗੀ ਜਿੰਨਾ ਚਿਰ ਇਹ ਗੁਰੂ ਦੇ ਬਚਨਾਂ ਤੇ ਪਹਿਰਾ ਦਿੰਦੀ ਰਹੇਗੀ। ਔਰ ਜਦੋਂ ਇਹ ਪਹਿਰੇ ਤੋਂ ਖਿੜਕ ਗਈ, ਉਸ ਵਕਤ ਇਸ ਜ਼ਿੰਦਗੀ ਦਾ ਅੰਤ ਹੋ ਜਾਣਾ ਹੀ ਠੀਕ ਹੈ। ਔਰ ਹਿੰਦੁਸਤਾਨ ਦੀ ਜ਼ਾਲਮ ਸਰਕਾਰ ਨੂੰ ਮਹਾਂਪੁਰਸ਼ਾਂ ਦੀ ਗ੍ਰਿਫਤਾਰੀ ਦੇ ਸਾਹਮਣੇ ਗੋਡੇ ਟੇਕਣੇ ਪਏ। ਔਰ ਕੇਵਲ ਤੇ ਕੇਵਲ ਇਹ ਇਤਿਹਾਸ ਹਿੰਦੁਸਤਾਨ ਦਾ ਅਗਰ ਨਵਾਂ ਸਿਰਜਿਆ ਤਾਂ ਉਹ ਸਿਰਫ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਸਿਰਜਿਆ। ਕਿਉਂਕਿ ਉਹਨਾਂ ਦੇ ਮਨ ਦਾ ਇਹ ਪੱਕਾ ਭਰੋਸਾ ਸੀ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਅਸੀਂ ਸਿੰਘ ਹਾਂ। ਔਰ ਸਾਨੂੰ ਕਲਗੀਧਰ ਪਾਤਸ਼ਾਹ ਜੀ ਨੇ ਸੰਮਤ 1699 ਵਾਲੇ ਦਿਨ 'ਪੂਰਨ ਮਨੁੱਖ' ਦੀ ਮੋਹਰ ਲਾ ਕੇ ਇਹ ਬਚਨ ਕਹੇ ਕਿ :

*"ਖਾਲਸਾ ਖਾਸ ਕਹਾਵੈ ਸੋਈ॥ ਜਾ ਕੈ ਹਿਰਦੈ ਭਰਮ ਨ ਹੋਈ॥*

*ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈ ਸਾਰਾ॥*

ਪਰ ਖਾਲਸਾ–

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ......*

ਭਾਵ ਕਿ ਜਿਸ ਦੇ ਵਿਚ ਪ੍ਰਭੂ-ਪਰਮੇਸ਼ਰ ਦੇ ਪ੍ਰਤੀ ਤੇ ਜ਼ਿੰਦਗੀ ਦੇ ਮੋੜ ਵਿਚ ਕਿਸੇ ਵੀ ਤਰ੍ਹਾਂ ਦਾ ਭੁਲੇਖਾ ਨਾ ਹੋਵੇ। ਔਰ ਇਹ ਆਤਮ-ਰਸ ਦਾ ਵਣਜਾਰਾ ਹੋਵੇ। ਇਹ ਨਹੀਂ ਕਿ ਗੁਰੂ ਸਾਹਿਬਾਂ ਦਾ ਇਤਿਹਾਸ ਹੋਵੇ ਤੇ ਅਸੀਂ ਗੱਲਾਂ ਦੇ ਵਣਜਾਰੇ ਹੋਈਏ, ਔਰ ਸਾਡਾ ਮਨ ਵੀ ਇੱਧਰ-ਉਧਰ ਦੌੜਦਾ ਹੋਵੇ।

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*... ... ... ... ... ... ... ... ...*
*... ਹਰਿ ਹਰਿਜਨ ਦੁਏ ਏਕ ਹੈ ਬਿਬ ਬਿਚਾਰ ਕਛੁ ਨਾਹਿ॥*

ਕਹਿੰਦੇ ਸਾਨੂੰ ਪੂਰਨ ਖਾਲਸਾ, ਪੂਰਨ ਮਨੁੱਖ ਗੁਰੂ ਗੋਬਿੰਦ ਸਿੰਘ ਨੇ ਬਣਾਇਆ ਹੈ। ਔਰ ਉਹਨਾਂ ਨੇ ਜੋ ਇਤਿਹਾਸ ਸਿਰਜਿਆ, ਉਹ ਆਪ ਜੀ ਦੇ ਸਾਹਮਣੇ ਹੈ। ਇਸ ਲਈ ਐ ਦੁਨੀਆਂ ਦੇ ਲੋਕੋ ! ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਨਾਮ-ਬਾਣੀ ਤੇ ਸਿਮਰਨ ਸੇਵਾ ਕਰੋ। ਇਸ ਕਰਕੇ ਨਹੀਂ ਕਿ ਇਹ ਸੰਸਥਾ ਅਲੱਗ ਹੈ ਜਾਂ ਹੋਰ ਸੰਸਥਾ ਹੈ। ਬਾਣੀ ਇਕੋ ਹੀ ਹੈ ਔਰ ਜਿਹੜਾ ਵੀ ਆਪਣੀ ਵਿਚਾਰ ਇਸ ਕਥਾ ਨਾਲ, ਇਸ ਬਾਣੀ ਨਾਲ ਜੋੜਦਾ ਹੈ, ਉਹ ਗੁਰੂ ਕਾ ਸਿੱਖ ਹੈ। ਔਰ ਉਹ ਗੁਰੂ ਦੀਆਂ ਖੁਸ਼ੀਆਂ ਦਾ ਪਾਤਰ ਵੀ ਬਣ ਸਕਦਾ ਹੈ।

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥ ੧॥ (ਪੰਨਾ ੧੧੦੫)*

ਅੱਜ ਦਾ ਸਿੱਖ 'ਖਾਲਸਾ' ਅਖਵਾਉਣ ਵਾਲਾ ਲਗਦਾ ਤਾਂ ਹੈ। ਪਰ ਕਈ ਲੜਦੇ ਵੀ ਹਨ। ਕੋਈ ਜ਼ਮੀਨ ਵਾਸਤੇ ਲੜਦਾ ਹੈ, ਕੋਈ ਗੁਰਦੁਆਰੇ ਦੀ ਗੋਲਕ ਵਾਸਤੇ ਲੜਦਾ ਹੈ। ਪਰ ਕੋਈ ਵੀ ਖਾਲਸਾ ਅਗਰ ਗਊ-ਗਰੀਬ ਦੀ ਰਖਿਆ ਵਾਸਤੇ ਲੜਦਾ ਹੈ, ਉਹੀ ਅਕਾਲ-ਪੁਰਖ ਦੇ ਚਰਨਾਂ ਵਿਚ ਸਫਲ ਹੁੰਦਾ ਹੈ।

'ਚਮਕੌਰ ਦੀ ਗੜ੍ਹੀ' ਵਿਚ ਸਾਰੀ ਮੋਰਚਾਬੰਦੀ ਤੇ ਅਟਾਰੀ ਤੇ ਦਸਮੇਸ਼ ਪਿਤਾ ਕਲਗੀਧਰ ਪਾਤਸ਼ਾਹ ਜੀ ਆਪ ਬੈਠ ਗਏ। ਔਰ ਇਹ ਪੜ੍ਹਦੇ ਹਨ :

*"ਦੇਹ ਸ਼ਿਵਾ ਬਰ ਮੋਹਿ ਇਹੈ,*
*ਸੁਭ ਕਰਮਨ ਤੇ ਕਬਹੂੰ ਨ ਟਰੋਂ॥*
*ਨ ਡਰੋਂ ਅਰਿ ਸੋ ਜਬ ਜਾਇ ਲਰੋਂ,*

ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿਖ ਹੌ ਆਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ॥"

ਜਦੋਂ ਵੀ ਜ਼ਰੂਰਤ ਪਵੇ ਇਹ ਸਰੀਰ ਗੁਰੂ ਸਾਹਿਬਾਂ ਦਾ ਹੋ ਚੁਕਾ। ਲੇਕਿਨ ਜਦੋਂ ਗੁਰੂ ਨੂੰ ਪਵੇ ਲੋੜ ਫਿਰ ਇਹ ਗਿੱਦੜਾਂ ਵਾਂਗੂੰ ਸਮਾਧੀਆਂ ਵਿਚ ਲੁਕ ਜਾਂਦੇ ਨੇ। ਫਿਰ ਇਹ ਚਾਰ ਦਿਨ ਦੀ ਜ਼ਿੰਦਗੀ ਨੂੰ ਲੁਕਾਉਂਦੇ ਫਿਰਦੇ ਨੇ ਦੂਨੀ ਚੰਦ ਵਾਂਗੂੰ। ਪਰ ਉਸ ਦਾ ਹਸ਼ਰ ਕੀ ਹੋਇਆ ? ਉਹ ਮੌਤ ਦਾ ਡਰਦਾ ਬੇਮੁੱਖ ਹੋਇਆ ਤੇ ਮੌਤ ਫਿਰ ਉਸ ਦੇ ਅੱਗੇ ਖੜੀ ਹੈ।

ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਅਮੋਲਕ ਬਾਣਾਂ ਦੀ ਵਰਖਾ ਕਰਕੇ ਇਨ੍ਹਾਂ ਜ਼ਾਲਮਾਂ ਨੂੰ, ਇਨ੍ਹਾਂ ਫੌਜੀਆਂ ਨੂੰ ਮੂੰਹ-ਤੋੜਵਾਂ ਜਵਾਬ ਦਿੱਤਾ। ਅਖੀਰ ਜਦੋਂ ਵੇਖਿਆ ਕਿ ਹੁਣ ਸਿੰਘ ਪੰਜਾਂ-ਪੰਜਾਂ ਦੇ ਜੱਥੇ ਕਰਕੇ ਤੇ ਸ਼ਹਾਦਤ ਦਾ ਜਾਮ ਬੜੀ ਹੀ ਖੁਸ਼ੀ ਦੇ ਨਾਲ ਪੀ ਰਹੇ ਹਨ ਤੇ ਹੁਣ ਸਾਹਿਬਜ਼ਾਦਾ 'ਅਜੀਤ ਸਿੰਘ' ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਮਨੋਂ ਅਰਦਾਸ ਕਰਕੇ ਇਸ਼ਾਰਾ ਕਰ ਰਿਹਾ ਹੈ ਕਿ ਪਿਤਾ ਜੀ, ਜੇ ਆਪ ਜੀ ਦਾ ਹੁਕਮ ਹੋਵੇ ਤੇ ਮੈਂ ਆਪ ਜੀ ਦੇ ਸਿਖਾਏ ਹੋਏ ਧਰਮ ਸ਼ਸ਼ਤਰਾਂ ਦੇ ਜੌਹਰ ਮੈਦਾਨੇ-ਜੰਗ ਵਿਚ ਜਾ ਕਰਕੇ ਦਿਖਾਲਣਾ ਕਰਾਂ। ਅਗਰ ਤਾਂ ਉਹ ਦੰਭੀ-ਪਾਖੰਡੀ, ਮੱਥੇ ਟਿਕਾਉਣ ਵਾਲਾ, ਸਾਡੇ ਵਰਗਾ ਸਾਧ ਹੁੰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਆਪਣੇ ਪਰਿਵਾਰ ਨੂੰ ਕਿਤੇ ਸੁਰੱਖਿਅਤ ਥਾਂ ਤੇ ਪਹੁੰਚਾਂਦਾ। ਔਰ ਨਾਲੇ ਇਹ ਕਹਿੰਦਾ ਹੈ ਕਿ ਅਗਰ ਮੈਂ ਖਤਮ ਵੀ ਹੋ ਗਿਆ ਤਾਂ ਕੋਈ ਨਹੀਂ। ਧਨ-ਦੌਲਤ ਤੁਹਾਡੇ ਕੋਲ ਬਹੁਤ ਹੈ ਤੇ ਤੁਸੀਂ ਆਪਣਾ ਸੁਖੀ ਜੀਵਨ ਬਤੀਤ ਕਰਨਾ। ਪਰ ਉਹ ਪੂਰਨ ਗੁਰੂ ਸੀ, ਪੂਰਨ ਮਨੁੱਖ ਸੀ, ਜਿਹੜਾ ਦੂਜੇ ਧਰਮ ਦੇ ਵਿਦਵਾਨ ਦੀ ਨਿਗਾਹ ਵਿੱਚ ਪੂਰਾ ਸੀ ਤੇ ਉਸ ਦੇ ਮਨ ਵਿਚ ਵੀ ਬੜਾ ਚਾਉ ਸੀ। ਔਰ ਅੱਗੋਂ ਗੁਰੂ ਜੀ ਦਾ ਵੀ ਇਹੋ ਕਹਿਣਾ ਸੀ ਕਿ ਸਿੰਘ ਤਾਂ ਕਾਫੀ ਸ਼ਹਾਦਤ ਦਾ ਜਾਮ ਪੀ ਚੁੱਕੇ ਹਨ ਤੇ ਹੁਣ ਆਪਣਾ ਵੱਡਾ ਪੁੱਤਰ ਇਹ ਵੀ ਮੈਦਾਨੇ-ਜੰਗ ਵਿਚ ਜਾ ਕਰਕੇ ਤੇ ਜੋ ਵਿਦਿਆ ਇਸ ਨੇ ਅਨੰਦਪੁਰ ਦੇ ਮੈਦਾਨ ਵਿਚੋਂ ਸਿੱਖੀ ਹੈ ਹੁਣ ਉਹ ਮੈਦਾਨੇ-ਜੰਗ ਵਿਚ ਜਾ ਕੇ ਦਿਖਾਵੇ। ਬਾਬਾ ਅਜੀਤ ਸਿੰਘ ਜੀ ਨੇ ਜਲਦੀ ਹੀ ਦਸਮੇਸ਼ ਪਿਤਾ ਜੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ। ਫਿਰ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਆਪਣੇ ਹੱਥੀਂ ਉਹਨਾਂ ਦੇ ਸ਼ਸ਼ਤਰ-ਵਸਤਰ ਸਜਾਉਣੇ ਕੀਤੇ। ਓ ਗੁਰਮੁਖੋ ! ਜਿਹੜੇ ਧਰਮ ਦੇ ਠੇਕੇਦਾਰ ਨੇ, ਇਹਨਾਂ ਦਾ ਜ਼ਰਾ ਜੀਵਨ ਪੜ੍ਹੋ। ਇਨ੍ਹਾਂ ਦਾ ਇਤਿਹਾਸ ਪੜ੍ਹੋ। ਅਗਰ ਇਨ੍ਹਾਂ ਦੇ ਦੂਰੋਂ-ਨੇੜਿਓਂ ਕਿਸੇ ਨੇ ਵੀ ਧਰਮ ਦੀ ਖਾਤਿਰ ਕੁਰਬਾਨੀ ਕੀਤੀ ਤਾਂ ਇਹ ਸਤਿਕਾਰ-ਯੋਗ ਹੈ। ਔਰ ਅਗਰ ਇਨ੍ਹਾਂ ਦੇ ਪਰਿਵਾਰ ਬਿਲਕੁਲ ਸੇਫ ਹਨ ਤੇ ਇਹ ਬਿਗਾਨੇ ਪੁੱਤਰਾਂ ਨੂੰ ਜੇਲ੍ਹਾਂ ਵਿਚ ਡੱਕ ਕੇ, ਉਹਨਾਂ ਨੂੰ ਉਤਸ਼ਾਹਿਤ ਕਰਨਾ ਤੇ ਮੌਤ

ਦੇ ਘਾਟ ਉਤਾਰਨਾ ਤੇ ਆਪਣੀ ਗੱਦੀ ਗੁਰਮੁਖੋ ਪੱਕੀ ਕਰਨੀ। ਪਰ ਇਥੇ ਤਾਂ ਇਨ੍ਹਾਂ ਦੀ ਸਿਰਫ ਰਾਜਨੀਤੀ ਚੱਲ ਸਕਦੀ ਹੈ। ਲੇਕਿਨ ਪਤਾ ਉਦੋਂ ਲੱਗਣਾ ਹੈ ਜਦੋਂ ਜਮਾਂ ਨੇ ਇਨ੍ਹਾਂ ਦੇ ਨੱਕ ਵਿਚ ਨਕੇਲ ਪਾ ਕੇ ਇਨ੍ਹਾਂ ਨੂੰ ਘੜੀਸਨਾ ਸ਼ੁਰੂ ਕੀਤਾ।

ਜਦੋਂ ਅਜੀਤ ਸਿੰਘ ਜੀ ਮੈਦਾਨ ਦੇ ਵਿਚ ਪਹੁੰਚੇ ਤਾਂ ਉਧਰੋਂ ਗੁਰੂ ਜੀ ਅਟਾਰੀ ਤੋਂ ਦੇਖ ਰਹੇ ਹਨ ਕਿ ਕਿੰਨੇ ਕੁ ਜ਼ਾਲਮ, ਕਿੰਨੀਆਂ ਕੁ ਫੌਜਾਂ ਇਸ ਅਜੀਤ ਸਿੰਘ ਦੇ ਦੁਆਲੇ ਲੱਗੇ ਹੋਏ ਨੇ। ਬਿਜਲੀ ਦੀ ਤਰ੍ਹਾਂ ਇਹ ਮੈਦਾਨੇ-ਜੰਗ ਵਿਚ ਸ਼ਮਸ਼ੀਰ ਚਲਾ ਰਹੇ ਹਨ। ਔਰ ਜਿਸ ਤਰ੍ਹਾਂ ਬਿਜਲੀ ਲਿਸ਼ਕਦੀ ਹੈ ਨਾ, ਉਸੇ ਤਰ੍ਹਾਂ ਇਕੋ ਹੀ ਵਾਰ ਇਹ ਪਤਾ ਨਹੀਂ ਕਿੰਨੇ ਕੁ ਦੁਸ਼ਟਾਂ ਨੂੰ ਸੋਧ ਰਿਹਾ ਹੈ। ਇਹ ਵੇਖ ਕੇ ਸਾਹਿਬ ਜੀ ਬਹੁਤ ਖੁਸ਼ ਹੋ ਰਹੇ ਹਨ। ਔਰ ਜਦੋਂ ਬਾਬਾ ਅਜੀਤ ਸਿੰਘ ਨੇ ਵੀ ਸ਼ਹਾਦਤ ਦਾ ਜਾਮ ਪੀ ਲਿਆ ਤੇ ਕਲਗੀਧਰ ਪਾਤਸ਼ਾਹ ਜੀ ਨੇ ਅਟਾਰੀ ਤੋਂ ਜੈਕਾਰੇ ਦੀ ਆਵਾਜ਼ ਬੁਲੰਦ ਕੀਤੀ ਕਿ :

*"ਬੋਲੇ ਸੋ ਨਿਹਾਲ॥*
*ਸਤਿ ਸ੍ਰੀ ਅਕਾਲ॥"*

ਗੁਰਮੁਖੋ ! ਇਸੇ ਤਰ੍ਹਾਂ ਬਾਬਾ ਜੁਝਾਰ ਸਿੰਘ ਜੀ ਮੈਦਾਨੇ-ਜੰਗ ਵਿਚ ਆਏ। ਔਰ ਵਕਤ ਨੂੰ ਵਿਚਾਰਦੇ ਹੋਇਆਂ ਕਲਗੀਧਰ ਪਾਤਸ਼ਾਹ ਜੀ ਦੇ ਸਿੰਘਾਂ ਨੇ ਗੁਰੂ ਅੱਗੇ ਬੇਨਤੀ ਕੀਤੀ, "ਮਹਾਰਾਜ ! ਤੁਸੀਂ ਇਥੋਂ ਨਿਕਲ ਜਾਉ, ਕਿਉਂਕਿ ਅਗਰ ਤੁਸੀਂ ਹੋਵੋਗੇ ਤਾਂ ਹੀ ਸਾਡੇ ਵਰਗੇ ਹੋਰ ਸਿੰਘ ਪੈਦਾ ਕਰ ਸਕੋਗੇ ਤੇ ਇਨ੍ਹਾਂ ਜ਼ਾਲਮਾਂ ਦਾ ਮੁਕਾਬਲਾ ਕਰ ਸਕੋਗੇ। ਪਰ ਗੁਰੂ ਜੀ ਨੇ ਕਿਹਾ ਕਿ ਮੇਰੇ ਮਨ ਵਿੱਚ ਇਹ ਚਾਅ ਹੈ ਕਿ :

*"ਕਬਹੂੰ ਨ ਟਰੋਂ,*
*ਸੁਭ ਕਰਮਨ ਤੇ......."*

ਦਸਮੇਸ਼ ਪਿਤਾ ਜੀ ਦੀਆਂ ਦੋ ਜਿੰਦਾਂ ਮੈਦਾਨੇ-ਜੰਗ ਵਿਚ ਪਈਆਂ ਹੋਈਆਂ। ਪ੍ਰਾਣਾਂ ਤੋਂ ਪਿਆਰੇ ਸਿੰਘਾਂ ਦੀਆਂ ਲਾਸ਼ਾਂ ਮੈਦਾਨੇ-ਜੰਗ ਵਿਚ ਪਈਆਂ ਹੋਣ। ਫਿਰ ਸਿੰਘਾਂ ਨੇ ਮਹਾਰਾਜ ਨੂੰ ਬੇਨਤੀ ਕੀਤੀ ਕਿ ਤੁਸੀਂ ਇਥੋਂ ਚਲੇ ਜਾਉ। ਪਰ ਮਹਾਰਾਜ ਨੇ ਕਿਹਾ ਕਿ ਪਿਛੇ ਹੱਟਣਾ ਨਹੀਂ, ਬਲਕਿ ਹਰ ਘੜੀ ਦਾ ਮੁਕਾਬਲਾ ਕਰਨਾ ਸਿੱਖਿਆ ਹੈ। ਔਰ ਮੈਂ ਬੁਜ਼ਦਿਲਾਂ ਵਾਂਗੂੰ ਇਹ ਗੜ੍ਹੀ ਛੱਡਣੀ ਨਹੀਂ, ਬਲਕਿ ਮੈਂ ਤਾੜੀ ਵਜਾ ਕੇ ਇਸ ਗੜ੍ਹੀ ਨੂੰ ਛੱਡਾਂਗਾ। ਔਰ ਤਾੜੀ ਦੀ ਨਿਸ਼ਾਨੀ ਤੇ ਹੀ ਸਾਡਾ ਮਿਲਾਪ ਹੋਵੇਗਾ। ਜਿਥੇ "ਤਾੜੀ ਸਾਹਿਬ" ਗੁਰਦੁਆਰਾ ਹੈ, ਉਥੇ ਦਸਮੇਸ਼ ਪਿਤਾ ਜੀ ਪਹੁੰਚ ਗਏ। ਫਿਰ ਭਾਈ ਦਇਆ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਗੜ੍ਹੀ ਤੋਂ ਉਤਰੇ। ਰਾਤ ਦਾ ਸਮਾਂ ਸੀ ਜਦੋਂ ਭਾਈ ਦਇਆ ਸਿੰਘ ਜੀ ਬਾਬਾ ਅਜੀਤ ਸਿੰਘ ਜੀ ਦੀ ਲਾਸ਼ ਕੋਲ ਪਹੁੰਚੇ ਤੇ ਉਹਨਾਂ ਕੋਲੋਂ ਅੱਗੇ ਕਦਮ ਨਾ ਪੁੱਟਿਆ ਗਿਆ। ਫਿਰ ਜਦੋਂ ਭਾਈ ਦਇਆ ਸਿੰਘ ਜੀ ਨੇ ਸੋਚਿਆ ਤਾਂ ਉਹਨਾਂ ਨੂੰ ਉਹ ਗਲੀਆਂ ਯਾਦ ਆਈਆਂ ਜਿਥੇ ਬਾਬਾ

ਅਜੀਤ ਸਿੰਘ ਜੀ ਖੇਡਦੇ ਹੁੰਦੇ ਸਨ। ਜਿਸ ਧਰਤੀ ਤੇ ਮੈਂ ਇਸ ਨੂੰ ਖੁਦ ਸ਼ਸ਼ਤਰ-ਵਿਦਿਆ ਸਿਖਾਈ। ਇਸ ਲਈ ਮੈਂ ਕਿਸ ਤਰ੍ਹਾਂ ਅੱਗੇ ਕਦਮ ਪੁੱਟਾਂ ? ਫਿਰ ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਰ-ਧਿਆਨ ਹੋ ਕਰਕੇ ਦੇਖਿਆ ਕਿ ਦਇਆ ਸਿੰਘ ਰੁਕ ਗਿਆ ਤੇ ਜੋ ਦਸਮੇਸ਼ ਪਿਤਾ ਜੀ ਨੇ ਬਚਨ ਕਹੇ :

*"ਉਤਾਂਹ ਉੱਠ,*
*ਉਹ ਨਹੀਂ ਦੇਸ਼ ਭਗਤ ਹੁੰਦਾ।*
*'ਉਤਾਂਹ ਉੱਠ'*

ਭਾਵ ਕਿ ਨੀਵੀਂ ਨਾ ਪਾ ਤੇ ਨਾ ਹੀ ਬਾਬਾ ਅਜੀਤ ਸਿੰਘ ਜੀ ਦੇ ਸਰੀਰ ਤੇ ਪਏ ਹੋਏ ਫੱਟ ਗਿਣ ਕਿ ਤੀਰ ਕਿੰਨੇ ਕੁ ਲੱਗੇ ਹਨ। ਤਲਵਾਰਾਂ ਦੇ ਵਾਰ ਕਿੰਨੇ ਕੁ ਹੋਏ ਨੇ। ਪੈਰਾਂ ਤੋਂ ਲੈ ਕੇ ਸਿਰ ਤੱਕ ਸਰੀਰ ਦੀ ਕੋਈ ਵੀ ਜਗ੍ਹਾ ਖਾਲ੍ਹੀ ਨਹੀਂ। ਇਸ ਲਈ ਭਾਈ ਦਇਆ ਸਿੰਘ ਜੀ ਕਹਿਣ ਲੱਗੇ ਕਿ ਮੈਂ ਅੱਗੇ ਨਹੀਂ ਜਾ ਸਕਦਾ। ਫਿਰ ਦਸਮੇਸ਼ ਪਿਤਾ ਜੀ ਨੇ ਕਿਹਾ :

*"ਉਤਾਂਹ ਉੱਠ,*
*ਉਹ ਨਹੀਂ ਦੇਸ਼-ਭਗਤ ਹੁੰਦਾ*
*ਜੋ ਸ਼ਹੀਦ ਦੀ ਮੌਤ ਤੇ ਝੂਰਦਾ ਹੈ।*
*ਇਹ ਤਾਂ ਮੰਜ਼ਿਲਾਂ ਮਾਰ ਕੇ ਪਿਆ ਲੰਮਾ।*
*ਮੈਨੂੰ ਜੱਗ ਸਾਰੇ ਦੀ ਪਰਵਾਹ ਨਹੀਂ,*
*ਲੱਖ ਵਾਰੀ ਇਹ ਰਣ ਦਾ ਚੋਰ ਸਮਝੇ*
*ਮੈਂ ਇਹ ਨਾ ਸੁਣਾਂ ਕਿ ਗੋਬਿੰਦ ਸਿੰਘ ਨੇ,*
*ਪੁੱਤ ਹੋਰ ਸਮਝੇ, ਸਿੱਖ ਹੋਰ ਸਮਝੇ।"*

ਦਸਮੇਸ਼ ਪਿਤਾ ਜੀ ਕਹਿੰਦੇ ਮੈਂ ਸੰਸਾਰ ਦੀ ਹਰ ਗੱਲ ਸੁਣਨ ਵਾਸਤੇ ਤਿਆਰ ਹਾਂ, ਪਰ ਮੈਂ ਇਹ ਗੱਲ ਸੁਣਨ ਵਾਸਤੇ ਤਿਆਰ ਨਹੀਂ ਕਿ ਦਸਮੇਸ਼ ਪਿਤਾ ਜੀ ਨੇ ਆਪਣੇ ਪੁੱਤ ਦੀ ਲਾਸ਼ ਵੇਖ ਕੇ ਉਸ ਨੂੰ ਸੰਭਾਲ ਲਿਆ ਤੇ ਬੇਗਾਨੇ ਪੁੱਤਰਾਂ ਦੀਆਂ ਲਾਸ਼ਾਂ ਮੈਦਾਨੇ-ਜੰਗ ਵਿਚ ਉਸ ਤਰ੍ਹਾਂ ਹੀ ਪਈਆਂ ਰਹੀਆਂ। ਇਹ ਵੇਖ ਕੇ "ਜੋਗੀ ਅੱਲਾ ਯਾਰ ਖਾਂ" ਲਿਖਦਾ ਹੈ ਕਿ ਇਹ ਕਤਲਗੜ੍ਹ ਚਮਕੌਰ ਦੀ ਗੜ੍ਹੀ, ਇਹ ਉਹ ਜਗ੍ਹਾ ਹੈ ਜਿਸ ਦੇ ਮੁਕਾਬਲੇ ਹਿੰਦੁਸਤਾਨ ਵਿਚ ਹੋਰ ਕੋਈ ਵੀ ਤੀਰਥ ਨਹੀਂ।

ਦਸਮੇਸ਼ ਪਿਤਾ ਜੀ ਕਹਿੰਦੇ ਜਿਹੜਾ "ਸਿੱਖੀ ਦਾ ਬੂਟਾ" ਹੈ ਉਹ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਲਾਇਆ। ਭਾਵੇਂ ਮੈਨੂੰ ਪਿਤਾ ਕੁਰਬਾਨ ਕਰਨਾ ਪਵੇ, ਭਾਵੇਂ ਮੈਨੂੰ ਸਰਬੰਸ ਦਾਨ ਕਰਨਾ ਪਵੇ, ਪਰ ਮੈਂ ਇਸ ਬੂਟੇ ਨੂੰ ਮੁਰਝਾਣ ਨਹੀਂ ਦੇਵਾਂਗਾ। ਇਸ ਬੂਟੇ ਦੀ ਸ਼ਾਨ ਵਿਚ ਕੋਈ ਫਰਕ ਨਹੀਂ ਪੈਣ ਦੇਵਾਂਗਾ। ਔਰ ਜਿਹੜੇ ਧਰਮ ਦੀ ਖਾਤਿਰ ਆਪਣਾ ਆਪ ਕੁਰਬਾਨ

ਕਰਕੇ ਵੀ ਆਪਣੇ ਧਰਮ ਨੂੰ ਸਹੀ ਸਲਾਮਤ ਰੱਖਦੇ ਹਨ, ਤਾਂ ਫਿਰ ਅੱਜ ਦੇ ਸਿੱਖ ਦਾ ਕੀ ਫਰਜ਼ ਬਣਦਾ ਹੈ ? ਕੇਵਲ ਅਰਦਾਸ ਕਰਨ ਤੱਕ ਹੀ ਸੀਮਤ ਰਹਿ ਗਏ ਕਿ ਮਹਾਰਾਜ !

*"ਸਿੱਖਾਂ ਨੂੰ ਸਿੱਖੀ ਦਾਨ*
*ਕੇਸ ਦਾਨ*
*ਰਹਿਤ ਦਾਨ*
*ਬਿਬੇਕ ਦਾਨ*
*ਵਿਸਾਹ ਦਾਨ*
*ਭਰੋਸਾ ਦਾਨ, ਦਾਨਾਂ ਸਿਰ ਦਾਨ*
*ਨਾਮ ਦਾਨ॥"*

ਇਹ ਜਿਹੜੇ ਦਾਨ ਮੰਗਦਾ ਹੈ ਲੇਕਿਨ ਕਦੇ ਇਸ ਨੇ ਇਸ ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ। ਫਿਰ ਸਤਿਗੁਰ ਜੀ ਚਲਦੇ-ਚਲਦੇ ਕੋਟਕਪੂਰੇ ਪਹੁੰਚ ਗਏ। ਉਥੇ ਕਪੂਰਾ ਸਰਦਾਰ ਜਿਹੜਾ ਕਿ 84 ਪਿੰਡਾਂ ਦਾ ਮਾਲਿਕ ਹੈ, ਉਸ ਨੂੰ ਵੀ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਦੋ ਦਾ ਭੋਗ ਪਾ ਕੇ ਚਮਕੌਰ ਵਿਚ, ਦੋ ਦਾ ਭੋਗ ਪਾ ਕੇ ਸਰਹੰਦ ਵਿੱਚ ਤੇ ਹੁਣ ਬਾਗੀਆਂ ਵਾਂਗੂੰ ਆਪਣੀ ਜਾਨ ਲੁਕਾਉਂਦਾ ਫਿਰਦਾ ਹੈ। ਸਾਰਾ ਸਰਬੰਸ ਲੁਟਾ ਕੇ ਤੇ ਹੁਣ ਪਿੰਡ-ਪਿੰਡ ਤੁਰਿਆ ਫਿਰਦਾ ਹੈ। ਫਿਰ ਕਪੂਰਾ ਆਇਆ ਤੇ ਉਧਰੋਂ ਮਹਾਰਾਜ ਜੀ ਨੂੰ ਇਹ ਪਤਾ ਲੱਗ ਗਿਆ ਕਿ ਸੂਬਾ ਸਰਹੰਦ ਫੌਜਾਂ ਲੈ ਕਰਕੇ ਤੇ ਜੰਗ ਕਰਨ ਵਾਸਤੇ ਆ ਰਿਹਾ ਹੈ ਤਾਂ ਫਿਰ ਦਇਆ ਸਿੰਘ ਨੇ ਕਪੂਰੇ ਨੂੰ ਕਿਹਾ ਕਿ ਇਹ ਤੇਰਾ ਜਿਹੜਾ ਵੱਡਾ ਕਿਲ੍ਹਾ ਹੈ, ਇਹ ਸਾਨੂੰ ਮੰਗਵਾਂ ਦੇ-ਦੇ, ਭਾਵ ਕਿ ਉਧਾਰਾ ਦੇ-ਦੇ। ਇਹ ਸੁਣ ਕੇ ਕਪੂਰਾ ਕਹਿੰਦਾ ਹੈ ਕਿ ਕਾਹਦੇ ਵਾਸਤੇ ? ਭਾਈ ਦਇਆ ਸਿੰਘ ਜੀ ਕਹਿੰਦੇ ਜੰਗ ਵਾਸਤੇ। ਇਹ ਸੁਣ ਕੇ ਕਪੂਰਾ ਕਹਿੰਦਾ ਕਿ ਗਿਣਤੀ ਦੇ ਚਾਰ ਬੰਦੇ ਨੇ ਤੁਹਾਡੇ ਕੋਲ ਤੇ ਇਕ ਤੁਹਾਡਾ ਇਹ ਗੁਰੂ ਬੈਠਾ ਹੈ। ਔਰ ਆਪਣਾ ਕਿਲ੍ਹਾ ਤੇ ਤੁਸੀਂ ਉਡਾ ਆਏ ਹੋ ਤੇ ਆਪਣੇ ਮਕਾਨ ਵੀ ਤੁਹਾਡੇ ਕੋਲੋਂ ਸੰਭਾਲੇ ਨਹੀਂ ਗਏ ਤੇ ਆਹ ਕਿਲ੍ਹਾ ਜਿਹੜਾ ਤੁਸੀਂ ਮੰਗ ਰਹੇ ਹੋ ਇਹ ਤਾਂ ਉਹਨਾਂ ਸਾਹਮਣੇ ਇਸ ਤਰ੍ਹਾਂ ਉੱਡ ਜਾਣਾ ਹੈ, ਜਿਸ ਤਰ੍ਹਾਂ ਹਵਾ ਦੇ ਵਿਚ ਰੂੰ ਉੱਡ ਜਾਂਦਾ ਹੈ। ਇਹ ਤਾਂ ਉਹਨਾਂ ਨੇ ਇੱਟ ਦੀ ਇੱਟ ਕਰ ਦੇਣੀ ਹੈ ਕਿਲ੍ਹੇ ਦੀ। ਫਿਰ ਸਾਹਿਬ ਜੀ ਨੂੰ ਜਦੋਂ ਇਨ੍ਹਾਂ ਗੱਲਾਂ ਦਾ ਪਤਾ ਲੱਗਾ ਤਾਂ ਸਾਹਿਬ ਜੀ ਕਹਿਣ ਲੱਗੇ, ਕਪੂਰਿਆ ! ਤੈਨੂੰ ਇਸ ਗੱਲ ਦਾ ਡਰ ਹੈ ਨਾ, ਕਿ ਇਹ ਕਿਲ੍ਹਾ ਇਸ ਤਰ੍ਹਾਂ ਉੱਡ ਜਾਣਾ ਹੈ ਜਿਵੇਂ ਹਵਾ ਵਿਚ ਧੂੜ ਉੱਡ ਜਾਂਦੀ ਹੈ। ਸਾਹਿਬ ਕਹਿੰਦੇ ਤੂੰ ਜਿਸ ਤਰ੍ਹਾਂ ਕਿਹਾ ਹੈ ਉਸੇ ਤਰ੍ਹਾਂ ਹੀ ਹੋਵੇਗਾ। ਉਸ ਤੋਂ ਬਾਅਦ ਗੁਰੂ ਜੀ ਢੇਰਵੀ ਚਲੇ ਗਏ। ਉਥੇ ਬਿਰਤੀ ਚੰਦ ਤੋਂ ਅੱਗੇ 'ਸੋਢੀ ਕੌਲ' ਵੀ ਰਹਿੰਦਾ ਸੀ। ਜਦੋਂ ਉਸ ਨੂੰ ਪਤਾ ਲੱਗਾ ਤੇ ਉਹ ਵੀ ਗੁਰੂ ਜੀ ਕੋਲ ਪਹੁੰਚਿਆ। ਔਰ ਉਸ ਨੂੰ ਵੀ ਪਤਾ ਲੱਗ ਗਿਆ ਕਿ ਕਪੂਰੇ ਦੇ ਪ੍ਰਤੀ 'ਗੁਰੂ ਗੋਬਿੰਦ ਸਿੰਘ ਜੀ' ਨੇ ਇਹ ਬਚਨ ਕਰ ਦਿੱਤੇ ਕਿ ਕਿਲ੍ਹਾ ਵੀ ਇਸੇ ਤਰ੍ਹਾਂ ਹੀ ਉੱਡੇਗਾ ਤੇ

ਫਾਂਸੀ ਵੀ ਤੈਨੂੰ ਲੱਗੇਗੀ, ਜਿਸ ਤੋਂ ਤੂੰ ਡਰਦਾ ਹੈਂ। ਫਿਰ ਜਦੋਂ ਸੋਢੀ ਕੌਲ ਉਥੇ ਪਹੁੰਚਿਆ ਸੀ ਤਾਂ ਗੁਰੂ ਜੀ ਕਹਿਣ ਲੱਗੇ ਕਿ ਇਹ ਨਿਯਮ ਬਣ ਚੁੱਕਾ ਹੈ ਕਿ ਖੰਡੇ-ਬਾਟੇ ਦਾ ਅੰਮ੍ਰਿਤ ਛਕੋ ਤੇ ਜਿਹੜੇ ਬਚਨ ਅਸੀਂ ਕਹੇ ਹੋਏ ਨੇ ਕਿ ਪੇਠੇ ਦੀ ਸੰਤਾਨ ਦੇ ਨਾਲ ਕਿਸੇ ਵੀ ਸਿੱਖ ਖਾਲਸੇ ਨੇ ਵਰਤਾਉ ਨਹੀਂ ਰੱਖਣਾ। ਫਿਰ ਕੌਲ ਕਹਿਣ ਲੱਗਾ, ਮਹਾਰਾਜ ਜੀ, ਤੁਸੀਂ ਕਪੂਰੇ ਨੂੰ ਇਹ ਗੱਲ ਕਹਿ ਦਿੱਤੀ ਹੈ ਤਾਂ ਸਾਹਿਬ ਜੀ ਕਹਿੰਦੇ ਕੀ ਤੈਨੂੰ ਇਸ ਵਿਚ ਕੋਈ ਭੁਲੇਖਾ ਹੈ ? ਕੀ ਤੈਨੂੰ ਇਸ ਵਿਚ ਕੋਈ ਸ਼ੰਕਾ ਹੈ ? ਤਾਂ ਕੌਲ ਕਹਿੰਦਾ ਕਿ ਉਹ ਤਾਂ ਮੇਰਾ ਸੇਵਕ ਹੈ। ਮੈਂ ਤਾਂ ਉਸ ਨੂੰ ਮਾਇਆ ਤੇ ਧਨ ਪਦਾਰਥ ਵੀ ਦਿੰਦਾ ਸੀ। ਉਸ ਦੀਆਂ ਜੜ੍ਹਾਂ ਤਾਂ ਮੇਰੇ ਪੇਟ ਵਿਚ ਹਨ, ਤਾਂ ਸਾਹਿਬ ਜੀ ਕਹਿੰਦੇ ਸਭ ਤੋਂ ਪਹਿਲਾਂ ਅਸੀਂ ਤੇਰਾ ਹੀ ਢਿੱਡ ਪਾੜਾਂਗੇ। ਜੇ ਜੜ੍ਹਾਂ ਤੇਰੇ ਪੇਟ ਵਿਚ ਹਨ ਨਾ, ਫਿਰ ਅਸੀਂ ਤੇਰੀਆਂ ਆਂਦਰਾਂ ਹੀ ਪਹਿਲਾਂ ਕੱਢਾਂਗੇ। ਫਿਰ ਸੋਢੀ ਕੌਲ ਨੇ ਇਸ ਕਪੂਰੇ ਨੂੰ ਸਮਝਾਇਆ ਕਿ ਜਾਹ ਤੇ ਆਪਣੇ ਕਹੇ ਹੋਏ ਬਚਨਾਂ ਦੀ ਮਾਫੀ ਮੰਗ ਲੈ, ਨਹੀਂ ਤਾਂ ਗੁਰੂ ਜੀ ਦੇ ਕਹੇ ਹੋਏ ਬਚਨ ਸੱਚ ਹੋ ਜਾਣਗੇ ਔਰ ਤੇਰਾ ਰਹੇਗਾ ਵੀ ਕੱਖ ਨਹੀਂ। ਫਿਰ ਕਪੂਰਾ ਗੁਰੂ ਸਾਹਿਬਾਂ ਕੋਲ ਪਹੁੰਚਿਆ ਤੇ ਉਸ ਨੇ ਨਿਮਰਤਾ ਨਾਲ ਅਰਦਾਸ ਕੀਤੀ ਕਿ ਮਹਾਰਾਜ ! ਮੇਰੇ ਕੋਲੋਂ ਹੋ ਗਈ ਗਲਤੀ। ਅਗਿਆਨਤਾ ਵਿਚ ਆ ਕੇ ਮੈਂ ਕਈ ਕੁਝ ਬੋਲ ਦਿੱਤਾ ਤੇ ਤੁਹਾਨੂੰ ਕਿਲ੍ਹਾ ਨਾ ਦੇ ਸਕਿਆ। ਇਸ ਲਈ ਜਿਸ ਤਰ੍ਹਾਂ ਵੀ ਹੋਵੇ ਤੁਸੀਂ ਮੈਨੂੰ ਬਖਸ਼ੋ। ਇਹ ਸੁਣ ਕੇ ਸਾਹਿਬ ਜੀ ਕਹਿਣ ਲੱਗੇ ਕਿ ਬਖਸ਼ਣ ਦਾ ਤੇ ਇਕੋ ਹੀ ਤਰੀਕਾ ਹੈ। ਇਕ ਤਾਂ ਸਾਡਾ ਦੇਵੋ ਸਾਥ ਤੇ ਦੂਜਾ ਖੰਡੇ-ਬਾਟੇ ਦਾ ਛਕੋ ਅੰਮ੍ਰਿਤ ਔਰ ਤਿਆਰ-ਬਰ-ਤਿਆਰ ਹੋ ਕੇ ਧਰਮ ਦੇ ਕਰੋ ਕੰਮ। ਸੇਵਾ ਕਰੋ, ਦਾਨ ਕਰੋ, ਗਊ-ਗਰੀਬ ਦੀ ਕਰੋ ਰੱਖਿਆ ਤੇ ਇਨ੍ਹਾਂ ਚੌਰਾਸੀ ਪਿੰਡਾਂ ਦਾ ਗੁਮਾਨ ਨਾ ਕਰੋ। ਇਸ ਦੇ ਵਾਸਤੇ ਤਾਂ ਸੰਸਾਰ ਤੋਂ ਵੱਡੇ-ਵੱਡੇ ਰਾਜੇ ਵੀ ਚਲੇ ਗਏ। ਕਿਉਂਕਿ ਉਹਨਾਂ ਨੇ ਨਾਮ ਦੀ ਕਮਾਈ ਨਹੀਂ ਕੀਤੀ ਤੇ ਜਿਨ੍ਹਾਂ ਨੇ ਨਾਮ ਦੀ ਕਮਾਈ ਨਹੀਂ ਕੀਤੀ, ਉਹਨਾਂ ਨੂੰ ਫਿਰ ਜਮਾਂ ਦੀ ਮਾਰ ਸਹਿਣੀ ਹੀ ਪੈਣੀ ਹੈ।

ਉਸ ਦੇ ਬਾਅਦ ਕਪੂਰਾ ਕਹਿਣ ਲੱਗਾ ਕਿ ਸੂਬਾ-ਸਰਹੰਦ ਆਪਣੀਆਂ ਫੌਜਾਂ ਲੈ ਕੇ ਆ ਰਿਹਾ ਹੈ। ਇਸ ਲਈ ਤੁਸੀਂ ਕੋਈ ਮੋਰਚਾਬੰਦੀ, ਕੋਈ ਵਿਉਂਤ-ਬੰਦੀ ਕਰੋ। ਤਾਂ ਸਾਹਿਬ ਜੀ ਕਪੂਰੇ ਨੂੰ ਕਹਿਣ ਲੱਗੇ ਕਿ ਤੂੰ ਇਹ ਸਾਰੀਆਂ ਜਗ੍ਹਾ ਦਾ ਭੇਤੀ ਹੈਂ। ਇਸ ਲਈ ਤੂੰ ਕੋਈ ਐਸੀ ਜਗ੍ਹਾ ਦੱਸ ਜਿਥੇ ਜਾ ਕੇ ਅਸੀਂ ਸੂਬੇ-ਸਰਹੰਦ ਦਾ ਮੁਕਾਬਲਾ ਕਰ ਸਕੀਏ। ਫਿਰ ਸਾਹਿਬ ਆਪਣੀਆਂ ਫੌਜਾਂ ਲੈ ਕੇ ਉੱਧਰ ਦੀ ਹੀ ਚਲੇ ਗਏ, ਜਿਥੇ ਕਪੂਰੇ ਨੇ ਦੱਸਿਆ ਸੀ। ਪਰ ਉਹਨਾਂ ਨੂੰ ਰਸਤੇ ਵਿਚ ਇਕ ਚੌਧਰੀ ਮਿਲਿਆ ਤਾਂ ਸਾਹਿਬ ਜੀ ਉਸ ਨੂੰ ਕਹਿਣ ਲੱਗੇ ਕਿ ਅਗਰ ਸੂਬਾ-ਸਰਹੰਦ ਇਸ ਪਾਸੇ ਵੱਲ ਨੂੰ ਆਏਗਾ ਤਾਂ ਉਸ ਨੂੰ ਦੱਸੀ ਨਾ, ਕਿ ਸਿੰਘ ਫੌਜਾਂ ਇਧਰ ਨੂੰ ਗਈਆਂ ਨੇ। ਪਰ ਉਸ ਦੇ ਪੇਟ ਵਿਚ ਗੱਲ ਨਾ ਪਚੀ ਤੇ ਜਦੋਂ ਸਾਹਿਬਾਂ ਨੂੰ ਪਤਾ ਲੱਗਾ ਤਾਂ ਉਹ ਕਹਿਣ ਲੱਗੇ ਕਿ ਹੁਣ ਇਸ ਦਾ ਸਾਰਾ ਪਰਿਵਾਰ ਜਿਹੜਾ ਹੈ, ਉਹ ਹੁਣ ਆਫਰ ਕੇ ਹੀ ਮਰੇਗਾ। ਔਰ ਅੱਜ ਤੱਕ ਉਸਦੇ ਸਾਰੇ ਪਰਿਵਾਰ ਵਿਚੋਂ ਅਗਰ ਕਿਸੇ ਦੀ ਵੀ ਮੌਤ ਹੁੰਦੀ

ਹੈ ਤਾਂ ਉਹ ਆਫਰ ਕੇ ਹੀ ਹੁੰਦੀ ਹੈ। ਇਹ ਇਕ ਸਰਗੁਣ ਰੂਪ ਹੈ ਕਿ :

*ਸ਼ਸਤਰ ਕੇ ਅਧੀਨ ਹੈ ਰਾਜ॥*

ਭਾਵ ਕਿ ਇਨ੍ਹਾਂ ਸ਼ਸ਼ਤਰਾਂ ਦੀ ਸਹਾਇਤਾ ਦੇ ਨਾਲ ਹੀ ਅਗਰ ਕੋਈ ਨਿਆਂ ਨਾ ਦੇਵੇ ਤਾਂ ਲੈਣਾ ਪੈਂਦਾ ਹੈ। ਤੇ ਜਦੋਂ ਅਪੀਲ, ਦਲੀਲ, ਵਕੀਲ ਇਹ ਸਾਰੇ ਫੇਲ੍ਹ ਹੋ ਜਾਣ ਤਾਂ ਉਦੋਂ ਸ਼ਸ਼ਤਰ ਚੁੱਕਣੇ ਜਾਇਜ਼ ਹਨ ਤੇ ਗੁਰਮੁਖ ਪਿਆਰਿਓ ! ਵਜ਼ੀਦੇ ਦੀ ਫੌਜ ਸਿਰ ਤੇ ਆ ਖੜੀ ਤੇ ਖਿਦਰਾਨੇ ਦੀ ਢਾਬ ਤੇ ਸਾਹਿਬਾਂ ਨੂੰ ਇਹ ਇਲਾਕਾ ਦਿਖਾ ਦੇਣਾ ਕੀਤਾ ਕਿ ਇਧਰ ਇਕ ਪਾਣੀ ਦਾ ਛੱਪੜ ਹੈ ਤੇ ਇਸ ਪਾਣੀ ਤੇ ਸਿੰਘਾਂ ਨੇ ਕਰ ਲੈਣਾ ਕਬਜ਼ਾ ਤੇ ਇਸ ਪਾਣੀ ਤੱਕ ਫੌਜਾਂ ਨੂੰ ਪਹੁੰਚਣ ਨਹੀਂ ਦੇਣਾ। ਔਰ ਗਰਮੀ ਦਾ ਸਮਾਂ ਵੀ ਹੈ, ਆਪੇ ਉਹ ਤਿਹਾਈਆਂ ਮਰਦੀਆਂ ਫੌਜਾਂ ਪਿੱਛੇ ਨੂੰ ਚਲੀਆਂ ਜਾਣਗੀਆਂ। ਲੇਕਿਨ ਫਿਰ ਐਸਾ ਵਕਤ ਆਇਆ ਕਿ ਸਿੰਘਾਂ ਦੇ ਤੇ ਗੁਰੂ ਦੇ ਚਾਰੋਂ ਪਾਸੇ ਫੌਜਾਂ ਦਾ ਘੇਰਾ ਪੈ ਗਿਆ ਹੋਇਆ ਸੀ। ਇਹ ਵੇਖ ਕੇ ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਜੇ ਤੁਸੀਂ ਕਿਲ੍ਹਾ ਨਹੀਂ ਛੱਡਣਾ ਤਾਂ ਅਸੀਂ ਤੁਹਾਡੇ ਤੋਂ ਬੇਮੁੱਖ ਹੋ ਕੇ ਚਲੇ ਜਾਣਾ ਹੈ। ਫਿਰ ਗੁਰਦੇਵ ਜੀ ਕਹਿੰਦੇ ਕਿ ਅਗਰ ਨਹੀਂ ਰਹਿ ਸਕਦੇ ਤਾਂ ਇਕ ਬੇਦਾਵਾ ਲਿਖ ਕੇ ਦੇ ਦਿਉ। ਮਰਦਾ ਹੋਇਆ ਕੀ ਕੁਝ ਨਹੀਂ ਕਰ ਸਕਦਾ। ਸਿੰਘਾਂ ਨੇ ਜਲਦੀ ਨਾਲ ਕਾਗਜ਼ ਫੜਿਆ ਤੇ ਥੱਲੇ ਆਪਣੇ ਦਸਖਤ ਵੀ ਕਰ ਦਿੱਤੇ ਤੇ ਨਾਲ ਇਹ ਵੀ ਲਿਖ ਦਿੱਤਾ ਜੋ ਗੁਰੂ ਨੇ ਕਿਹਾ ਸੀ ਕਿ ਅੱਜ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਸਾਡੇ ਗੁਰੂ ਨਹੀਂ ਤੇ ਅਸੀਂ ਗੁਰੂ ਦੇ ਸਿੰਘ ਨਹੀਂ। ਪਰ ਉਹਨਾਂ ਨੇ ਤਾਂ ਡਰਦੇ-ਮਾਰੇ ਬੇਦਾਵਾ ਲਿਖ ਦਿੱਤਾ, ਲੇਕਿਨ ਤੁਹਾਨੂੰ ਕੀ ਤਕਲੀਫ ਹੈ ? ਤੁਹਾਨੂੰ ਕਿਹੜਾ ਦੁੱਖ ਹੈ ਤੇ ਤੁਹਾਨੂੰ ਕਿਹੜਾ ਗੁਰੂ ਕਿਸੇ ਵੀ ਤਰ੍ਹਾਂ ਨਾਲ ਪੁੱਠਾ ਲਟਕਾ ਰਿਹਾ ਹੈ ? ਫਿਰ ਸਾਰੇ ਸੁੱਖ ਭੋਗਦੇ ਹੋਇਆਂ ਵੀ ਤੁਸੀਂ ਗੁਰੂ ਸਾਹਿਬਾਂ ਨੂੰ ਬੇਦਾਵਾ ਲਿਖ ਦੇ ਕਰਕੇ ਬੈਠੇ ਹੋ। ਔਰ ਜਦੋਂ ਬੇਦਾਵਾ ਲਿਖਣ ਤੋਂ ਬਾਅਦ ਉਹ ਆਪਣੇ ਘਰਾਂ ਨੂੰ ਜਾਣਗੇ ਤੇ ਉਹਨਾਂ ਦੀਆਂ ਮਾਤਾਵਾਂ, ਭੈਣਾਂ ਕਿੰਨੀਆਂ ਖੁਸ਼ ਹੋਣਗੀਆਂ ਤੇ ਇਹ ਕਹਿਣਗੀਆਂ ਕਿ ਸੌ-ਸੌ ਵਾਰੀ ਤੁਹਾਡੇ ਤੋਂ ਬਲਿਹਾਰ ਜਾਈਏ ਜਿਹੜੇ ਮੌਤ ਤੋਂ ਬਚਦੇ ਹੋਏ ਤੇ ਮੈਦਾਨੇ-ਜੰਗ ਵਿਚ ਗੁਰੂ ਨੂੰ ਪਿੱਠ ਦਿਖਾ ਕਰਕੇ ਆ ਗਏ। ਨਹੀਂ, ਉਹ ਖੁਸ਼ ਨਹੀਂ ਹੋਣਗੀਆਂ। ਕਿਉਂਕਿ ਉਹਨਾਂ ਮਾਈਆਂ ਵਿਚ ਸਿੱਖੀ ਦੀ ਸਪਿਰਟ ਸੀ। ਔਰ ਅੱਜ ਦੀਆਂ ਮਾਈਆਂ ਵਿੱਚ ਕਲਚਰ ਦੀ ਸਪਿਰਟ ਹੈ। ਅੱਜ ਜਿਹੜੇ ਹੀਰੋ ਨੇ ਜਿਹੜਾ ਸਟਾਈਲ ਕੀਤਾ ਹੈ, ਕਿਹੜੀ ਹੀਰੋਇਨ ਨੇ ਕਿਹੜੇ ਕਪੜੇ ਪਾਏ ਨੇ। ਕਦੇ ਕੋਈ ਹੀਰੋ ਨੇ ਤੁਹਾਨੂੰ ਕਿਹਾ ਹੈ ਕਿ ਮੈਂ ਆਪਣੇ ਵਾਲਾਂ ਦੀ ਕਟਿੰਗ ਇੰਝ ਕਰਵਾਈ ਹੈ ਤੇ ਤੁਸੀਂ ਵੀ ਇੰਝ ਕਰਵਾਉ। ਕਦੇ ਪ੍ਰੋਡਿਊਸਰ ਨੇ ਕਿਹਾ ਹੈ ਕਿ ਇਹ ਹੀਰੋਇਨ ਨੇ ਇਹ ਕੱਪੜੇ ਪਾਏ ਨੇ ਤੇ ਤੁਸੀਂ ਵੀ ਇੰਝ ਦੇ ਪਾਉ। ਉਹ ਬਗੈਰ ਕਹਿਣ ਤੇ ਤੁਹਾਡੇ ਤੇ ਅਸਰ ਹੈ ਤੇ ਗੁਰੂ ਦੇ ਬਚਨ ਜੋ ਤੁਹਾਨੂੰ ਸੁਣਾ ਰਹੇ ਹਾਂ, ਉਸ ਦਾ ਤੁਹਾਡੇ ਤੇ ਕੋਈ ਅਸਰ ਨਹੀਂ।

ਔਰ ਜਦੋਂ ਪਤਾ ਲੱਗਾ ਇਨ੍ਹਾਂ ਸਿੰਘਾਂ ਨੂੰ ਕਿ ਗੁਰੂ ਜੀ ਮਾਲਵੇ ਦੀ ਧਰਤੀ ਤੇ ਪਿਛੇ ਸੂਬਾ

ਸਰਹੰਦ ਚੜ੍ਹਿਆ ਹੋਇਆ ਹੈ ਤੇ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਇਸ ਪਾਣੀ ਦੇ ਦੁਆਲੇ ਮੋਰਚਾ ਲਾ ਲਉ। ਔਰ ਆਹ ਜਿਹੜੀ ਢਾਬ ਹੈ, ਇਥੇ ਦੋ ਸਿੰਘ ਲੈ ਕੇ ਮੈਂ ਬੈਠਦਾ ਹਾਂ। ਇਹ ਵੇਖ ਕੇ ਸਿੰਘ ਕਹਿਣ ਲੱਗੇ ਕਿ ਮਹਾਰਾਜ, ਵਜ਼ੀਦਾ ਸੱਤ ਹਜ਼ਾਰ ਦੇ ਕਰੀਬ ਫੌਜ ਲੈ ਕੇ ਆਇਆ ਹੈ ਤੇ ਅਸੀਂ ਹੋਰ ਅੱਗੇ ਜਾ ਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਾਂ। ਪਰ ਮਹਾਰਾਜ ਜੀ ਕਹਿਣ ਲੱਗੇ, ਕੋਈ ਗੱਲ ਨਹੀਂ, ਉਹਨਾਂ ਨੂੰ ਰੋਕਣ ਵਾਲੇ ਪਿਛੇ ਆ ਰਹੇ ਹਨ। ਮਿਲਾਪ ਭਾਵੇਂ ਨਹੀਂ ਹੋਇਆ। ਰਸਤੇ ਵਿੱਚ ਜੰਗ ਸ਼ੁਰੂ ਹੋ ਗਿਆ ਤੇ ਉਹ ਚਾਲੀ ਸਿੰਘਾਂ ਨੇ ਜਿਹੜਾ ਬੇਦਾਵਾ ਲਿਖਿਆ ਸੀ ਔਰ ਜਿਹੜੇ ਮਿਹਣੇ ਉਹਨਾਂ ਆਪਣੀਆਂ ਭੈਣਾਂ ਕੋਲੋਂ, ਮਾਤਾਵਾਂ ਕੋਲੋਂ ਖਾਧੇ ਸੀ ਨਾ, ਉਹੀ ਸਿੰਘ ਕਲਗੀਧਰ ਪਾਤਸ਼ਾਹ ਜੀ ਦਾ ਪਤਾ ਕਰਦੇ-ਕਰਦੇ ਉਥੇ ਪਹੁੰਚ ਗਏ ਤੇ ਇਨ੍ਹਾਂ ਜ਼ਾਲਮਾਂ ਨਾਲ ਲੋਹਾ ਲੈਣਾ ਕੀਤਾ। ਔਰ ਉਧਰੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਖਿਦਰਾਨੇ ਦੀ ਢਾਬ ਤੋਂ ਤੀਰਾਂ ਦੀ, ਗੋਲੀਆਂ ਦੀ ਵਰਖਾ ਕਰਦੇ ਪਏ ਹਨ। ਇੱਧਰ ਮੈਦਾਨੇ-ਜੰਗ ਵਿਚ ਉਹ ਚਾਲੀ ਸਿੰਘ ਤੇ ਭਾਈ ਦਇਆ ਸਿੰਘ ਜੀ ਤੇ ਧਰਮ ਸਿੰਘ ਜੀ ਆਪਣੀ ਪੂਰੀ ਤਰ੍ਹਾਂ ਨਾਲ ਵਾਹ ਲਾ ਰਹੇ ਹਨ। ਤੇ ਜਦੋਂ ਕੁਝ ਕੁ ਇਹ ਅੱਗ ਜੰਗ ਦੀ ਠੰਡੀ ਪਈ ਤਾਂ ਵਜ਼ੀਦੇ ਨੇ ਵੇਖਿਆ ਕਿ ਮੈਂ ਤਾਂ ਬੜੀਆਂ ਆਸਾਂ ਲੈ ਕੇ ਆਇਆ ਸੀ ਕਿ ਜ਼ਿੰਦਾ ਪਕੜ ਲਵਾਂਗਾ, ਪਰ ਇਨ੍ਹਾਂ ਨੇ ਤਾਂ ਮੇਰੀਆਂ ਹਜ਼ਾਰਾਂ ਦੀ ਗਿਣਤੀ ਦੀਆਂ ਫੌਜਾਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ। ਫਿਰ ਵਜ਼ੀਦੇ ਨੇ ਕਪੂਰੇ ਨੂੰ ਪੁੱਛਿਆ ਕਿ ਤੂੰ ਦੱਸ ਇੱਧਰ ਪਾਣੀ ਕਿਸ ਪਾਸੇ ਵੱਲ ਹੈ ? ਕਹਿੰਦੇ ਇਨ੍ਹਾਂ ਨੇ ਸਿੰਘਾਂ ਦੀਆਂ ਗੋਲੀਆਂ ਤੇ ਤੀਰਾਂ ਨਾਲ ਕੀ ਮਰਨਾ ਸੀ, ਇਨ੍ਹਾਂ ਦਾ ਮਰਨਾ ਤਾਂ ਪਾਣੀ ਦੀ ਪਿਆਸ ਤੋਂ ਆਰੰਭ ਹੋਣਾ ਸ਼ੁਰੂ ਹੋ ਗਿਆ। ਫਿਰ ਕਪੂਰਾ ਕਹਿਣ ਲੱਗਾ ਬਾਦਸ਼ਾਹ ਜੀ ਜੇਕਰ ਅੱਗੇ ਜਾਣਾ ਹੈ ਤਾਂ ਪਾਣੀ ਤੀਹ ਕੋਹ ਤੇ ਹੈ ਔਰ ਜੇਕਰ ਪਿਛੇ ਜਾਵੋਗੇ ਤਾਂ ਪਾਣੀ ਨਜ਼ਦੀਕ ਹੈ। ਫਿਰ ਵਜ਼ੀਦਾ ਕਹਿਣ ਲੱਗਾ ਪਿਛੇ ਜਾਣ ਤੋਂ ਪਹਿਲਾਂ ਮੈਂ ਆਪਣੇ ਜਿਹੜੇ ਪਠਾਣ ਸ਼ਹੀਦ ਹੋਏ ਨੇ ਉਹਨਾਂ ਨੂੰ ਦਫਨਾ ਜਾਂਦਾ ਹਾਂ ਤੇ ਅਗਰ ਗੁਰੂ ਦੇ ਸਿੱਖ ਦਾ ਕੋਈ ਸਿਰ ਮੈਨੂੰ ਮਿਲ ਜਾਵੇ ਤਾਂ ਉਹਵੀ ਮੈਂ ਨਾਲ ਲੈ ਜਾਂਦਾ ਹਾਂ। ਪਰ ਕਪੂਰਾ ਕਹਿਣ ਲੱਗਾ, ਇਨ੍ਹਾਂ ਨੂੰ ਬਾਅਦ ਵਿੱਚ ਦਫਨਾ ਲਈਂ, ਕਿਤੇ ਇਨ੍ਹਾਂ ਨੂੰ ਦਫਨਾਂਦੇ ਹੋਏ ਅਸੀਂ ਆਪ ਹੀ ਇਥੇ ਜ਼ਿੰਦੇ ਦਫਨ ਨਾ ਹੋ ਜਾਈਏ ! ਗੁਰਮੁਖ ਪਿਆਰਿਓ, ਇਹ ਫੌਜ ਲੈ ਕੇ ਪਿੱਛੇ ਨੂੰ ਚਲਾ ਗਿਆ ਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਖਿਦਰਾਨੇ ਦੀ ਢਾਬ ਤੋਂ ਥੱਲੇ ਨੂੰ ਉਤਰੇ ਹਨ। ਔਰ ਜਦੋਂ ਉਤਰ ਕੇ ਮੈਦਾਨੇ-ਜੰਗ ਵੱਲ ਨੂੰ ਆਏ ਤਾਂ ਉਥੇ ਵੇਖਦੇ ਹਨ ਕਿ ਇਨ੍ਹਾਂ ਚਾਲੀ ਮੁਕਤਿਆਂ ਵਿਚੋਂ ਜਿਨ੍ਹਾਂ ਨੇ ਬੇਦਾਵਾ ਲਿਖ ਕੇ ਦਿੱਤਾ ਸੀ, ਸਾਹਿਬ ਉਹਨਾਂ ਦਾ ਇਕੱਲੇ-ਇਕੱਲੇ ਦਾ ਮੂੰਹ ਸਾਫ ਕਰਦੇ ਹਨ, ਅੱਖਾਂ ਤੋਂ ਖ਼ੂਨ ਸਾਫ ਕਰਦੇ ਹਨ ਤੇ ਇਕੱਲੇ-ਇਕੱਲੇ ਨੂੰ ਹੀ ਇਹ ਬਚਨ ਕਰਦੇ ਜਾਂਦੇ ਹਨ ਕਿ ਇਹ ਮੇਰਾ ਦੋ-ਹਜ਼ਾਰੀ, ਇਹ ਮੇਰਾ ਪੰਜ ਹਜ਼ਾਰੀ ਤੇ ਇਹ ਮੇਰਾ ਦਸ ਹਜ਼ਾਰੀ। ਔਰ ਜਦੋਂ ਇਹ ਪਹੁੰਚੇ ਮਹਾਂ ਸਿੰਘ ਦੇ ਕੋਲ। ਜਿਸ ਦੀ ਇਹ ਅਰਦਾਸ ਹੋ ਚੁੱਕੀ ਸੀ :

*"ਜੇ ਹੋ ਭੁੱਲ ਵਿਗਾੜਿਆ, ਨਾ ਕਰ ਮੈਲਾ ਚਿੱਤ॥*

*ਸਾਹਿਬ ਗੌੜਾ ਲੋੜੀਏ, ਨਫਰ ਵਿਗਾੜੇ ਨਿੱਤ॥"*

ਭਾਵ ਕਿ ਸਤਿਗੁਰ ਜੀ! ਅਸੀਂ ਭੁਲਣਹਾਰ ਹਾਂ ਇਕ-ਇਕ ਕਦਮ ਤੇ ਔਰ ਤੁਸੀਂ ਬਖਸ਼ਣਹਾਰ ਹੋ। ਇਸ ਲਈ ਮੇਰੀ ਮੰਗ ਇਹੋ ਹੈ ਕਿ ਸਾਡੀਆਂ ਹੋਈਆਂ ਭੁੱਲਾਂ ਨੂੰ ਬਖਸ਼ ਦੇਣਾ ਤੇ ਇਕ ਵਾਰੀ ਮੇਰੇ ਅੰਤਰ ਸਵਾਸਾਂ ਵਿਚ ਆ ਕਰਕੇ ਮੈਨੂੰ ਦਰਸ਼ਨ ਦੇ ਜਾਣੇ। ਔਰ ਜਿਹੜਾ ਅਸੀਂ ਲਿਖਤੀ ਰੂਪ ਵਿਚ ਬੇਦਾਵਾ ਦਿੱਤਾ ਸੀ, ਉਸ ਨੂੰ ਪਾੜ ਦੇਣਾ। ਤੁਸੀਂ ਇਹ ਪੜ੍ਹਦੇ ਹੋਵੋਗੇ ਕਿ:

*ਟੂਟੀ ਗਾਢਨਹਾਰ ਗੁੋਪਾਲ॥*
*ਸਰਬ ਜੀਆ ਆਪੇ ਪ੍ਰਤਿਪਾਲ॥*
*ਸਗਲ ਕੀ ਚਿੰਤਾ ਜਿਸੁ ਮਨ ਮਾਹਿ॥*
*ਤਿਸ ਤੇ ਬਿਰਥਾ ਕੋਈ ਨਾਹਿ॥* *(ਪੰਨਾ ੨੮੨)*

ਇਹ ਪੂਰਨ ਗੁਰੂ ਹਨ ਤੇ ਇਹ ਸਿੱਖਾਂ ਦੀਆਂ ਹੋਈਆਂ ਗਲਤੀਆਂ ਭੁੱਲਾਂ ਨੂੰ ਬਖਸ਼ ਦਿੰਦੇ ਹਨ। ਔਰ ਆਪਣੇ ਗਲ ਦੇ ਨਾਲ ਲਾ ਲੈਂਦੇ ਹਨ। ਤੇ ਇਹ ਮਹਾਂ ਸਿੰਘ ਗੰਭੀਰ ਰੂਪ ਦੇ ਵਿਚ ਫੱਟੜ ਹੈ ਤੇ ਇਧਰ ਮਾਤਾ ਭਾਗੋ ਵੀ ਆਪਣੇ ਜ਼ਖਮ ਧੋ ਰਹੀ ਹੈ ਪਾਣੀ ਦੇ ਕੰਢੇ ਤੇ ਬੈਠੀ ਹੋਈ। ਫਿਰ ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਮਾਤਾ ਭਾਗੋ ਵਲ ਵੇਖਦੇ ਹਨ ਤੇ ਕਹਿੰਦੇ ਹਨ ਕਿ ਇਨ੍ਹਾਂ ਦਾ ਕੁਝ ਸਰੀਰ ਠੀਕ ਲਗਦਾ ਹੈ। ਭਾਵੇਂ ਫੱਟ ਇਹਨਾਂ ਦੇ ਲੱਗੇ ਹੋਏ ਨੇ ਤੇ ਇਹ ਆਪਣੇ ਜ਼ਖਮਾਂ ਨੂੰ ਧੋ ਰਹੇ ਹਨ। ਪਰ ਆਹ ਮੈਦਾਨੇ-ਜੰਗ ਵਿਚ ਸਿੰਘਾਂ ਨੇ ਜਿਹੜਾ 'ਸ਼ਹਾਦਤ ਦਾ ਜਾਮ' ਪੀਤਾ, ਮੈਂ ਇਨ੍ਹਾਂ ਦੇ ਚਿਹਰੇ ਸਾਫ ਕਰਕੇ ਤੇ ਇਨ੍ਹਾਂ ਦੇ ਦਰਸ਼ਨ ਕਰ ਲਵਾਂ। ਐਵੇਂ ਨਹੀਂ ਬਚਨ ਕਿਹਾ ਕਿ:

*"ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌ ਕਰੌਂ ਨਿਵਾਸ॥"*

ਜਿਸ ਗੁਰੂ ਨੇ ਇੰਨੀ ਕ੍ਰਿਪਾ ਖਾਲਸੇ ਦੇ ਉਪਰ ਕੀਤੀ ਹੋਵੇ ਤੇ ਜੋ ਕਿਸੇ ਵੀ ਕਾਰਨਾਂ ਕਰਕੇ ਤੁਹਾਨੂੰ ਤਿਆਰ-ਬਰ-ਤਿਆਰ ਸਿੰਘਾਂ ਦੇ ਦਰਸ਼ਨ ਨਾ ਹੋਣ ਤੇ ਤੁਸੀਂ ਆਪੇ ਹੀ ਪਹਿਰ ਰਾਤ ਉੱਠਣ ਦੇ ਮੁਤਾਬਿਕ ਸਨਕੇਸੀ ਇਸ਼ਨਾਨ ਕਰਕੇ ਤੇ ਪੰਜਾਂ ਬਾਣੀਆਂ ਦਾ ਤੇ ਗੁਰਮੰਤਰ ਦਾ ਅਭਿਆਸ ਸ਼ਰਧਾ-ਭਾਵਨਾ ਨਾਲ ਕਰੋਗੇ, ਤੇ ਉਸ ਤੋਂ ਉਪਰੰਤ ਅਰਦਾਸ ਕਰਕੇ ਤੇ ਸ਼ੀਸ਼ੇ ਵਿੱਚ ਆਪਣਾ ਚਿਹਰਾ ਦੇਖ ਲੈਣਾ। ਫਿਰ ਤੈਨੂੰ ਸਾਡੇ ਦਰਸ਼ਨ ਹੋਣਗੇ। ਇੰਨੀ ਵਡਿਆਈ, ਇੰਨੀ ਬਖਸ਼ਿਸ਼ ਜੇਕਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੋਵੇ ਤਾਂ ਅਸੀਂ ਕਹਿਣੇ ਹਾਂ ਅਸੀਂ ਨਹੀਂ ਇੰਝ ਕਰਨਾ।

ਗੁਰਸਿੱਖੋ, ਗੁਰੂ ਜੀ ਇਕੱਲੇ-ਇਕੱਲੇ ਸੂਰਬੀਰ ਦਾ ਚਿਹਰਾ ਸਾਫ ਕਰਦੇ ਹਨ ਤੇ ਫਤਹਿ ਬੁਲਾਉਂਦੇ ਹਨ ਔਰ ਵਰ ਵੀ ਦਿੰਦੇ ਹਨ ਕਿ ਹੁਣ ਪਹੁੰਚ ਗਏ ਭਾਈ ਮਹਾਂ ਸਿੰਘ ਦੇ

ਕੋਲ। ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮੁਕਤਸਰ ਦੇ ਸ਼ਹੀਦੀ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ ਆਏ ਤੇ ਉਸ ਦਿਨ ਇਕੋ ਹੀ ਦਿਨ ਅੱਠ ਜਗ੍ਹਾ ਤੇ ਕਥਾ ਕਰਨੀ ਸੀ। ਔਰ ਜੱਥੇ ਦੇ ਸਿੰਘਾਂ ਨੇ ਕਹਿਣਾ ਕੀਤਾ ਕਿ ਮਹਾਂਪੁਰਸ਼ੋ! ਅੱਠ ਜਗ੍ਹਾ ਤੇ ਅਲੱਗ-ਅਲੱਗ ਜਾ ਕੇ ਕਥਾ ਕਰਨੀ ਹੈ, ਤੁਸੀਂ ਕਿਸ ਤਰ੍ਹਾਂ ਪਹੁੰਚੋਗੇ! ਔਰ ਕਦੋਂ ਤੁਸੀਂ ਆਰਾਮ ਕਰੋਗੇ? ਤਾਂ ਮਹਾਰਾਜ ਬੀਰ-ਰੱਸ ਵਿਚ ਤੇ ਉਹਨਾਂ ਦੀਆਂ ਅੱਖਾਂ ਵਿਚੋਂ ਹੰਝੂ ਡਿੱਗਣੇ ਸ਼ੁਰੂ ਹੋ ਗਏ। ਇਸ ਉਪਰ "ਸੰਤ ਈਸ਼ਰ ਸਿੰਘ" ਜੀ ਕਿਹਾ ਕਰਦੇ ਸਨ ਕਿ ਜਦੋਂ ਬੈਰਾਗ ਦੇ ਨਾਲ ਤੁਹਾਡੀਆਂ ਅੱਖਾਂ ਵਿਚੋਂ ਹੰਝੂ ਡਿਗਦੇ ਹਨ ਨਾ ਤੇ ਉਹ ਹੰਝੂ ਤੁਹਾਡੇ ਇਕ ਹਜ਼ਾਰਾਂ ਜਨਮ ਕੱਟ ਦੇਵੇਗਾ। ਔਰ ਉਸ ਦੀ ਨਿਸ਼ਾਨੀ ਇਹੋ ਹੋਵੇਗੀ ਕਿ ਉਸ ਦਾ ਰੰਗ ਪੀਲਾ ਹੋਵੇਗਾ ਤੇ ਉਹ ਜਿਹੜਾ ਬੈਰਾਗ ਦਾ ਹੰਝੂ ਹੈ, ਉਹ ਕੋਸਾ ਹੁੰਦਾ ਹੈ। ਔਰ ਹਿਰਦਾ ਤੁਹਾਡਾ ਮੋਮ ਵਾਂਗੂੰ ਪਿਘਲਿਆ ਹੋਵੇਗਾ। ਉਹਨਾਂ ਬੈਰਾਗ ਦੇ ਹੰਝੂਆਂ ਦੇ ਨਾਲ ਉਸ ਅਕਾਲ-ਪੁਰਖ ਵਾਹਿਗੁਰੂ ਦੀ ਤੁਹਾਡੇ ਤੇ ਕ੍ਰਿਪਾ ਹੋ ਜਾਵੇਗੀ। ਸੰਤ ਬਾਬਾ ਕਰਤਾਰ ਸਿੰਘ ਭਿੰਡਰਾਂ ਵਾਲੇ, ਜਦੋਂ ਅੱਖਾਂ 'ਚੋਂ ਬੈਰਾਗ ਦੇ ਹੰਝੂ ਨਿਕਲਣੇ ਸ਼ੁਰੂ ਹੋ ਗਏ ਤੇ ਦਾਸ ਨੇ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਪ੍ਰਭੂ ਦਾ ਸਿਮਰਨ ਕਰਨ ਨਾਲ ਅੰਤਰਯਾਮਤਾ ਪ੍ਰਾਪਤ ਹੋ ਜਾਂਦੀ ਹੈ। ਨਾਮ-ਰਸੀਆਂ ਨੂੰ ਵੀ ਛੇ ਮਹੀਨੇ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ ਕਿ ਨਾਮ ਦਾ ਤੇ ਸਰੀਰ ਦਾ ਚੋਲਾ ਜਿਹੜਾ ਹੈ, ਉਹ ਅਸੀਂ ਛੱਡ ਦੇਣਾ ਹੈ।

*"ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉਨਿਧਿ॥*
*ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥*
*ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥*
*ਪ੍ਰਭ ਕੈ ਸਿਮਰਨਿ ਬਿਨਸੈ ਦੂਜਾ॥*
*ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥*
*ਪ੍ਰਭ ਕੈ ਸਿਮਰਨਿ ਦਰਗਹ ਮਾਨੀ॥"* ***(ਸੁਖਮਨੀ ਸਾਹਿਬ)***

ਗੁਰਮੁਖ ਪਿਆਰਿਓ! ਤਾਂ ਹੀ ਉਹ ਸਿਮਰਨ ਆਪਾਂ ਨਹੀਂ ਕਰਦੇ। ਇਸੇ ਲਈ ਗੁਰੂ ਨੇ ਕਿਹਾ ਸੀ ਕਿ ਉਸ ਬਾਣੇ ਤੋਂ ਕੀ ਥੁੜਿਆ ਹੋਇਆ ਹੈ, ਉਸ ਸਿੱਖੀ ਦੇ ਜੀਵਨ ਤੋਂ ਥੁੜਿਆ ਹੋਇਆ ਵੀ ਕੀ ਹੈ ਤੇ ਉਸ ਤਿਆਰ-ਬਰ-ਤਿਆਰ ਸਿੰਘ ਦੇ ਜੀਵਨ ਤੋਂ ਥੁੜਿਆ ਵੀ ਕੀ ਹੋਇਆ ਹੈ ਔਰ ਜਿਸ ਗੁਰਮੁਖ ਦਾ ਜੀਵਨ ਦੇਹ ਕਰਕੇ, ਇਹ ਦੁਨੀਆਂ ਦੇ ਲੋਕ ਸਲਾਮਾਂ ਨਾ ਕਰਨ। ਫਕੀਰ ਆਤਮਾ ਪਹੁੰਚੀ ਹੋਈ ਮਹਾਂਪੁਰਸ਼ਾਂ ਦੇ ਬਚਨ।

ਉਹ ਕਹਿੰਦੇ ਨੇ ਕਿ ਗੁਰੂ ਕੇ ਸਿੱਖ ਦਾ ਜੀਵਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਜਿਸ ਗੁਰਸਿੱਖ ਦੇ ਦਰਸ਼ਨ ਕਰਕੇ ਇਕ ਦੇਹ ਦਾ ਵਪਾਰ ਕਰਨ ਵਾਲੀ ਦਾ ਵੀ ਸੀਸ ਝੁਕ ਜਾਣਾ ਚਾਹੀਦਾ ਹੈ। ਉਸ ਦੇ ਜੀਵਨ ਦਾ ਇੰਨਾ ਉੱਚਾ ਕਿਰਦਾਰ ਹੋਵੇ, ਇੰਨਾ ਉੱਚਾ ਉਸਦਾ

ਅਕਸ ਹੋਵੇ, ਇੰਨਾ ਉੱਚਾ ਉਸਦਾ ਪ੍ਰਭਾਵ ਹੋਵੇ ਕਿ ਜਿਸ ਦੇ ਸਾਹਮਣੇ ਭਾਈ ਜੋਗਾ ਸਿੰਘ ਜੀ ਵਰਗੇ ਵੀ ਥਿੜਕ ਜਾਣ। ਔਰ ਦਸਮੇਸ਼ ਪਿਤਾ ਜੀ ਨੂੰ ਪਹਿਰਾ ਦੇ ਕੇ ਉਸ ਸਿੱਖ ਨੂੰ ਬਚਾਉਣਾ ਪਵੇ, ਉਹਨਾਂ ਔਰਤਾਂ ਦੀਆਂ ਨਿਗਾਹਾਂ ਵਿੱਚ ਸਿੰਘ ਦਾ ਜੀਵਨ ਇਸ ਤਰ੍ਹਾਂ ਦਾ ਹੋਵੇ, ਇਸ ਤਰ੍ਹਾਂ ਦਾ ਜੀਵਨ ਹੋਵੇ ਕਿ ਉਹਨਾਂ ਦਾ ਸੀਸ ਵੀ ਝੁਕ ਜਾਵੇ।

ਦਾਸ ਦੱਸ ਰਿਹਾ ਸੀ ਕਿ ਸੰਤ ਬਾਬਾ ਕਰਤਾਰ ਸਿੰਘ ਜੀ ਕਹਿੰਦੇ ਕੀ ਹੋਇਆ ਜੇਕਰ ਸਾਨੂੰ ਅੱਠ ਜਗ੍ਹਾ ਕਥਾ ਕਰਨ ਲਈ ਜਾਣਾ ਪਵੇ। ਇਹ ਸਰੀਰ ਇਕ ਮਿੱਟੀ ਦੀ ਢੇਰੀ ਹੈ, ਇਹ ਨਾਸ਼ਵੰਤ ਹੈ ਔਰ ਇਸ ਸਰੀਰ ਦੇ ਰਹਿੰਦੇ ਸਵਾਸਾਂ ਦੇ ਨਾਲ ਜਿੰਨੀ ਵੱਧ ਤੋਂ ਵੱਧ ਸਿੱਖ ਕੌਮ ਦੀ ਪ੍ਰਚਾਰ ਰਾਹੀਂ ਸੇਵਾ ਹੋਈ ਜਾਵੇ, ਕਹਿਣ ਲੱਗੇ ਇਸ ਤੋਂ ਸਸਤਾ ਸੌਦਾ ਹੋਰ ਕੋਈ ਨਹੀਂ। ਪਤਾ ਨਹੀਂ ਕਿ ਇਹ ਤਨ ਗੰਦਗੀ ਕਾ ਢੇਰ ਹੈ :

*ਇਹ ਤਨ ਗੰਦਗੀ ਕਾ ਢੇਰ ਹੈ,*
*ਹਰਿ ਹੀਰਿਆਂ ਦੀ ਖਾਣ॥*

ਤੁਸੀਂ ਕਦੇ ਕਿਸੇ ਦਾ ਬੁੱਤ ਸ਼ੀਸ਼ਿਆਂ ਦੇ ਵਿਚ ਲੱਗਾ ਹੋਇਆ ਦੇਖਿਆ ਹੈ, ਕਿਉਂਕਿ ਇਸ ਨੇ ਬੜੀ ਕਠਿਨ ਘਾਲਣਾ ਕੀਤੀ ਤੇ ਇਸਦਾ ਸਸਕਾਰ ਵੀ ਨਹੀਂ ਕਰਨਾ, ਇਸ ਨੂੰ ਦਬਾਉਣਾ ਵੀ ਨਹੀਂ ਤੇ ਇਸ ਦਾ ਨਾਮੋ-ਨਿਸ਼ਾਨ ਨਹੀਂ ਖਤਮ ਕਰਨਾ। ਭਾਵੇਂ ਜਿੰਨਾ ਮਰਜ਼ੀ ਖਰਚਾ ਹੋ ਜਾਵੇ, ਪਰ ਇਸ ਦਾ ਸਰੀਰ ਅਸੀਂ ਸ਼ੋਅ-ਕੇਸ ਵਿਚ ਹੀ ਮੜ੍ਹਾਉਣਾ ਹੈ। ਇਹ ਤਾਂ ਦੇਖਿਆ ਗਿਆ ਕਿ :

*"ਤਨ ਤੇ ਪ੍ਰਾਨ ਹੋਤ ਜਬ ਨਿਆਰੇ....॥*

*(ਪੰਨਾ ੫੩੬)*

ਮਹਾਂਪੁਰਸ਼ ਕਹਿਣ ਲੱਗੇ ਇਸ ਸਰੀਰ ਨੇ ਸਦਾ ਰਹਿਣਾ ਨਹੀਂ। ਇਸ ਲਈ ਇਸ ਸਰੀਰ ਦੇ ਨਾਲ ਜਿੰਨਾ ਪ੍ਰਚਾਰ 'ਗੁਰੂ ਨਾਨਕ ਦੇਵ ਮਹਾਰਾਜ' ਦੀ ਸਿੱਖੀ ਦਾ ਹੋ ਜਾਵੇ, ਓਨਾ ਹੀ ਘੱਟ ਹੈ। ਤੇ ਥੋੜ੍ਹੇ ਹੀ ਦਿਨਾਂ ਤੱਕ ਭਾਣਾ ਵਰਤ ਗਿਆ। ਐਕਸੀਡੈਂਟ ਹੋਇਆ ਤੇ ਮਹਾਂਪੁਰਸ਼ ਇਹ ਸਿੱਖੀ ਕੇਸਾਂ ਤੇ ਸੁਆਸਾਂ ਸੰਗ ਨਿਭਾ ਕਰਕੇ ਸੱਚਖੰਡ ਨੂੰ ਫਤਹਿ ਕਰ ਗਏ।

# ਧਿਆਨ ਤੋਂ ਪਹਿਲਾਂ ਗਿਆਨ ਦੀ ਜ਼ਰੂਰਤ

*ਸੂਹੀ ਮਹਲਾ ੪ ਘਰੁ ੭ ੧ੴ ਸਤਿਗੁਰ ਪ੍ਰਸਾਦਿ॥*
*ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ*
*ਤੂ ਸਾਹਿਬ ਗੁਣੀ ਨਿਧਾਨਾ॥*
*ਤੁਮਰੀ ਮਹਿਮਾ ਬਰਨਿ ਨ ਸਾਕਉ*
*ਤੂੰ ਠਾਕੁਰ ਊਚ ਭਗਵਾਨਾ॥ ੧॥* *(ਪੰਨਾ ੭੩੫)*
... ... ... ... ... ...
*ਹਰਿ ਕੀ ਵਡਿਆਈ ਹਉ ਆਖਿ ਨ ਸਾਕਾ*
*ਹਉ ਮੂਰਖੁ ਮੁਗਧੁ ਨੀਚਾਣੁ॥*
*ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ*
*ਸਰਣਾਗਤਿ ਪਇਆ ਅਜਾਣੁ॥* *(ਪੰਨਾ ੭੩੬)*

ਗੁਰਮੁਖ ਪਿਆਰਿਓ ! ਜਿਥੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ ਬਾਣੀ ਪੜ੍ਹਨ ਨੂੰ ਅਤੇ ਸੁਣਨ ਨੂੰ ਬਹੁਤ ਮਹਾਨਤਾ ਬਖਸ਼ੀ ਹੈ ਉਥੇ :

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥* *(ਪੰਨਾ ੧੦੭੫)*

ਇਹੋ ਜਿਹੇ ਸਮੇਂ ਦੇ ਅੰਦਰ ਉਹਨਾਂ ਨੇ 'ਕੀਰਤਨ' ਨੂੰ ਮਹਾਨਤਾ ਬਖ਼ਸ਼ੀ ਹੈ, ਪੰਚਮ ਪਿਤਾ ਧੰਨ ਗੁਰੂ ਅਰਜਨ ਦੇਵ ਮਹਾਰਾਜ ਜੀ, ਜਿਨ੍ਹਾਂ ਨੇ 'ਸੁਖਮਨੀ ਸਾਹਿਬ' ਦੇ ਅੰਦਰ ਇਹ ਬਚਨ ਕੀਤੇ ਹਨ :

*ਸਭ ਤੇ ਊਤਮ ਹਰਿ ਕੀ ਕਥਾ॥*
*ਨਾਮੁ ਸੁਨਤ ਦਰਦ ਦੁਖ ਲਥਾ॥* *(ਪੰਨਾ ੨੬੫)*

ਕਹਿੰਦੇ ਹਨ ਕਿ ਅਗਰ ਇਸ ਸੰਸਾਰ ਦੇ ਉੱਤੇ ਸਭ ਤੋਂ ਉੱਤਮ ਕਰਮ ਦੇਖਣਾ ਹੋਵੇ ਤਾਂ ਉਹ ਅਕਾਲ-ਪੁਰਖ ਵਾਹਿਗੁਰੂ ਦੀ ਕੀਰਤੀ ਹੈ, ਬੰਦਗੀ ਹੈ, ਸਿਮਰਨ ਹੈ ਤੇ ਉਸ ਪਰਮੇਸ਼ਰ ਵਾਹਿਗੁਰੂ ਦੇ ਗੀਤ ਹਨ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ :

*ਸਭ ਤੇ ਊਤਮ ਹਰਿ ਕੀ ਕਥਾ॥*

*ਨਾਮੁ ਸੁਨਤ ਦਰਦ ਦੂਖ ਲਥਾ॥*

ਇਹ ਉੱਤਮ ਕਥਾ, ਜਿਨ੍ਹਾਂ ਨੇ ਤਾਂ ਮਨ ਕਰਕੇ ਸੁਣੀ ਉਹਨਾਂ ਦੇ ਲੋਕ-ਪਰਲੋਕ ਦੇ ਸਾਰੇ ਦੁੱਖ ਕੱਟੇ ਗਏ। ਔਰ ਜਿਨ੍ਹਾਂ ਨੇ ਮਨ ਕਰਕੇ ਕਥਾ-ਕਹਾਣੀਆਂ ਪਰਮੇਸ਼ਰ ਵਾਹਿਗੁਰੂ ਦੀਆਂ ਸਰਵਣ ਨਹੀਂ ਕੀਤੀਆਂ ਉਹਨਾਂ ਨੂੰ ਫਿਰ ਇਸ ਦਾ ਲਾਭ ਵੀ ਨਹੀਂ ਹੋ ਸਕਦਾ ਤੇ ਪੰਚਮ ਪਿਤਾ ਜੀ ਕ੍ਰਿਪਾ ਕਰਦੇ ਹਨ ਕਿ :

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥* *(ਪੰਨਾ ੬੪੨)*

ਦਾਸ ਨੇ ਪਹਿਲਾਂ ਵੀ ਇਹ ਬੇਨਤੀ ਕੀਤੀ ਸੀ ਕਿ ਇਸ ਜੀਵ ਵਾਸਤੇ, ਇਸ ਮਨੁੱਖ ਵਾਸਤੇ ਜਿਹੜੀ ਸਤਿਸੰਗਤ ਹੈ, ਉਹ ਕਿੰਨੀ ਕੁ ਜ਼ਰੂਰੀ ਹੈ ? ਭਾਵੇਂ ਕਿੰਨਾ ਵੀ ਹਜ਼ਾਰਾਂ ਦਾ ਇਕੱਠ ਹੋਵੇ। ਕੋਈ ਇਸ ਨੂੰ ਸਾਧਸੰਗਤ ਦਾ ਨਾਮ ਨਹੀਂ ਦੇ ਸਕਦਾ। ਉਸ ਇਕੱਠ ਨੂੰ ਕੋਈ ਬੈਕੁੰਠ ਦਾ, ਸੱਚਖੰਡ ਦਾ ਦਰਜਾ ਨਹੀਂ ਦੇ ਸਕਦਾ। ਬਲਕਿ ਸਤਿਸੰਗਤ ਉਸ ਇਕੱਠ ਦਾ ਨਾਮ ਹੈ ਜਿਥੇ ਕੇਵਲ ਤੇ ਕੇਵਲ "ਸਤਿ" (ਸੱਚ) ਦੀ ਹੀ ਵਿਚਾਰ ਹੋਵੇ, ਨਾਮ ਦੀ ਹੀ ਵਿਚਾਰ ਹੋਵੇ, ਨਾਮ ਦੀ ਹੀ ਵਿਆਖਿਆ ਹੋਵੇ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*

ਸਾਰਿਆਂ ਕਰਮਾਂ ਤੋਂ ਅਨਮੋਲ ਕਰਮ ਇਸ ਸਤਿਸੰਗਤ ਦੇ ਵਿੱਚ ਆਉਣਾ ਹੈ। ਔਰ ਪਰਮੇਸ਼ਰ ਵਾਹਿਗੁਰੂ ਦੀਆਂ ਕਥਾ-ਕਹਾਣੀਆਂ ਸਰਵਣ ਕਰਨੀਆਂ, ਇਹ ਹਰ ਇਕ ਨੂੰ ਪ੍ਰਾਪਤ ਨਹੀਂ ਹੁੰਦੀਆਂ।

ਹੁਣ ਅਗਰ ਨਜ਼ਰ ਮਾਰ ਕੇ ਵੇਖੀਏ ਤਾਂ 'ਗੁਰੂ ਨਾਨਕ' ਦੇ ਕਿੰਨੇ-ਕੁ ਸਿੱਖ ਘਰਾਂ ਵਿਚ ਕਾਰੋਬਾਰ ਕਰਦੇ ਹਨ। ਪਰ ਇਹ ਮਹਾਨ ਕੀਮਤੀ ਘੜੀਆਂ ਹਰ ਇਕ ਨੂੰ ਪ੍ਰਾਪਤ ਨਹੀਂ ਹੁੰਦੀਆਂ। ਬਲਕਿ ਜਿਨ੍ਹਾਂ ਦੇ ਭਾਗ ਅਤੀ ਚੰਗੇ ਹਨ, ਗੁਰਦੇਵ ਜੀ ਉਹਨਾਂ ਦੀਆਂ ਝੋਲੀਆਂ ਵਿਚ ਇਹ ਮਹਾਨ ਘੜੀਆਂ ਦਾ ਦਾਨ ਪਾਉਂਦੇ ਹਨ। ਫਿਰ ਇਹ ਫੁਰਨਾ ਉਹਨਾਂ ਵਿਚ ਬਣਾਉਂਦੇ ਹਨ ਕਿ ਜਿਥੇ ਦਸਾਂ ਨੌਹਾਂ ਦੀ ਕਿਰਤ ਕਮਾਈ ਜ਼ਰੂਰੀ ਹੈ, ਉਥੇ ਪਰਮੇਸ਼ਰ ਵਾਹਿਗੁਰੂ ਜੀ ਨੇ ਤੈਨੂੰ ਸਾਰੇ ਧਨ-ਪਦਾਰਥ ਬਖ਼ਸ਼ੇ, ਧੀਆਂ-ਪੁੱਤਰ ਦਿੱਤੇ, ਚੰਗਾ ਪਰਿਵਾਰ ਦਿੱਤਾ। ਉਥੇ ਤੈਨੂੰ ਵੀ ਆਪਣਾ ਕੀਮਤੀ ਸਮਾਂ ਕੱਢ ਕੇ ਪਰਮੇਸ਼ਰ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ। ਔਰ ਧੰਨਵਾਦ ਮਨ ਕਰਕੇ ਹੋਣਾ, ਸਿਮਰਨ ਕਰਕੇ ਹੋਣਾ ਤੇ ਨਾਮ ਜਪ ਕੇ ਹੋਣਾ, ਪਰ ਇਹ ਘੜੀਆਂ ਉਸ ਨੂੰ ਪ੍ਰਾਪਤ ਹੋਣੀਆਂ ਹਨ :

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੂਰਬ ਲਿਖੇ ਕਾ ਲਹਨਾ॥*

ਭਾਵ ਕਿ ਜਿਨ੍ਹਾਂ ਦੇ ਪਹਿਲੇ ਕਰਮ ਚੰਗੇ ਹਨ, ਉਹਨਾਂ ਨੂੰ ਹੀ ਇਹ ਘੜੀਆਂ ਪ੍ਰਾਪਤ ਹੋ ਸਕਦੀਆਂ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਬਚਨ ਹਨ:

*ਜੈਸੇ ਬੀਜ ਬੋਏ ਬਿਰਖ ਬਿਥਾਰ ਗੁਰ,*
*ਪੂਰਨ ਬ੍ਰਹਮ ਨਿਰੰਕਾਰ ਏਕੰਕਾਰ ਹੈ॥*

*(ਕਬਿਤ ੫੫)*

ਕਹਿੰਦੇ ਹਨ ਜਿਸ ਤਰ੍ਹਾਂ ਇਸ ਧਰਤੀ ਤੇ ਛੋਟਾ ਜਿਹਾ ਬੀਜ ਬੋਇਆ ਜਾਂਦਾ ਹੈ ਦਰੱਖਤ ਵਾਸਤੇ, ਉਸ ਤੋਂ ਬਾਅਦ ਹੀ ਇਹ ਪੁੰਗਰਦਾ ਹੈ ਤੇ ਇਕ ਦਰੱਖਤ ਦਾ ਰੂਪ ਲੈਂਦਾ ਹੈ। ਇਸੇ ਤਰ੍ਹਾਂ ਹੀ ਇਸ ਸਤਿਸੰਗਤ ਦਾ ਇੰਨਾ-ਕੁ ਫਲ ਜੀਵ ਨੂੰ ਪ੍ਰਾਪਤ ਹੁੰਦਾ ਹੈ ਕਿ ਜਿਸ ਤਰ੍ਹਾਂ ਇੰਨੇ ਵੱਡੇ ਦਰੱਖਤ ਦਾ ਬੀਜ ਧਰਤੀ ਤੇ ਬੋਇਆ ਜਾਂਦਾ ਹੈ ਤੇ ਫਿਰ ਕਿੰਨੇ ਵੱਡੇ ਦਰੱਖਤ ਦੀ ਉਤਪੱਤੀ ਹੋ ਜਾਂਦੀ ਹੈ, ਇਸ ਤਰ੍ਹਾਂ ਹੀ ਉਸ ਬੀਜ ਦੇ ਮੁਤੱਲਕ, ਉਸ ਹਿਸਾਬ ਦੇ ਨਾਲ ਇੰਨਾ-ਕੁ ਸਮਾਂ ਸਤਿਸੰਗਤ ਕਰਨ ਦੇ ਨਾਲ ਇੰਨਾ ਵੱਡਾ ਫੱਲ ਜਗਿਆਸੂ-ਜਨਾਂ ਨੂੰ ਪ੍ਰਾਪਤ ਹੁੰਦਾ ਹੈ। ਜਿਹੜੇ ਮਨ ਕਰਕੇ ਗੁਰੂ ਦੀ ਗੋਦ ਵਿੱਚ ਬੈਠ ਕੇ ਕਥਾ-ਕਹਾਣੀਆਂ ਸਰਵਣ ਕਰਦੇ ਹਨ ਤੇ ਉਹ:

*੧. "ਜੈਸੇ ਏਕ ਬਿਰਖ ਮੈਂ*
*ਹੋਤ ਹੈਂ ਅਨੇਕ ਫਲ,*

ਜਿਸ ਤਰ੍ਹਾਂ ਇਕ ਦਰੱਖਤ ਨੂੰ ਅਣਗਿਣਤ ਫੱਲ ਲੱਗਦੇ ਹਨ।

*੨. ਤੈਸੇ ਗੁਰਸਿਖ ਸਾਧ ਸੰਗਤਿ ਅਕਾਰ ਹੈ॥*

*(ਕਬਿਤ ੫੫)*

ਕਹਿੰਦੇ ਇਸ ਤਰ੍ਹਾਂ ਇਸ ਸਤਿਸੰਗੀ ਰੂਪ ਬ੍ਰਿਛ ਤੋਂ ਜਿਹੜਾ ਸਤਿਸੰਗੀ ਜਗਿਆਸੂ ਆ ਗਿਆ, ਉਸ ਨੂੰ ਅਣਗਿਣਤ ਫਲ ਪ੍ਰਾਪਤ ਹੁੰਦੇ ਹਨ। ਪਰ ਸ਼ਰਤ ਇਹ ਹੈ ਕਿ:

*੧. ਦਰਸ ਧਿਆਨ ਗੁਰੁ*

ਅੱਖਾਂ ਦੀਆਂ ਨਜ਼ਰਾਂ ਗੁਰੂ ਦੇ ਚਰਨਾਂ ਵੱਲ ਹੋਣ।

*੨. ਸਬਦ ਗਿਆਨ ਗੁਰੁ*

ਭਾਵ ਕਿ ਸ਼ਬਦ ਵਿਚਾਰ ਵਿੱਚ ਧਿਆਨ ਹੋਵੇ।

*੩. ਨਿਰਗੁਨ ਸਰਗੁਣ ਬ੍ਰਹਮ ਬੀਚਾਰ ਹੈ॥"*

*(ਕਬਿਤ ੫੫)*

ਅਰਥਾਤ, ਨਿਰਗੁਣ ਸਰੂਪ ਤੇ ਸਰਗੁਣ ਸਰੂਪ ਉਸ ਬ੍ਰਹਮ ਦੀ ਹੀ ਵਿਚਾਰ ਹੋਵੇ!

*੪. ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥*
*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਪੰਨਾ ੭੨)*

ਪਰ;

*੫. ਬਿਨੁ ਭਾਗਾ ਸਤਸੰਗੁ ਨ ਲਭੈ*

ਭਾਵ ਕਿ ਬਗੈਰ ਭਾਗਾਂ ਤੋਂ ਸਤਿਸੰਗਤ ਦੀਆਂ ਘੜੀਆਂ ਪ੍ਰਾਪਤ ਨਹੀ ਹੁੰਦੀਆਂ।

*੬. ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ (ਪੰਨਾ ੯੫)*

ਤੇ ਸੰਗਤ ਨਾ ਮਿਲਣ ਕਰਕੇ ਇਹ ਮਨ ਪਹਿਲਾਂ ਤੋਂ ਹੀ ਮੈਲਾ ਹੋਇਆ ਹੈ ਤੇ ਇਹ ਵਿਸ਼ੇ-ਵਿਕਾਰਾਂ ਦਾ ਆਦੀ ਹੋ ਚੁੱਕਾ ਹੈ। ਇਸ ਉੱਪਰ ਮੈਲ ਦੀਆਂ ਕਈ ਪਰਤਾਂ ਚੜ੍ਹੀਆਂ ਹੋਈਆਂ ਹਨ, ਜਿਸ ਕਰਕੇ ਇਹ ਵਾਹਿਗੁਰੂ ਦਾ ਸ਼ੁਕਰਾਨਾ ਨਹੀਂ ਕਰਦਾ। ਔਰ ਪਰਮੇਸ਼ਰ ਦਾ ਸਿਮਰਨ ਕਰਨ ਲਈ ਇਸ ਦਾ ਮਨ ਕਦੀ ਵੀ ਤਿਆਰ ਨਹੀਂ ਹੁੰਦਾ ਤੇ ਪਰਉਪਕਾਰੀ ਜੀਵਾਂ ਵਾਸਤੇ ਇਸ ਦੇ ਮਨ ਵਿਚ ਦਇਆ ਕਦੇ ਨਹੀਂ ਆਉਂਦੀ, ਔਰ ਧਰਮੀ ਬਣਨ ਵਾਸਤੇ ਇਸ ਨੇ ਕਦੀ ਸੋਚਿਆ ਹੀ ਨਹੀਂ। ਇਸ ਕਰਕੇ ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ :

*"ਦਰਸ ਧਿਆਨ ਗੁਰ*
*ਸਬਦ ਗਿਆਨ ਗੁਰ*
*ਨਿਰਗੁਨ ਸਰਗੁਣ ਬ੍ਰਹਮ ਬੀਚਾਰ ਹੈ॥"*

ਕਹਿੰਦੇ :

*ਗਜਾਨ ਧਜਾਨ ਬ੍ਰਹਮ ਸਥਾਨ ਸਵਾਧਾਨ,*

ਭਾਵ ਕਿ ਜਿੰਨਾ ਚਿਰ ਗਿਆਨ ਹੀ ਨਹੀਂ ਸਾਨੂੰ ਗੁਰੂ ਗ੍ਰੰਥ ਸਾਹਿਬ ਦਾ ਹੋਇਆ, ਗਿਆਨ ਹੀ ਨਹੀਂ ਬਾਣੀ ਦਾ ਹੋਇਆ, ਗਿਆਨ ਹੀ ਨਹੀਂ ਸ਼ਬਦ ਦਾ ਤੇ ਸਿੱਖੀ ਦਾ ਹੋਇਆ, ਫਿਰ ਧਿਆਨ ਕਿਸ ਦੇ ਨਾਲ ਜੋੜਾਂਗੇ? ਇਸ ਕਰਕੇ ਧਿਆਨ ਤੋਂ ਪਹਿਲਾਂ ਗਿਆਨ ਦੀ ਜ਼ਰੂਰਤ ਹੈ ਨਾ ਤੇ ਉਹ ਗਿਆਨ ਨੂੰ ਕਹਿੰਦੇ ਨੇ KNOWLEDGE, ਸੋਝੀ ਨੂੰ, ਪ੍ਰਕਾਸ਼ ਨੂੰ,

*ਗਜਾਨ ਧਜਾਨ ਬ੍ਰਹਮ ਸਥਾਨ ਸਵਾਧਾਨ,*

ਤੇ ਉਸ ਬ੍ਰਹਮ ਦੇ ਚਰਨਾਂ ਦੀ ਜਗ੍ਹਾ ਬ੍ਰਹਮ ਪਰਮੇਸ਼ਰ ਵਾਹਿਗੁਰੂ ਦੀ ਹੋਂਦ, ਇਸ ਬ੍ਰਹਮ ਦੀ ਪਹਿਚਾਣ ਤੇ ਜਿੰਨਾ ਚਿਰ ਇਹ ਸਾਵਧਾਨ ਹੋ ਕਰਕੇ ਬੈਠਦਾ ਨਹੀਂ, ਮਨ ਇਕਾਗਰ ਕਰਕੇ ਸਿਮਰਦਾ ਨਹੀਂ ਤੇ ਸ਼ਬਦ ਔਰ ਸੁਰਤ ਦਾ ਮੇਲ ਨਹੀਂ ਕਰਦਾ, ਔਰ ਇਨ੍ਹਾਂ ਅੱਖੀਆਂ

ਦੇ ਨਾਲ ਵਾਹਿਗੁਰੂ ਪਰਮੇਸ਼ਰ ਦੇ ਦਰਸ਼ਨ ਨਹੀਂ ਕਰ ਸਕਦਾ। ਕਿਉਂਕਿ ਇਸ ਨੂੰ ਇਨ੍ਹਾਂ ਕੰਨਾਂ ਦੇ ਨਾਲ ਪ੍ਰਭੂ-ਪਰਮੇਸ਼ਰ ਦੀਆਂ ਕਹਾਣੀਆਂ ਸੁਣਨੀਆਂ ਚੰਗੀਆਂ ਨਹੀਂ ਲਗਦੀਆਂ। ਔਰ ਇਹ ਸੇਵਾ ਕਰਕੇ ਸਰੀਰ ਨੂੰ ਪਵਿੱਤਰ ਨਹੀਂ ਕਰਦਾ। ਇਹ ਇਨ੍ਹਾਂ ਪੈਰਾਂ ਦੇ ਨਾਲ ਚੱਲ ਕੇ ਸਤਿਸੰਗਤ ਵੱਲ ਨੂੰ ਨਹੀਂ ਜਾਂਦਾ। ਇਸੇ ਕਰਕੇ ਉਤਨੀ ਦੇਰ ਤੱਕ ਇਸ ਨੂੰ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਔਰ ਅਗਰ 'ਗਿਆਨ' ਹੀ ਨਹੀਂ, ਫਿਰ ਧਿਆਨ ਕਿਥੇ ਲਗਾਵਾਂਗੇ ? ਜਿੰਨਾ ਚਿਰ ਮਨੁੱਖੀ ਜਾਮੇ ਦੇ ਅਸਲ ਪ੍ਰਯੋਜਨ ਦਾ ਹੀ ਪਤਾ ਨਹੀਂ ਕਿ ਮੈਂ ਕੀ ਕਰਨ ਵਾਸਤੇ ਆਇਆ ਹਾਂ ਤੇ ਫਿਰ ਕਰਾਂਗੇ ਕੀ ? ਔਰ ਗੁਰਮੁਖੋ ! ਇਹ ਸਾਰਾ ਗਿਆਨ ਸਤਿਸੰਗਤ ਦੇ ਵਿਚ ਆ ਕੇ ਹੀ ਪਤਾ ਚੱਲਣਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਤਿਸੰਗਤ ਦੇ ਵਿੱਚ ਆ ਕਰਕੇ ਪ੍ਰੇਮ-ਸ਼ਰਧਾ ਤੇ ਭਾਵਨਾ ਨਾਲ ਜਦੋਂ ਇਹ ਮਨੁੱਖ ਕਥਾ-ਕਹਾਣੀਆਂ ਗੁਰੂ ਸਾਹਿਬਾਂ ਦੀਆਂ ਸਰਵਣ ਕਰਦਾ ਹੈ, ਗੁਰੂ ਦੇ ਸ਼ਬਦ ਦੀ ਵਿਚਾਰ ਸਰਵਣ ਕਰਦਾ ਹੈ ਤਾਂ ਇਹ ਮਨ ਚੰਗੇ ਕਰਮ ਕਰਨ ਨੂੰ ਲੋਚਦਾ ਹੈ, ਤਾਂਕਿ ਮੈਂ ਵੀ ਗੁਰੂ ਦਾ ਸਿੱਖ ਬਣ ਜਾਵਾਂ, ਮੈਂ ਵੀ ਕਲਗੀਧਰ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂ ਤੇ ਮੈਂ ਵੀ ਅੰਮ੍ਰਿਤ-ਵੇਲੇ ਉੱਠ ਕੇ ਨਿਤਨੇਮ ਦੀਆਂ ਬਾਣੀਆਂ ਪੜ੍ਹ ਸਕਾਂ। ਔਰ ਬਗੈਰ ਨਾਗੇ ਹਰ ਰੋਜ਼ ਮੈਂ ਗੁਰੂ ਗ੍ਰੰਥ ਸਾਹਿਬ ਦੇ ਚਰਨ ਪਰਸਣਾ ਕਰਾਂ। ਔਰ ਇਹ ਸਾਰਾ ਗਿਆਨ ਸਤਿਸੰਗਤ ਦੇ ਵਿਚ ਆ ਕਰਕੇ ਹੀ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਸੋਢੀ ਸੁਲਤਾਨ ਧੰਨ ਗੁਰੂ ਰਾਮਦਾਸ ਜੀ ਕ੍ਰਿਪਾ ਕਰਦੇ ਹਨ ਕਿ ਪਹਿਰਾਵਾ ਸਿੱਖਾਂ ਵਾਲਾ ਪਾ ਲਿਆ ਹੈ, ਲੇਕਿਨ ਅਜੇ ਸਿੱਖ ਨਹੀਂ ਬਣੇ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਚਰਨਾਂ ਵਿਚ ਅਸੀਂ ਆ ਗਏ। ਲੇਕਿਨ ਸਿੱਖ ਨਹੀਂ ਬਣੇ ਅਜੇ। ਪਰ ਸਿੱਖ ਉਸ ਦਿਨ ਤੂੰ ਬਣੇਗਾ, ਜਦੋਂ ਤੇਰਾ ਮਨ ਸਿੱਖੀ ਧਾਰਨ ਕਰ ਲਵੇਗਾ। ਜਦੋਂ ਤੇਰੇ ਮਨ ਵਿਚ ਸ਼ਰਧਾ-ਭਾਵਨਾ ਆ ਜਾਵੇਗੀ। ਔਰ ਜਦੋਂ ਮਨੋਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸਤਿਕਾਰ ਕਰੇਂਗਾ। ਔਰ ਇਹ ਕ੍ਰਿਪਾ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਉਹਨਾਂ ਤੇ ਹੀ ਹੁੰਦੀ ਹੈ, ਜੋ ਆਪ ਵੀ ਕੋਸ਼ਿਸ਼ ਕਰਦੇ ਹਨ। ਹੁਣ ਗੁਰੂ ਰਾਮਦਾਸ ਮਹਾਰਾਜ ਜੀ ਇਹ ਦੱਸ ਰਹੇ ਹਨ ਕਿ ਸਿੱਖ ਕੌਣ ਹੈ ? ਕਿਸ ਨੂੰ ਕਹੀਏ ਕਿ ਇਹ ਸਿੱਖ ਹੈ, ਇਸ ਤੇ ਅਕਾਲ-ਪੁਰਖ ਵਾਹਿਗੁਰੂ ਦੀ ਕ੍ਰਿਪਾ ਹੈ ਤੇ ਧੰਨ ਗੁਰੂ ਰਾਮਦਾਸ ਜੀ ਕ੍ਰਿਪਾ ਕਰਦੇ ਹਨ :

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (ਪੰਨਾ ੩੦੫)*

ਜਿਹੜਾ ਆਪ ਮਨ ਕਰਕੇ ਜਪੇਗਾ, ਉਹੀ ਦੱਸ ਸਕਦਾ ਹੈ ਨਾ ਕਿ ਇਹ ਰਸ ਹੈ ਬਾਣੀ ਦਾ। ਇਸ ਤੋਂ ਉਪਰੰਤ "ਗੁਰੂ ਅਰਜਨ ਦੇਵ ਮਹਾਰਾਜ ਜੀ" ਦੇ ਬਚਨ ਆਉਂਦੇ ਹਨ:

*ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥*
*ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥ (ਪੰਨਾ ੬੦੮)*

ਭਾਵ ਕਿ ਨਾਮ-ਸਿਮਰਨ ਜਿਹੜਾ ਮਨ ਕਰਕੇ ਕਰ ਲਵੇ ਨਾ, ਫਿਰ ਉਹ ਇਸ ਰਸਨਾ ਤੋਂ ਇਸ ਦਾ ਆਨੰਦ ਦੱਸ ਹੀ ਨਹੀਂ ਸਕਦਾ ਕਿ ਨਾਮ ਦਾ ਰਸ ਇਹੋ ਜਿਹਾ ਹੈ, ਨਾਮ ਦਾ ਆਨੰਦ ਇਹੋ ਜਿਹਾ ਹੈ। ਭਗਤ ਕਬੀਰ ਜੀ ਦਾ ਵੀ ਇਸ ਪਰਥਾਏ ਬਚਨ ਆਉਂਦਾ ਹੈ:

*ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥ (ਪੰਨਾ ੩੩੪)*

ਕਬੀਰ ਜੀ ਕਹਿੰਦੇ ਕਿ ਅਗਰ ਨਾਮ-ਰਸੀਏ ਨੂੰ ਪੁਛੀਏ ਨਾ ਕਿ ਨਾਮ ਜਪਣ ਵਿਚ ਕਿੰਨਾ-ਕੁ ਆਨੰਦ ਆਉਂਦਾ ਹੈ, ਬੰਦਗੀ ਦਾ ਕਿੰਨਾ-ਕੁ ਨਜ਼ਾਰਾ ਆਉਂਦਾ ਹੈ ਤੇ ਉਹ ਉਸ ਗੂੰਗੇ ਵਾਂਗ ਇਜ਼ਹਾਰ ਕਰੇਗਾ। ਕਿਉਂਕਿ ਕਬੀਰ ਜੀ ਕਹਿੰਦੇ ਕਿ ਅਗਰ ਗੂੰਗੇ ਨੂੰ ਗੁੜ ਖਵਾ ਦੇਈਏ ਨਾ ਤੇ ਉਹ ਇਸ਼ਾਰੇ ਨਾਲ ਦੱਸ ਕੇ ਕਹੇਗਾ ਕਿ ਇਸ ਦਾ ਸੁਆਦ ਕਿਸ ਤਰ੍ਹਾਂ ਦਾ ਹੈ। ਇਸੇ ਤਰ੍ਹਾਂ ਨਾਮ ਦਾ ਰਸ ਜਿਨ੍ਹਾਂ ਪ੍ਰਾਣੀਆਂ ਨੂੰ ਆ ਗਿਆ, ਫਿਰ ਉਹ ਇਸ ਰਸਨਾ ਤੋਂ ਦੱਸ ਨਹੀਂ ਸਕਦੇ।

ਬਾਬਾ ਫਰੀਦ ਜੀ, ਅੱਜ ਉਮਰ ਦਾ ਤਕਾਜ਼ਾ ਵੀ ਸਾਹਮਣੇ ਆ ਜਾਂਦਾ ਹੈ। ਔਰ ਅਗਰ ਕਿਸੇ ਨੂੰ ਕਹੀਏ ਨਾ ਕਿ ਕੇਸ-ਦਾੜ੍ਹੀ ਰੱਖ ਕੇ ਸਰਬੰਸ-ਦਾਨੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੰਘ ਬਣੋ, ਪਰਮੇਸ਼ਰ-ਵਾਹਿਗੁਰੂ ਦਾ ਸਿਮਰਨ ਕਰੋ, ਪਰਉਪਕਾਰ ਕਰੋ, ਜੀਵਾਂ ਤੇ ਦਇਆ ਕਰੋ ਤੇ ਬਾਣੀ ਪੜ੍ਹਿਆ ਕਰੋ, ਤਾਂ ਅੱਗੋਂ ਜਵਾਬ ਪਤਾ ਕੀ ਮਿਲਦਾ ਹੈ ਕਿ ਅਜੇ ਉਮਰ ਨਹੀਂ, ਅਜੇ ਮੈਂ ਵਿਆਹ ਕਰਵਾਉਣਾ ਹੈ, ਕਬੀਲਦਾਰੀ ਨਜਿੱਠਣੀ ਹੈ ਤੇ ਇਕ-ਦੋ ਕੰਮ ਵੀ ਪਏ ਹੋਏ ਨੇ। ਇਹ ਸਭ ਕਰਨ ਤੋਂ ਬਾਅਦ ਕੁਝ ਸੋਚਿਆ ਜਾਵੇਗਾ। ਔਰ ਜਾਂ ਇਹ ਜਵਾਬ ਮਿਲੇਗਾ ਕਿ ਜਦੋਂ ਬਿਰਧ ਅਵਸਥਾ ਵਿੱਚ ਆ ਜਾਵਾਂਗੇ, ਉਦੋਂ ਇਹ ਕੰਮ ਕਰਾਂਗੇ। ਲੇਕਿਨ ਗੁਰਮਖੋ!

ਸਭ ਤੋਂ ਪਹਿਲੀ ਗੱਲ ਤਾਂ ਹੈ ਕਿ ਅਜੇ ਕਿਸੇ ਨੂੰ ਇਹ ਤਾਂ ਨਹੀਂ ਨਾ ਪਤਾ ਕਿ ਮੇਰੇ ਕੋਲ ਅਜੇ ਬਚਪਨਾ ਹੈ ਤੇ ਜਵਾਨੀ ਮੇਰੇ ਕੋਲ ਆਵੇਗੀ ਜਾਂ ਜਵ੍ਹਾਨੀ ਮੇਰੇ ਕੋਲ ਹੈ ਤੇ ਬੁਢਾਪਾ ਮੇਰੇ ਕੋਲ ਆਵੇਗਾ। ਪਰ ਜੇ ਸੰਸਾਰ ਤੱਟ ਤੇ ਕੋਈ ਵੀ ਕੰਮ ਕਰਨੇ ਹੋਣ ਤਾਂ ਉਹ ਬਿਰਧ ਅਵਸਥਾ ਵਿੱਚ ਨਹੀਂ ਕੀਤੇ ਜਾਂਦੇ, ਕਿਉਂਕਿ ਬਿਰਧ ਅਵਸਥਾ ਵਿਚ ਇਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਔਰ ਜੇਕਰ ਬਿਰਧ ਅਵਸਥਾ ਵਿਚ ਕੋਈ ਕੰਮ ਨਹੀਂ ਕੀਤਾ ਜਾਂਦਾ ਤੇ ਜਿਹੜਾ ਸਾਰਿਆਂ ਤੋਂ ਔਖਾ ਕੰਮ ਹੈ:

*"ਆਖਾ ਜੀਵਾ ਵਿਸਰੈ ਮਰਿ ਜਾਉ॥*
*ਆਖਣਿ ਅਉਖਾ ਸਾਚਾ ਨਾਉ॥* (ਰਹਰਾਸਿ ਸਾਹਿਬ)

ਦੱਸੋ ਫਿਰ, ਕੀ ਬਿਰਧ ਅਵਸਥਾ ਵਿੱਚ ਇਹ ਕੰਮ ਹੋ ਜਾਵੇਗਾ?

ਕਈ ਗੁਰਮੁਖਾਂ ਕੋਲੋਂ ਇਹ ਸੁਣਿਆ ਗਿਆ ਹੈ ਕਿ ਬਿਰਧ ਅਵਸਥਾ ਵਿੱਚ ਜਾਣ ਕਰਕੇ ਇਹ ਛੇਤੀ ਨਾਲ ਕੋਈ ਵੀ ਕੰਮ ਨੂੰ ਹਾਂ ਨਹੀਂ ਕਰਦੇ। ਔਰ ਜਿਹੜਾ ਸਾਰਿਆਂ ਦਾ ਮਾਲਕ ਪਰਮੇਸ਼ਰ ਵਾਹਿਗੁਰੂ ਹੈ ਤੇ ਜੇ ਉਸ ਦੀ ਪ੍ਰਾਪਤੀ ਕਰਨੀ ਹੈ ਤਾਂ ਫਿਰ ਮੋਹ-ਮਾਇਆ ਦੇ ਜੰਜਾਲਾਂ ਤੋਂ ਉੱਪਰ ਉਠਣਾ ਪਵੇਗਾ। ਔਰ ਅਗਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਜਿੱਤਣਾ ਹੈ ਤਾਂ ਇਹ ਆਤਮਕ ਬੱਲ ਨਾਲ ਜਿੱਤਿਆ ਜਾਵੇਗਾ। ਫਿਰ ਇਸ ਦੀ ਬਿਰਧ ਅਵਸਥਾ ਤੇ ਕਿਸ ਤਰ੍ਹਾਂ ਕ੍ਰਿਪਾ ਹੋ ਸਕਦੀ ਹੈ? ਇਸ ਤੋਂ ਉਪਰੰਤ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਇਸ ਬਾਰੇ ਬਚਨ ਹਨ ਕਿ:

*੧. ਸਿਰੁ ਕੰਪਿਓ ਪਗ ਡਗਮਗੇ*

ਭਾਵ ਕਿ ਸਿਰ ਕੰਬ ਰਿਹਾ ਹੈ, ਪੈਰ ਡਗਮਗਾ ਰਹੇ ਹਨ।

*ਨੈਨ ਜੋਤਿ ਤੇ ਹੀਨ॥*

ਤੇ ਇਨ੍ਹਾਂ ਅੱਖਾਂ ਦੀ ਨਜ਼ਰ ਘੱਟ ਹੋ ਗਈ ਹੈ।

*੨. ਕਹੁ ਨਾਨਕ ਇਹ ਬਿਧਿ ਭਈ*
*ਤਊ ਨ ਹਰਿ ਰਸਿ ਲੀਨ॥*

(ਪੰਨਾ ੧੪੨੮)

ਭਾਵ ਕਿ ਜਦੋਂ ਇਹ ਅਵਸਥਾ ਆ ਗਈ ਨਾ, ਉਦੋਂ ਹਰੀ ਦਾ ਰਸ ਗੁਰਮੁਖ ਪਿਆਰਿਓ! ਪ੍ਰਾਪਤ ਨਹੀਂ ਹੋ ਸਕਦਾ। ਫਿਰ ਪਰਮੇਸ਼ਰ ਦੇ ਨਾਮ ਤੇ ਵੀ ਤੂੰ ਲੀਨ ਨਹੀਂ ਹੋ ਸਕਦਾ। ਅਗਰ ਤੂੰ ਬਚਪਨ ਵਿੱਚ ਇਹ ਕਮਾਈ ਕੀਤੀ ਹੈ, ਜਵਾਨੀ ਵਿੱਚ ਇਹ ਕਮਾਈ ਕੀਤੀ ਹੈ ਤਾਂ ਹੀ ਬਿਰਧ-ਅਵੱਸਥਾ ਵਿੱਚ ਇਸ ਦਾ ਰਸ ਬਣਿਆ ਰਹੇਗਾ, ਕਿਉਂਕਿ ਉਦੋਂ ਪਤਾ ਚੱਲ ਜਾਂਦਾ ਹੈ ਕਿ ਸ਼ਬਦ ਸੁਰਤ ਦਾ ਮੇਲ ਕਿਸ ਤਰ੍ਹਾਂ ਕਰਨਾ ਹੈ। ਪਰਮੇਸ਼ਰ ਨੂੰ ਜ਼ੱਰਰੇ-ਜ਼ੱਰਰੇ ਵਿਚ ਕਿਸ ਤਰ੍ਹਾਂ ਦੇਖਣਾ ਹੈ।

ਦਾਸ ਅਰਜ਼ ਇਹ ਕਰ ਰਿਹਾ ਸੀ ਕਿ ਅਗਰ ਕਿਸੇ ਨੂੰ ਸਿਮਰਨ, ਸੇਵਾ, ਬਾਣੀ ਪੜ੍ਹਨ ਵਾਸਤੇ ਕਹੀਏ ਤਾਂ ਅਗੋਂ ਇਹ ਜਵਾਬ ਮਿਲਦਾ ਹੈ ਕਿ ਅਜੇ ਮੇਰੀ ਉਮਰ ਨਹੀਂ! ਪਰ,

ਅਗਰ ਭਗਤਾਂ ਦੇ ਜੀਵਨ ਵੱਲ ਨਜ਼ਰ ਮਾਰ ਕੇ ਦੇਖੀਏ ਤਾਂ ਇਹ ਪਤਾ ਚਲਦਾ ਹੈ ਕਿ ਭਗਤ ਪ੍ਰਹਿਲਾਦ ਨੇ ਕਿੰਨੀ-ਕੁ ਉਮਰ ਵਿੱਚ ਸਿਮਰਨ ਕਰਨਾ ਸ਼ੁਰੂ ਕੀਤਾ? ਔਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਬਚਨ ਆ ਗਏ ਹਨ ਕਿ:

*ਰਾਮ ਜਪਉ ਜੀਅ ਐਸੇ ਐਸੇ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥* (ਪੰਨਾ ੩੩੭)

ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਸਿਮਰਨ ਕਰੋ, ਜਿਸ ਤਰ੍ਹਾਂ ਧ੍ਰੂ ਅਤੇ ਪ੍ਰਹਿਲਾਦ ਨੇ ਕੀਤਾ। ਹੁਣ ਇਨ੍ਹਾਂ ਦੀ ਤਾਂ ਪੰਜ-ਪੰਜ ਸਾਲ ਦੀ ਉਮਰ ਵਿਚ ਸੁਰਤੀ ਲੱਗ ਗਈ। 'ਧ੍ਰੂ' ਜੰਗਲਾਂ ਵੱਲ ਨੂੰ ਤੁਰ ਪਿਆ ਤੇ ਉਥੇ ਉਸ ਨੂੰ ਨਾਰਦ ਜੀ ਮਿਲੇ। ਅਜੇ ਭਗਤੀ ਕਰਨੀ ਆਰੰਭ ਨਹੀਂ ਹੋਈ, ਅਜੇ ਸਿਮਰਨ ਕਰਨ ਦੀ ਜੁਗਤੀ ਪ੍ਰਾਪਤ ਨਹੀਂ ਹੋਈ, ਤੇ ਪਹਿਲਾਂ ਹੀ ਅੱਧਾ ਰਾਜ ਮਿਲਣ ਲੱਗ ਪਿਆ। ਧ੍ਰੂ ਕਹਿੰਦਾ ਕਿ ਅਜੇ ਤਾਂ ਮੈਂ ਸਿਮਰਨ ਕਰਨਾ ਹੈ, ਅਜੇ ਤਾਂ ਮੈਂ ਬਾਣੀ ਪੜ੍ਹਨੀ ਹੈ, ਅਜੇ ਤਾਂ ਮੈਂ ਪ੍ਰਭੂ-ਪਰਮੇਸ਼ਰ ਦੀ ਪ੍ਰਾਪਤੀ ਕਰਨੀ ਹੈ, ਔਰ ਅਜੇ ਤਾਂ ਮੈਂ ਕਦਮ ਪੁੱਟੇ ਹੀ ਹਨ ਤੇ ਮੈਨੂੰ ਅੱਧਾ ਰਾਜ ਮਿਲ ਗਿਆ ਤੇ ਜਦੋਂ ਸਿਮਰਨ-ਭਗਤੀ ਦੇ ਸਿੱਖਰਾਂ ਤੇ ਮੈਂ ਪਹੁੰਚ ਗਿਆ, ਫਿਰ ਮੈਨੂੰ ਕੀ ਕੁਝ ਮਿਲ ਜਾਵੇਗਾ? ਔਰ ਦੂਜਾ 'ਭਗਤ ਪ੍ਰਹਿਲਾਦ' ਉਹ ਆਪਣੇ ਬਾਪ ਦਾ ਹੀ ਵਿਰੋਧੀ ਹੋ ਗਿਆ ਤੇ ਕਹਿਣ ਲੱਗਾ, "ਤੇਰੀ ਤਾਂ ਮੱਤ ਮਾਰੀ ਗਈ ਹੈ, ਤੂੰ ਪਰਮੇਸ਼ਰ-ਵਾਹਿਗੁਰੂ ਨੂੰ ਭੁੱਲ ਗਿਆ ਹੈਂ, ਤੂੰ ਰਾਮ ਨੂੰ ਭੁਲਾ ਕੇ ਤੇ ਆਪਣਾ ਨਾਮ ਜਪਾਉਣ ਲੱਗ ਪਿਆ ਹੈਂ। ਤੂੰ ਮਨ-ਮਤੀਆ ਨਾ ਬਣ, ਤੂੰ ਵਿਸ਼ੇ-ਵਿਕਾਰਾਂ ਵਿੱਚ ਨਾ ਜਾ। ਭਾਵੇਂ ਤੂੰ ਭਗਤੀ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਕੀਤੀ ਹੈ ਪਰ ਪਿਤਾ! ਤੂੰ ਮੰਗਣ ਲੱਗਿਆਂ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਤੋਂ ਭੁੱਲ ਗਿਆ ਹੈਂ। ਔਰ ਜੇਕਰ ਤੈਨੂੰ ਮੰਗਣਾ ਆਉਂਦਾ ਤਾਂ ਤੂੰ ਇਹ ਮੰਗਦਾ ਕਿ:

*ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥* (ਪੰਨਾ ੭੬੧)

ਇਸ ਤੋਂ ਭਾਵ ਹੈ ਕਿ ਜੇ ਤੂੰ ਤੁੱਠਾ ਹੈਂ ਨਾ ਤੇ ਫਿਰ ਇਨ੍ਹਾਂ ਅੱਖੀਆਂ ਤੋਂ ਦੂਈ-ਦਵੈਸ਼ ਨਾ ਦਿਖਾਈਂ, ਮੈਂ ਜਿਸ ਪਾਸੇ ਵੀ ਦੇਖਾਂ, ਮੈਨੂੰ ਤੇਰਾ ਹੀ ਰੂਪ ਨਜ਼ਰੀਂ ਆਵੇ। ਹੁਣ ਇੱਕ ਪੁੱਤਰ ਛੋਟੀ ਉਮਰ ਵਿੱਚ ਹੀ ਆਪਣੇ ਪਿਤਾ ਨੂੰ ਕਹਿ ਰਿਹਾ ਹੈ ਕਿ ਤੂੰ ਭੁੱਲ ਗਿਆ ਹੈਂ ਮੰਗਣ ਲੱਗਿਆਂ। ਠੀਕ ਹੈ ਤੂੰ ਭਗਤੀ ਕੀਤੀ, ਬੰਦਗੀ ਕੀਤੀ, ਰੱਬ ਨੂੰ ਤੂੰ ਖੜਾ ਕੀਤਾ, ਪਰ ਮੰਗਣ ਲੱਗਿਆਂ ਤੂੰ ਭੁੱਲ ਗਿਆ ਹੈਂ:

*ਦਾਤਿ ਪਿਆਰੀ ਵਿਸਰਿਆ ਦਾਤਾਰਾ॥*
*ਜਾਣੈ ਨਾਹੀ ਮਰਣੁ ਵਿਚਾਰਾ॥* (ਪੰਨਾ ੬੭੬)

ਦਿਨ ਨੂੰ ਨਾ ਮਰਾਂ, ਰਾਤ ਨੂੰ ਨਾ ਮਰਾਂ, ਸ਼ਸ਼ਤਰ ਨਾਲ ਨਾ ਮਰਾਂ, ਮੈਂ ਅੰਦਰ ਨਾ ਮਰਾਂ, ਮੈਂ ਬਾਹਰ ਨਾ ਮਰਾਂ। ਇਸ ਤੇ ਤਥਾ-ਅਸਤੂ ਤਾਂ ਭਗਵਾਨ ਨੇ ਕਹਿਣਾ ਹੀ ਸੀ। ਪਰ ਗੁਰਮੁਖੋ ! ਜੋ ਅਕਾਲ-ਪੁਰਖ ਵਾਹਿਗੁਰੂ ਹੈ, ਉਸ ਦਾ ਜੋ ਨਿਯਮ ਹੈ, ਉਸ ਦੀ ਜੋ ਮਰਯਾਦਾ ਹੈ, ਉਹ ਅਟੱਲ ਹੈ।

ਉਸ ਨੂੰ ਕੋਈ ਬਦਲ ਨਹੀਂ ਸਕਦਾ, ਕਿਉਂਕਿ ਜੋ ਵੀ ਸੰਸਾਰ ਤੇ ਇਕ ਵਾਰੀ ਆ ਗਿਆ, ਉਸ ਨੇ ਵਾਪਸ ਵੀ ਜਾਣਾ ਹੈ। ਕੋਈ ਲੱਖ ਕਿੱਲੇ ਗੱਡੀ ਬੈਠੇ ਕਿ ਮੈਂ ਨਹੀਂ ਜਾਣਾ, ਲੇਕਿਨ ਜਦੋਂ ਪਰਮੇਸ਼ਰ ਦਾ ਬੁਲਾਵਾ ਆ ਗਿਆ, ਜਦੋਂ ਪਰਮੇਸ਼ਰ ਦਾ ਹੁਕਮ ਹੋ ਗਿਆ, ਉਦੋਂ ਤੈਨੂੰ ਵਾਪਸ ਜਾਣਾ ਹੀ ਪੈਣਾ ਹੈ :

*ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥* *(ਪੰਨਾ ੫੫੫)*

ਸਾਰਾ ਸੰਸਾਰ ਮਰਨ ਤੋਂ ਡਰਦਾ ਹੈ, ਪਰ ਕੋਈ ਜੀਉਂਦਾ ਰਹਿੰਦਾ ਹੈ। ਮੌਤ ਦੇ ਨਾਂ ਤੋਂ ਮਨੁੱਖ ਨੂੰ ਕੰਬਣੀ ਸ਼ੁਰੂ ਹੋ ਜਾਂਦੀ ਹੈ। ਲੇਕਿਨ ਇੱਕ ਦਿਨ ਤਾਂ ਸਾਰਿਆਂ ਨੇ ਹੀ ਮਰਨਾ ਹੈ, ਫਿਰ ਮੌਤ ਤੋਂ ਡਰ ਕਿਸ ਚੀਜ਼ ਦਾ ? ਹੁਣ ਕਹਿਣ ਤੋਂ ਭਾਵ ਇਹ ਹੈ ਕਿ "ਭਗਤ ਫਰੀਦ" ਦੀ ਵੀ ਛੋਟੀ ਉਮਰ ਹੈ ਪਰ ਧੰਨ ਉਹ ਮਾਤਾ ਜਿਸ ਨੇ ਲਗਨ ਲਾ ਦਿੱਤੀ, ਆਸਣ ਦੇ ਥੱਲੇ ਮਿੱਠਾ ਰੱਖ ਦੇਣਾ ਤੇ ਬੱਚੇ ਨੂੰ ਕਹਿਣਾ ਕਿ ਸਿਮਰਨ ਕਰਨ ਤੋਂ ਬਾਅਦ ਤੂੰ ਇਹ ਪ੍ਰਸ਼ਾਦਿ ਖਾਣਾ ਹੈ ਤੇ ਬੱਚਿਆਂ ਨੂੰ ਮਿੱਠਾ ਵੈਸੇ ਹੀ ਬੜਾ ਪਸੰਦ ਹੁੰਦਾ ਹੈ। ਪਰ ਉਹ ਇਹੋ ਜਿਹੀ ਚੇਟਕ ਬਚਪਨ ਦੇ ਵਿੱਚ ਲਗਾਈ। ਭਾਵੇਂ ਚਾਲੀ ਸਾਲ ਜੰਗਲਾਂ ਦੇ ਵਿੱਚ ਵਿਚਰਦਾ ਰਿਹਾ, ਪਰ ਇੱਕ ਦਿਨ ਪ੍ਰਾਪਤੀ ਤਾਂ ਹੋਣੀ ਹੀ ਸੀ। ਜੋ ਬੰਦਾ ਤੁਰਿਆ ਉਸ ਨੇ ਇਕ ਦਿਨ ਤਾਂ ਪਹੁੰਚਣਾ ਹੀ ਹੈ ਨਾ। ਲੇਕਿਨ ਜਿਹੜਾ ਤੁਰਿਆ ਹੀ ਨਹੀਂ ਤੇ ਫਿਰ ਉਹ ਕਿਸ ਤਰ੍ਹਾਂ ਪਹੁੰਚੇਗਾ ? "ਬਾਬਾ ਫਰੀਦ ਜੀ" ਤੁਰੇ, ਭਾਵੇਂ ਜ਼ਿੰਦਗੀ ਲੱਗ ਗਈ, ਪਰ ਖ਼ੁਦਾ ਤੇ ਮਿਲ ਗਿਆ। ਫਿਰ ਮਾਤਾ ਨੇ ਪੁੱਛਿਆ, "ਕਿ ਤੈਨੂੰ ਬਚਪਨ ਵਿੱਚ ਇੱਕ ਗੁੜ ਦੀ ਢੇਲੀ ਦੇ ਕੇ ਤੇਰੀ ਬੰਦਗੀ ਸ਼ੁਰੂ ਕੀਤੀ ਤੇ ਮੈਨੂੰ ਲੱਗ ਰਿਹਾ ਹੈ ਤੇਰੇ ਚਿਹਰੇ ਤੋਂ, ਤੇਰੇ ਕੰਮਾਂ ਤੋਂ, ਤੇਰੇ ਚਲਣੇ ਤੋਂ, ਤੇਰੀ ਦੇਖਣੀ ਤੋਂ, ਤੇਰੀ ਸੁਣਨੀ ਤੋਂ ਕਿ ਤੈਨੂੰ ਖ਼ੁਦਾ ਮਿਲ ਗਿਆ ਹੈ।" ਇਸ ਲਈ, ਕੀ ਪੁੱਤਰ ਤੂੰ ਮੈਨੂੰ ਦੱਸ ਸਕਦਾ ਹੈਂ ਉਸ ਖ਼ੁਦਾ ਨੂੰ ਮਿਲਣ ਦਾ ਕਿਹੋ ਜਿਹਾ ਰਸ ਹੈ, ਕਿਹੋ ਜਿਹਾ ਆਨੰਦ ਹੈ ਉਸ ਦੇ ਨਾਮ ਜਪਣ ਦਾ ?

ਤੇ ਇਸ ਦਾ ਉੱਤਰ ਬਾਬਾ ਫਰੀਦ ਜੀ ਨੇ ਆਪਣੀ ਮਾਤਾ ਨੂੰ ਦਿੱਤਾ :

*ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥*
*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥"*

*(ਪੰਨਾ ੧੩੭੯)*

ਫਰੀਦ ਜੀ ਕਹਿੰਦੇ ਹਨ, ਕਿ ਐ ਮਾਤਾ ! ਸਾਰੀਆਂ ਵਸਤੂਆਂ ਸੰਸਾਰ ਦੀਆਂ

ਮਿੱਠੀਆਂ ਹਨ ਤੇ;

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥* (ਪੰਨਾ ੧੪੮)

ਇਹ ਜਿਹੜਾ ਭੇਦ ਹੈ, ਇਹ ਬਗੈਰ ਕਥਾ ਦੇ ਪ੍ਰਾਪਤ ਨਹੀਂ ਹੁੰਦਾ। ਜਿੰਨਾ ਚਿਰ ਪਤਾ ਹੀ ਨਹੀਂ ਕਿ ਸਾਹਿਬਾਂ ਨੇ ਕਿਹਾ ਕੀ ਹੈ, ਮੈਂ ਕੀ ਕਰ ਰਿਹਾ ਹਾਂ ਤੇ ਮੈਨੂੰ ਕਰਨਾ ਕੀ ਚਾਹੀਦਾ ਹੈ, ਔਰ ਮੇਰਾ ਸੰਸਾਰ ਤੇ ਆਉਣ ਦਾ ਮਕਸਦ ਕੀ ਹੈ; ਉਤਨਾ ਚਿਰ ਕਿਸੇ ਵੀ ਚੀਜ਼ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਕਰਕੇ ਦਾਸ ਬੇਨਤੀਆਂ ਕਰਦਾ ਹੈ ਕਿ ਕਿਤਨੀ ਆਪ ਜੀ ਤੇ ਕ੍ਰਿਪਾ ਹੋਈ ਜੋ ਕਿ ਇਤਨਾ ਸਖ਼ਤ ਕੰਮ ਕਰਨ ਦੇ ਬਾਵਜੂਦ ਵੀ ਆਪ ਜੀ ਦੇ ਮਨ ਵਿਚ ਉਤਸ਼ਾਹ ਹੈ, ਕਿ ਅਸੀਂ ਕੁਝ ਨਾ ਕੁਝ ਸਮਾਂ ਇਹ ਪਰਮੇਸ਼ਰ ਵਾਹਿਗੁਰੂ ਦੀਆਂ ਕਥਾ-ਕਹਾਣੀਆਂ ਸਰਵਣ ਕਰਨ ਵਿੱਚ ਲਗਾਈਏ। ਔਰ ਇਹਨਾਂ ਘੜੀਆਂ ਨੇ ਹੀ ਤੁਹਾਡੀ ਚੌਰਾਸੀ ਘੱਟ ਕਰ ਦੇਣੀ ਹੈ ਤੇ ਨਾਲੇ ਕੱਟ ਵੀ ਦੇਣੀ ਹੈ। ਇਹਨਾਂ ਘੜੀਆਂ ਨੇ ਹੀ ਤੁਹਾਡਾ ਲੋਕ-ਪਰਲੋਕ ਸਵਾਰ ਦੇਣਾ ਹੈ। ਔਰ ਇਹਨਾਂ ਘੜੀਆਂ ਨੇ ਹੀ ਜੀਵਨ ਦਾ ਬੇੜਾ ਭਵ-ਸਾਗਰ ਤੋਂ ਪਾਰ ਕਰ ਦੇਣਾ ਹੈ।

ਹੁਣ ਬਾਬਾ ਫਰੀਦ ਜੀ ਕਹਿੰਦੇ ਮਾਤਾ ! ਤੂੰ ਸੁਆਦ ਪੁਛਦੀ ਹੈਂ ! ਕਹਿੰਦੇ ਉਹ ਸੁਆਦ ਇਸ ਤਰ੍ਹਾਂ ਦਾ ਹੈ ਕਿ ਉਸ ਦੇ ਸਾਹਮਣੇ ਸੰਸਾਰ ਦੀਆਂ ਸਾਰੀਆਂ ਵਸਤੂਆਂ ਫਿੱਕੀਆਂ ਲੱਗਦੀਆਂ ਹਨ। ਧਿਆਨ ਦੇਣਾ ! ਬੰਦਗੀ ਦਾ ਰਸ, ਬਾਣੀ ਦਾ ਰਸ ਜਦੋਂ ਇਸ ਨੂੰ ਆ ਗਿਆ, ਉਦੋਂ ਬਾਕੀ ਦੇ ਰਸ ਇਸ ਨੂੰ ਫਿੱਕੇ ਲੱਗਣਗੇ।

ਸਾਹਿਬਾਂ ਦਾ ਬਚਨ ਆਉਂਦਾ ਹੈ :

*ਰਾਰਾ ਰਸੁ ਨਿਰਸ ਕਰਿ ਜਾਨਿਆ॥*
*ਹੋਇ ਨਿਰਸ ਸੁ ਰਸੁ ਪਹਿਚਾਨਿਆ॥*
*ਇਹ ਰਸ ਛਾਡੇ ਉਹ ਰਸੁ ਆਵਾ॥*
*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥* (ਪੰਨਾ ੩੪੨)

ਐ ਮਨੁੱਖ ! ਤੂੰ ਨਾਮ ਦਾ ਰਸ ਚੱਖਣਾ ਚਾਹੁੰਦਾ ਹੈਂ, ਤੂੰ ਬਾਣੀ ਮਨੋਂ ਪੜ੍ਹਨਾ ਚਾਹੁੰਦਾ ਹੈਂ, ਤੂੰ ਪਰਮੇਸ਼ਰ ਦੀ ਭਗਤੀ-ਬੰਦਗੀ ਕਰਨਾ ਚਾਹੁੰਦਾ ਹੈਂ ! ਫਿਰ ਇਹ ਸੰਸਾਰ ਦੇ ਰਸਾਂ ਨੂੰ ਝੂਠਾ ਜਾਣ ਕੇ ਛੱਡ ਦੇ, ਤੇ ਦਿਨ-ਰਾਤ ਕੋਸ਼ਿਸ਼ਾਂ ਆਰੰਭ ਕਰ ਦੇ ਨਾਮ ਦਾ ਰਸ ਲੈਣ ਵਾਸਤੇ। ਜਦੋਂ ਇਹ ਰਸ ਤੈਨੂੰ ਆ ਜਾਵੇਗਾ, ਉਦੋਂ ਆਪਣੇ ਮਨ ਨੂੰ ਕਹਿ ਦੇਣਾ ਕਿ ਮੈਨੂੰ ਰਸ ਆ ਗਿਆ। ਹੁਣ ਮੈਨੂੰ ਇਹ ਸੰਸਾਰ ਝੂਠਾ ਲੱਗਦਾ ਹੈ, ਮੈਨੂੰ ਇਹ ਵਸਤੂਆਂ ਨਾਮ ਤੋਂ ਬਿਨਾਂ ਸਾਰੀਆਂ ਹੀ ਕੌੜੀਆਂ ਲੱਗਦੀਆਂ ਹਨ। ਭਾਵੇਂ ਜਿਹੜੇ ਮਨਮੁਖ ਹਨ, ਅਗਿਆਨਤਾ ਦੇ ਅੰਧੇਰੇ ਵਿੱਚ ਟੱਕਰਾਂ ਮਾਰ ਰਹੇ ਹਨ। ਉਹਨਾਂ ਦੇ ਜੀਵਨ ਵਿੱਚ ਇਹ ਦੇਖਿਆ ਗਿਆ ਹੈ :

*ਅੰਮ੍ਰਿਤੁ ਕਉਰਾ ਬਿਖਿਆ ਮੀਠੀ॥*

*ਸਾਕਤ ਕੀ ਬਿਧਿ ਨੈਨਹੁ ਡੀਠੀ॥ (ਪੰਨਾ ੮੯੨)*

ਭਾਵ ਕਿ ਪਰਮੇਸ਼ਰ ਦਾ ਨਾਮ-ਰੂਪੀ ਅੰਮ੍ਰਿਤ ਇਸ ਮਨੁੱਖ ਨੂੰ ਕੌੜਾ ਲੱਗਦਾ ਹੈ। ਜੋ ਬਿਖਿਆ (ਜ਼ਹਿਰ) ਹੈ ਉਹ ਇਸ ਨੂੰ ਮਿੱਠਾ ਲੱਗਦਾ ਹੈ।

ਦਾਸ ਇਥੇ ਬੇਨਤੀ ਕਰ ਰਿਹਾ ਹੈ ਕਿ ਇਥੇ ਉਮਰ ਦਾ ਕੋਈ ਵੀ ਤਕਾਜ਼ਾ ਨਹੀਂ। ਜਦੋਂ ਉਸ ਨੂੰ ਇਸ ਗੱਲ ਦੀ ਸਮਝ ਆ ਜਾਵੇ, ਉਦੋਂ ਪ੍ਰਭੂ-ਪਿਆਰੇ ਨੂੰ ਮਨੋਂ ਯਾਦ ਕਰਨਾ ਆਰੰਭ ਕਰ ਦੇਵੇ।

*ਨਹ ਬਿਲੰਬ ਧਰਮੰ*

ਬਿਲੰਬ ਕਹਿੰਦੇ ਨੇ ਦੇਰੀ ਨੂੰ। ਅਰਥਾਤ ਕਿ ਐ ਮਨੁੱਖ ! ਤੂੰ ਧਰਮ ਦਾ ਕੰਮ ਕਰਨ ਵਾਸਤੇ ਦੇਰੀ ਨਾ ਕਰ। ਤਾਂ ਸਿੰਘ ਕਹਿੰਦੇ ਨੇ ਕਿ ਮਹਾਰਾਜ, ਕਿਹੜਾ ਕੰਮ ਕਰਨ ਵਾਸਤੇ ਦੇਰੀ ਕਰਾਂ ? ਫਿਰ ਮਹਾਰਾਜ ਕਹਿੰਦੇ ਤੂੰ ਪਾਪ ਕਰਨ ਲੱਗਿਆਂ ਸੋਚ।

*ਨਹ ਬਿਲੰਬ ਧਰਮੰ ਬਿਲੰਬ ਪਾਪੰ॥ (ਪੰਨਾ ੧੩੫੪)*

ਕਹਿੰਦੇ ਹਨ, ਕਿ ਅਗਰ ਨਾਮ ਦਾ ਰਸ ਲੈਣ ਵਾਸਤੇ ਤੂੰ ਸਿਮਰਨ ਕਰਦਾ ਹੈਂ ਤਾਂ ਤੈਨੂੰ ਲੋਭ ਦਾ ਤਿਆਗ ਕਰਨਾ ਪਵੇਗਾ, ਭਾਵ ਕਿ ਤੈਨੂੰ ਤਿਆਗੀ ਬਣਨਾ ਪਵੇਗਾ, ਬੈਰਾਗੀ ਬਣਨਾ ਪਵੇਗਾ, ਉਪਰਾਮ ਹੋਣਾ ਪਵੇਗਾ। ਔਰ ਜਿਹੜੀ ਕਮਾਈ ਤੂੰ ਬਾਹਰ-ਮੁਖੀ ਕਰਦਾ ਹੈਂ, ਉਹ ਤੈਨੂੰ ਅੰਤਰ-ਮੁਖੀ ਕਰਨੀ ਪਵੇਗੀ। ਸ਼ਬਦ-ਸੁਰਤ ਦਾ ਮੇਲ ਕਰਕੇ ਤੈਨੂੰ ਗੁਰਮੰਤਰ ਦਾ ਅਭਿਆਸ ਕਰਨਾ ਪਵੇਗਾ। ਇਹ ਨਾਮ ਤੈਨੂੰ ਪੰਜਾਂ ਪਿਆਰਿਆਂ ਤੋਂ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਚਰਨਾਂ ਤੋਂ ਪ੍ਰਾਪਤ ਹੋਵੇਗਾ।

*"ਸਰਣਿ ਸੰਤੰ ਕਿਲਬਿਖ ਨਾਸੰ"*

ਅਰਥਾਤ, ਜਦੋਂ ਤੂੰ ਸਤਿਸੰਗਤ ਦੀ ਸ਼ਰਨ ਵਿੱਚ ਆ ਗਿਆ, ਪੂਰੇ ਸਾਧੂਆਂ-ਸੰਤਾਂ ਦੀ ਸ਼ਰਨ ਵਿੱਚ ਆ ਗਿਆ, ਫਿਰ ਜਿਤਨੇ ਵੀ ਪਾਪ ਨੇ ਇਹ ਸਾਰੇ ਨਾਸ਼ ਹੋ ਜਾਣਗੇ। ਰੋਜ਼ ਪੜ੍ਹਦੇ ਹਾਂ :

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥ (ਜਪੁਜੀ ਸਾਹਿਬ)*

ਭਾਵ, ਕਿ ਭਗਤਾਂ ਦਾ ਹਿਰਦਾ ਅੱਠੇ ਪਹਿਰ (ਚੌਵੀ ਘੰਟੇ) ਪ੍ਰਸੰਨਤਾ ਦੇ ਵਿੱਚ ਰਹਿੰਦਾ ਹੈ, ਕਿਉਂਕਿ ਉਹ ਮਨ ਕਰਕੇ ਨਾਮ ਜਪਦੇ ਹਨ ਤੇ ਨਾਮ ਸੁਣਦੇ ਹਨ, ਜਿਸ ਨਾਲ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ :

*ਸੰਤੁ ਮਿਲੈ ਕਿਛੁ ਸੁਨੀਐ ਕਹੀਐ॥ (ਪੰਨਾ ੮੭੦)*

..........

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*

*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥* (ਪੰਨਾ ੪੩)

...........

*ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥*
*ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥* (ਪੰਨਾ ੨੮੮)

..................

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*

ਹੁਣ ਸੋਚੀਏ ਕਿ ਕਿਹੜਾ ਲਾਹਾ ਲੈਣ ਵਾਸਤੇ ਆਏ ਹਾਂ ਤੇ ਗੁਰਦੇਵ ਜੀ ਕਹਿੰਦੇ ਹਨ ਜਿਹੜਾ ਲਾਹਾ ਤੁਸੀਂ ਲੈ ਰਹੇ ਹੋ ਨਾ;

*ਲਗਾ ਕਿਤੁ ਕੁਫਕੜੇ*

ਭਾਵ, ਕਿ ਕਿਹੜੇ ਕੰਮਾਂ ਵਿੱਚ ਤੂੰ ਲੱਗ ਗਿਆ ਹੈਂ।

*ਸਭ ਮੁਕਦੀ ਚਲੀ ਰੈਣਿ॥* (ਪੰਨਾ ੪੩)

ਇਹ ਜੀਵਨ-ਰੂਪੀ ਰੈਣ (ਰਾਤ) ਖਤਮ ਹੁੰਦੀ ਜਾ ਰਹੀ ਹੈ। ਸਾਹਿਬਾਂ ਦੇ ਬਚਨ ਹਨ :

*"ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ॥"* (ਪੰਨਾ ੨੧੨)

ਐ ਮਨਾ ! ਤੂੰ ਤੇ ਇਕ ਰਾਤ ਦਾ ਮਹਿਮਾਨ ਬਣ ਕੇ ਇਸ ਸੰਸਾਰ ਤੇ ਆਇਆ ਸੀ ਪਰ ਤੂੰ ਤਾਂ ਕਿੰਨੇ ਜੁਗਾਂ ਦੀਆਂ ਆਸਾਂ ਲਾ ਕੇ ਇਥੇ ਬੈਠ ਗਿਆ ਹੈਂ। ਹੈ ਤਾਂ 'ਰੈਣ' ਹੀ, ਚਾਲੀ ਸਾਲ ਜਾਂ ਸੌ ਸਾਲ ਹੈ। ਇਹ ਜ਼ਿੰਦਗੀ ਵੀ ਇਕ ਸੁਪਨਾ ਹੈ ਤੇ ਸੁਪਨਾ ਉਹ ਹੁੰਦਾ ਹੈ ਜਿਹੜਾ ਸਾਕਾਰ ਨਾ ਰਹੇ, ਅਸਲ ਵਿਚ ਹੋਵੇ ਹੀ ਨਾ। ਤੇਰੇ ਹੱਥੋਂ ਕਈ ਕੁਝ ਚਲਾ ਗਿਆ ਤੇ ਤੈਨੂੰ ਅਜੇ ਤੱਕ ਗਿਆਨ ਪ੍ਰਾਪਤ ਨਹੀਂ ਹੋਇਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਚਨ ਹਨ। ਸਤਿਗੁਰ ਜੀ ਕਹਿੰਦੇ ਹਨ ਕਿ ਐ ਪ੍ਰਾਣੀ !

*"ਏਕ ਰੈਣ ਕੇ ਪਾਹੁਨ ਤੁਮ ਆਏ"*

ਭਾਵ, ਕਿ ਤੂੰ ਤਾਂ ਇਕ ਰਾਤ ਦਾ ਪ੍ਰਾਹੁਣਾ (ਮਹਿਮਾਨ) ਬਣ ਕੇ ਰਹਿਣ ਵਾਸਤੇ ਆਇਆ ਸੀ, ਲੇਕਿਨ ਤੂੰ ਤਾਂ ਇਥੇ ਜੁਗਾਂ ਦੀਆਂ ਆਸਾਂ ਲਾ ਕੇ ਬੈਠ ਗਿਆ ਹੈਂ ਪਰ ਇਹ ਹੋ ਨਹੀ ਸਕਦਾ। ਕਿਉਂਕਿ :

*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥* (ਪੰਨਾ ੪੭੪)

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥......*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥* (ਪੰਨਾ ੪੬੮)

ਕਹਿੰਦੇ ਸਾਰਾ ਸੰਸਾਰ ਚੱਲਣਹਾਰ ਹੈ, ਫਿਰ ਮੈਂ ਦੋਸਤੀ ਕਿਸ ਦੇ ਨਾਲ ਕਰਾਂ ? ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ :

*ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥*
*ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥* *(ਪੰਨਾ ੨੦)*

ਕਹਿੰਦੇ ਹੁਣ ਵਕਤ ਹੈ, ਇਸ ਲਈ ਤੂੰ ਪਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਕਰ ਲੈ। ਪਰ ਇਹ ਉਤਨਾ ਚਿਰ ਸਰੀਰ ਹੈ, ਜਿੰਨਾ ਚਿਰ ਇਸ ਸਰੀਰ ਦੇ ਅੰਦਰ ਸਵਾਸ ਹਨ, ਜਦੋਂ ਸਵਾਸ ਖਤਮ ਹੋ ਗਏ ਤੇ ਫਿਰ ਇਸ ਸਰੀਰ ਨੇ ਮਿੱਟੀ ਬਣ ਜਾਣਾ ਹੈ। ਜਦੋਂ ਸਮਾਂ ਆ ਗਿਆ ਤੇ ਉਦੋਂ ਇਹ ਨਹੀਂ ਦੇਖਿਆ ਜਾਣਾ ਕਿ ਇਸ ਦੀ ਉਮਰ ਕਿੰਨੀ ਹੈ, ਉਸ ਨੇ ਇਹ ਵੀ ਨਹੀ ਦੇਖਣਾ ਕਿ ਅਜੇ ਇਸ ਦੇ ਧੀਆਂ-ਪੁੱਤਰ ਵਿਆਹੁਣ ਵਾਲੇ ਹਨ, ਕਿਉਂਕਿ ਮੌਤ ਨੇ ਕਿਸੇ ਨਾਲ ਵੀ ਭਾਈ-ਬੰਦੀ ਨਹੀਂ ਕਰਨੀ। ਜਦੋਂ ਸਮਾਂ ਆ ਗਿਆ ਬਿਰਧ ਅਵਸਥਾ ਵਿੱਚ, ਉਦੋਂ ਤਾਂ ਫਿਰ ਮੌਤ ਕੰਢੇ ਤੇ ਖੜੀ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ ਕਿ ਐ ਭਾਈ ਜਨਾਂ ! ਇਸ ਸਿਮਰਨ ਨੂੰ ਕਰਨ ਵਾਸਤੇ ਉਮਰ ਦਾ ਕੋਈ ਹਿਸਾਬ ਨਾ ਲਾ, ਕਿਉਂਕਿ ਕੋਈ ਪਤਾ ਨਹੀਂ ਸਵਾਸ ਕਦੋਂ ਖਤਮ ਹੋ ਜਾਣੇ ਹਨ :

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥* *(ਪੰਨਾ ੬੬੦)*

ਆਪ ਜੀ ਨੂੰ ਪਤਾ ਹੋਵੇਗਾ ਕਿ ਇਹ ਮਿਲਾਪ ਪੂਰਬਲੇ ਕਰਮਾਂ ਕਰਕੇ ਹੁੰਦਾ ਹੈ। ਅਗਰ ਪਾਣੀ ਨੂੰ ਕਹੀਏ ਕਿ ਤੂੰ ਬਗੈਰ ਬਰਤਨ ਤੋਂ ਹੀ ਬੱਝ ਜਾ, ਤੇ ਕੀ ਪਾਣੀ ਬੱਝਿਆ ਜਾਵੇਗਾ ? ਜਿਹੜਾ ਬਰਤਨ ਹੈ, ਉਹ ਬਣਿਆ ਹੋਇਆ ਪਾਣੀ ਦਾ ਹੀ ਹੈ। ਇਸ ਕਰਕੇ ਹੀ ਉਹ ਪਾਣੀ ਨੂੰ ਟਿਕਾਅ ਰਿਹਾ ਹੈ। ਇਸੇ ਤਰ੍ਹਾਂ ਜਿਹੜਾ ਮਨ ਹੈ ਇਹ ਅਗਰ ਗਿਆਨ ਦੇ ਕਿੱਲੇ ਨਾਲ ਬੱਝੇਗਾ ਤਾਂ ਹੀ ਇਹ ਮਨ ਟਿੱਕ ਸਕੇਗਾ। ਗਿਆਨ ਸਤਿਸੰਗਤ ਤੋਂ ਹਾਸਿਲ ਹੋਣਾ ਹੈ, ਕਿਉਂਕਿ ਸਤਿਸੰਗਤ ਤੋਂ ਬਗੈਰ 'ਗਿਆਨ' ਪ੍ਰਾਪਤ ਨਹੀਂ ਹੋ ਸਕਦਾ, ਗੁਰੂ ਤੋਂ ਬਗੈਰ 'ਗਿਆਨ' ਪ੍ਰਾਪਤ ਨਹੀਂ ਹੋ ਸਕਦਾ।

*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥*

*(ਪੰਨਾ ੪੬੯)*

ਭਾਵ, ਕਿ ਗੁਰੂ ਤੋਂ ਬਗੈਰ ਗਿਆਨ ਪ੍ਰਾਪਤ ਨਹੀਂ ਹੁੰਦਾ।

*ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥*

*(ਪੰਨਾ ੪੭੪)*

ਭਾਵ, ਕਿ ਜਿਸ ਪਰਮੇਸ਼ਰ ਦਾ ਸਿਮਰਨ ਕਰਕੇ ਸਦੀਵੀ ਸੁਖ ਪ੍ਰਾਪਤ ਹੋ ਜਾਣ, ਤਾਂ ਉਸ ਸਾਹਿਬ ਨੂੰ ਸਦਾ ਹੀ ਚੇਤੇ ਕਰਨਾ ਚਾਹੀਦਾ ਹੈ, ਕਿਉਂਕਿ ਜ਼ਿੰਦਗੀ ਦੇ ਸਾਰੇ ਹੀ ਸੁੱਖਾਂ ਦੀ ਪ੍ਰਾਪਤੀ ਪਰਮੇਸ਼ਰ ਵਾਹਿਗੁਰੂ ਕੋਲੋਂ ਹੋਣੀ ਹੈ। ਦਾਸ ਨੇ ਜੋ ਪਹਿਲਾਂ ਵੀ ਦੱਸਿਆ ਹੈ ਕਿ ਬਗੈਰ ਗੁਰੂ ਦੇ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ, ਬਗੈਰ ਸਤਿਸੰਗਤ ਦੇ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਦੇਵ ਜੀ ਨੇ ਫੁਰਮਾਇਆ ਹੈ ਕਿ ਧਿਆਨ ਤੋਂ ਪਹਿਲਾਂ ਗਿਆਨ

ਦੀ ਜ਼ਰੂਰਤ ਹੈ। ਉਹ ਇਸ ਲਈ ਕਿ ਅਗਰ ਤੁਸੀਂ ਕਿਸੇ ਚੀਜ਼ ਵਿੱਚ ਧਿਆਨ ਲਗਾਉਣਾ ਹੈ ਜਾਂ ਤੁਸੀਂ ਗੁਰੂ ਵਿੱਚ ਹੀ ਧਿਆਨ ਲਗਾਉਣਾ ਹੈ ਤਾਂ ਪਹਿਲਾਂ ਤੁਹਾਨੂੰ ਉਸ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਅਗਰ ਤੁਹਾਨੂੰ ਉਸ ਦੀ ਸਾਰੀ KNOWLEDGE ਹੋਵੇਗੀ ਤੇ ਤਾਂ ਹੀ ਤੁਸੀਂ ਉਸ ਵਿੱਚ ਪੂਰੀ ਤਰ੍ਹਾਂ ਧਿਆਨ ਲਗਾ ਸਕਦੇ ਹੋ। ਇਹ ਗਿਆਨ ਦੀ ਪ੍ਰਾਪਤੀ ਗੁਰੂ ਤੋਂ ਹੋ ਸਕਦੀ ਜਾਂ ਸਤਿਸੰਗਤ ਵਿਚ ਜਾ ਕੇ ਮਿਲ ਸਕਦੀ ਹੈ, ਤਾਂ ਹੀ ਤੁਸੀਂ ਕਿਸੇ ਵੀ ਚੀਜ਼ ਜਾਂ ਬਾਣੀ ਵਿੱਚ ਧਿਆਨ ਲਗਾ ਪਾਵੋਗੇ। ਸੋ ਗੁਰਸਿੱਖੋ! ਬਾਣੀ ਦੀ ਮਹਤੱਤਾ ਨੂੰ ਸਮਝੋ, ਕੀਰਤਨ ਦੀ ਮਹੱਤਤਾ ਨੂੰ ਸਮਝੋ, ਤਾਂ ਹੀ ਤੁਸੀਂ ਸਭ ਤੋਂ ਉੱਤਮ ਕਰਮ ਦੀ ਪ੍ਰਾਪਤੀ ਕਰ ਪਾਵੋਗੇ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

# ਮਨ ਤੇ ਤਨ ਨੂੰ ਕਿਸ ਤਰ੍ਹਾਂ ਪਵਿੱਤਰ ਕੀਤਾ ਜਾਵੇ ?

ਗੁਰੂ ਕੀ ਪਰਮ ਸਤਿਕਾਰਯੋਗ ਸਾਧਸੰਗਤ ਜੀ ! ਤੁਸੀਂ ਬਹੁਤ ਹੀ ਵੱਡਿਆਂ ਭਾਗਾਂ ਵਾਲੇ ਹੋ, ਜੋ ਆਪਣਾ ਕੀਮਤੀ ਸਮਾਂ ਗੁਰੂ ਘਰ ਵਿੱਚ ਲਾਉਂਦੇ ਹੋ। ਆਪ ਜੀ ਨੇ ਕਲਿਆਣਕਾਰੀ 'ਧੁਰ ਕੀ ਬਾਣੀ' ਸੋ ਦਰੁ ਰਹਰਾਸਿ ਸਾਹਿਬ ਦੇ ਪਾਠ ਸਰਵਣ ਕੀਤੇ ਹਨ। ਉਪਰੰਤ ਇਹ ਅਰਦਾਸ ਹੋਈ ਹੈ ਕਿ ਧੰਨ ਗੁਰੂ ਰਾਮਦਾਸ ਸੋਢੀ ਸੁਲਤਾਨ ਸੱਚੇ ਪਾਤਸ਼ਾਹ ਜੀ ਨੇ ਹੁਕਮਨਾਮੇ ਦੇ ਰੂਪ ਵਿੱਚ ਕ੍ਰਿਪਾ ਕੀਤੀ ਹੈ ਕਿ :

*ਹਰਿ ਜਨੁ ਰਾਮ ਨਾਮ ਗੁਨ ਗਾਵੈ॥*
*ਜੇ ਕੋਈ ਨਿੰਦ ਕਰੇ ਹਰਿ ਜਨ ਕੀ*
*ਅਪੁਨਾ ਗੁਨੁ ਨ ਗਵਾਵੈ॥* (ਪੰਨਾ ੭੧੯)

ਪਹਿਲਾਂ ਵੀ ਆਪ ਜੀ ਦੇ ਅੱਗੇ ਇਹ ਵਿਚਾਰਾਂ ਹੋਈਆਂ ਸਨ ਕਿ ਸੰਸਾਰ ਦੀ ਹਰ ਵਸਤੂ ਤੇ ਸੰਸਾਰ ਦੇ ਸਾਰੇ ਸੁੱਖ ਥੋੜ੍ਹੇ ਜਿਹੇ ਉਦਮ ਕਰਨ ਦੇ ਨਾਲ ਪ੍ਰਾਪਤ ਹੋ ਜਾਂਦੇ ਹਨ। ਪਰ ਜੋ ਅਕਾਲ ਪੁਰਖ ਪਰਮੇਸ਼ਰ ਵਾਹਿਗੁਰੂ ਦੀਆਂ ਕਥਾ-ਕਹਾਣੀਆਂ ਸਰਵਣ ਕਰਨੀਆਂ ਤੇ ਸਰਵਣ ਕਰਵਾਉਣੀਆਂ, ਬਾਣੀ ਪੜ੍ਹਨੀ ਤੇ ਬਾਣੀ ਪੜ੍ਹਾਉਣੀ ਤੇ ਗੁਰੂ ਦੇ ਸ਼ਬਦ ਦੀ ਵਿਚਾਰ ਸਰਵਣ ਕਰਨੀ ਤੇ ਸਰਵਣ ਕਰਵਾਉਣੀ। ਇਹ ਕੀਮਤੀ ਘੜੀਆਂ ਦਾ ਸੁੱਖ ਸਿਰਫ਼ ਉਹਨਾਂ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਤੇ ਅਕਾਲ-ਪੁਰਖ ਦੀ ਰਹਿਮਤ ਤੇ ਕ੍ਰਿਪਾ ਹੋਵੇ, ਕਿਉਂਕਿ ਬਗੈਰ ਭਾਗਾਂ ਤੋਂ ਸਤਿਸੰਗਤ ਦੀਆਂ ਘੜੀਆਂ ਪ੍ਰਾਪਤ ਨਹੀਂ ਹੁੰਦੀਆਂ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਚਨ ਹਨ :

*ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥* (ਪੰਨਾ ੬੪੩)

ਇਸ ਤੋਂ ਭਾਵ ਹੈ ਕਿ ਬਗੈਰ ਨਾਮ ਤੋਂ, ਬਗੈਰ ਸਤਿਸੰਗਤ ਤੋਂ, ਬਗੈਰ ਬੰਦਗੀ ਤੋਂ, ਬਗੈਰ ਭਗਤੀ ਤੋਂ ਇਹ ਸਾਰਾ ਹੀ ਸੰਸਾਰ ਕਮਲਾ (ਦੀਵਾਨਾ) ਹੋਇਆ ਫਿਰਦਾ ਹੈ। ਔਰ ਕਮਲਾ ਉਸ ਨੂੰ ਕਹਿੰਦੇ ਹਨ, ਜਿਸ ਦੀ ਬੁੱਧੀ ਤੇ ਅਕਲ ਕੰਮ ਨਾ ਕਰੇ। ਔਰ ਜਿਸ ਨੂੰ ਆਪਣੇ ਪ੍ਰਯੋਜਨ ਦਾ, ਆਪਣੇ ਲੱਕਸ਼ ਦਾ ਪਤਾ ਨਾ ਹੋਵੇ। ਜਿਸ ਨੂੰ ਇਹ ਵੀ ਨਾ ਪਤਾ ਹੋਵੇ ਕਿ ਮੈਂ ਸੰਸਾਰ ਤੇ ਕੀ ਕਰਨ ਵਾਸਤੇ ਆਇਆ ਹਾਂ ? ਜੋ ਕਾਰਜ ਕਰਨ ਵਾਸਤੇ ਅਕਾਲ-ਪੁਰਖ ਨੇ ਤੈਨੂੰ ਮਨੁੱਖਾ ਜਾਮਾ ਦਿੱਤਾ, ਲੇਕਿਨ ਮੈਂ ਉਹ ਕਾਰਜ ਕਰਨਾ ਹੀ ਕੀ ਸੀ, ਮੈਂ ਕਦੇ ਉਸ ਬਾਰੇ

ਸੋਚਿਆ ਹੀ ਨਹੀਂ। ਕਦੀ ਮੈਂ ਆਪਣੇ ਮਨ ਨੂੰ ਸਮਝਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਐ ਮਨਾਂ! ਤੂੰ ਤਾਂ ਇਸ ਸੰਸਾਰ ਤੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਨ ਵਾਸਤੇ ਆਇਆ ਸੈਂ, ਤੂੰ ਤਾਂ ਇਸ ਸੰਸਾਰ ਤੇ ਸਤਿਸੰਗਤ, ਸਿਮਰਨ, ਬੰਦਗੀ, ਪਰਉਪਕਾਰ ਤੇ ਦਇਆ ਕਰਨ ਵਾਸਤੇ ਆਇਆ ਸੈਂ। ਲੇਕਿਨ ਤੂੰ ਕਿਧਰ ਆਪਣੇ ਜੀਵਨ ਦੀ ਸ਼ਕਤੀ ਨੂੰ ਲਾ ਰਿਹਾ ਹੈਂ। ਆਪ ਜੀ ਨੇ ਇਹ ਬਚਨ ਪਹਿਲਾਂ ਵੀ ਪੜ੍ਹਿਆ ਸੀ:

*ਪ੍ਰਾਣੀ ਤੂੰ ਆਇਆ ਲਾਹਾ ਲੈਣਿ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥* (ਪੰਨਾ ੪੩)

ਇਸ ਤੋਂ ਭਾਵ ਕਿ ਐ ਮਨੁੱਖ! ਤੂੰ ਲਾਹਾ ਲੈਣ ਵਾਸਤੇ ਆਇਆ ਸੀ ਬਾਣੀ ਦਾ, ਪਰ ਤੂੰ ਨਾਮ ਬਾਣੀ ਨੂੰ ਵਿਸਾਰ ਕੇ ਉਹਨਾਂ ਕੰਮਾਂ ਵਿਚ ਲਗ ਗਿਆ ਜਿਹੜੇ ਤੇਰੇ ਕੰਮ ਨਹੀਂ ਆਉਣੇ।

ਹੁਣ ਸੰਸਾਰਕ ਤੌਰ ਤੇ ਦੇਖਿਆ ਜਾਵੇ ਕਿ ਜੇ ਇਹ ਮਨੁੱਖ 'ਬੰਦਗੀ' ਹੀ ਕਰਨ ਵਾਸਤੇ ਆਇਆ ਹੈ, ਜੇ ਇਹ ਮਨੁੱਖ 'ਭਗਤੀ' ਹੀ ਕਰਨ ਵਾਸਤੇ ਆਇਆ ਹੈ, ਸਤਿਸੰਗਤ ਹੀ ਕਰਨ ਵਾਸਤੇ ਆਇਆ ਹੈ, ਫਿਰ ਇਹ ਮਨੁੱਖ ਇਸ ਕਾਰਜ ਨੂੰ ਕਰਦਾ ਕਿਉਂ ਨਹੀਂ? ਦੁਨੀਆਂ ਵਿੱਚ ਬਹੁਤ ਹੀ ਘੱਟ ਗਿਣਤੀ ਦੇ ਲੋਕ ਹਨ ਜਿਹੜੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੂੰ ਯਾਦ ਕਰਦੇ ਹਨ ਤੇ ਉਹਨਾਂ ਦੀ ਬੰਦਗੀ ਕਰਦੇ ਹਨ। ਔਰ ਆਪ ਜੀ ਨੇ ਦੇਖਿਆ ਕਿ ਜ਼ਿਮੀਂਦਾਰ ਘਰਾਣੇ ਵਿੱਚ ਤੁਸੀਂ ਰਹਿੰਦੇ ਹੋ, ਉਸ ਧਰਤੀ ਤੇ ਹੀ ਤੁਹਾਡਾ ਜੰਮ-ਪਲ ਹੈ। ਜਿਸ ਧਰਤੀ ਤੇ ਪੀਰਾਂ, ਪੈਗੰਬਰਾਂ ਨੇ ਅਵਤਾਰ ਧਾਰਿਆ ਤੇ ਜਿਸ ਧਰਤੀ ਨੂੰ ਸੰਸਾਰ ਦਾ ਹਰ ਮਨੁੱਖ ਸਲਾਮ ਕਰਦਾ ਹੈ, ਸਿਜਦਾ ਕਰਦਾ ਹੈ, ਡੰਡਉਤ ਕਰਦਾ ਹੈ। ਔਰ ਇਹ ਇਹੋ ਜਿਹੀ ਧਰਤੀ ਹੈ ਜਿਥੇ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਜੀ ਨੇ ਖੁਦ ਮਨੁੱਖੀ ਜਾਮੇ ਵਿੱਚ ਆ ਕਰਕੇ ਅਕਾਲ-ਪੁਰਖ ਦਾ ਹੀ ਸੰਦੇਸ਼ਾ ਪਹੁੰਚਾਇਆ ਤੇ ਇਸ ਮਨੁੱਖ ਨੂੰ ਜੀਵਨ ਦੀ ਜਾਚ ਸਿਖਾਉਣੀ ਕੀਤੀ।

ਹੁਣ ਜਿਹੜੇ ਕਿਸਾਨ ਭਰਾ ਖੇਤੀ ਕਰਦੇ ਹਨ ਤੇ ਉਹ ਇਸ ਖੇਤ ਨੂੰ ਇਸ ਲਈ ਵਾਹੁੰਦੇ ਹਨ, ਇਸ ਲਈ ਉਸ ਤੇ ਸੁਹਾਗਾ ਮਾਰਦੇ ਹਨ ਤਾਂਕਿ ਮੈਂ ਇਸ ਵਿੱਚ ਜਿਹੜਾ ਬੀਜ ਬੀਜਾਂ, ਇਸ ਵਿਚੋਂ ਉਹੀ ਉੱਗੇ, ਕੋਈ ਹੋਰ ਬੀਜ ਨਾ ਉੱਗੇ। ਇਸੇ ਕਰਕੇ ਹੀ ਕਿਸਾਨ ਭਰਾ ਖੇਤ ਨੂੰ ਤਿਆਰ ਕਰਦੇ ਹਨ।

ਹੁਣ ਵਿਚਾਰ ਇਹ ਹੋ ਰਹੀ ਹੈ ਕਿ ਜੇ ਕੇਵਲ ਤੇ ਕੇਵਲ ਬੰਦਗੀ ਕਰਨ ਵਾਸਤੇ ਮਨੁੱਖ ਆਇਆ ਹੈ ਔਰ ਜਿਸ ਨੇ ਇਹ ਮਨੁੱਖਾ ਜਾਮਾ ਦਿੱਤਾ ਤੇ ਇਹ ਬਚਨ ਕੀਤੇ ਹਨ:

*ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ॥ ੩॥* (ਪੰਨਾ ੭੨੪)

ਪਰ ਬੰਦਗੀ ਸ਼ੁੱਧ ਹਿਰਦੇ ਨਾਲ ਹੋਵੇ, ਪਵਿੱਤਰ ਮਨ ਨਾਲ ਹੋਵੇ, ਮਨ ਇਕਾਗਰ-

ਚਿਤ ਕਰਕੇ ਹੋਵੇ। ਔਰ ਇਸ ਮਨ ਨੂੰ ਸ਼ੁੱਧ ਕਰਨ ਵਾਸਤੇ, ਪਵਿੱਤਰ ਕਰਨ ਵਾਸਤੇ ਸਭ ਤੋਂ ਪਹਿਲਾ ਕਦਮ ਹੀ "ਸਤਿਸੰਗਤ" ਹੈ। ਸਿਰਫ ਪਰਮੇਸ਼ਰ ਵਾਹਿਗੁਰੂ ਦਾ ਹੀ ਨਾਮ ਹੈ, ਜਿਸ ਨੂੰ ਸੁਣਨ ਨਾਲ ਸਾਡਾ ਮਨ ਅਤੇ ਤਨ ਪਵਿੱਤਰ ਹੋ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਬਚਨ ਹਨ:

*ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥ (ਪੰਨਾ ੭੨੮)*

ਕਹਿੰਦੇ ਨੇ ਕਿ ਦੁੱਧ ਨੂੰ ਬੜੀ ਪਵਿੱਤਰ ਚੀਜ਼ ਮੰਨਿਆ ਗਿਆ ਹੈ। ਇਸ ਲਈ ਉਸ ਨੂੰ ਮੈਲੇ-ਕੁਚੈਲੇ ਬਰਤਨ ਵਿੱਚ ਨਹੀ ਪਾਇਆ ਜਾਂਦਾ। ਔਰ ਜੇ ਕਿਸੇ ਮੈਲੇ ਭਾਂਡੇ ਵਿੱਚ ਦੁੱਧ ਪਾ ਦਿੱਤਾ ਜਾਵੇ ਤਾਂ ਦੁੱਧ ਖਰਾਬ ਹੋ ਜਾਂਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸਮਝਾਉਣ ਲਈ ਬਾਣੀ ਦੁਆਰਾ ਉਦਾਹਰਣ ਦਿੰਦੇ ਹਨ। ਫਿਰ ਜਦੋਂ ਤੇਰਾ ਵੀ ਮਨ ਸ਼ੁੱਧ ਹੋ ਗਿਆ ਇਸ ਦੁੱਧ ਵਾਂਗੂੰ ਤੇ ਫਿਰ ਤੂੰ ਇਕ ਕਰਤੇ ਦੇ ਨਾਲ ਜੁੜ ਜਾਈਂ। ਔਰ ਸੰਸਾਰ ਵਿੱਚ ਬਹੁਤ ਹੀ ਘੱਟ ਗਿਣਤੀ ਦੇ ਲੋਕ ਹਨ, ਜਿਹੜੇ ਨਾਮ ਨਾਲ ਜੁੜੇ ਹੋਏ ਹਨ:

*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥ (ਪੰਨਾ ੫੧੭)*

ਹੁਣ ਕਿਸਾਨ ਮਹੀਨਾ, ਦੋ ਮਹੀਨੇ ਮਿੱਟੀ ਵਿਚ ਮਿੱਟੀ ਹੀ ਬਣਿਆ ਫਿਰਦਾ ਹੈ, ਕਿਉਂਕਿ ਉਹ ਚਾਹੁੰਦਾ ਹੈ ਕਿ ਮੈਂ ਇਹੋ ਜਿਹੀ ਫਸਲ ਬੀਜਾਂ, ਜਿਸ ਦਾ ਮੈਂ ਪੂਰਾ-ਪੂਰਾ ਲਾਭ ਲੈ ਸਕਾਂ। ਪਰ ਉਹ ਜਿੰਨੇ ਬੀਜ ਬੀਜਦਾ ਹੈ, ਉਹ ਉਨੇ ਨਹੀਂ ਜੰਮਦੇ, ਜਿੰਨੇ ਬਗੈਰ ਬੀਜਣ ਤੋਂ ਹੀ ਬੂਟੀਆਂ ਤੇ ਘਾਹ ਪੁੰਗਰਦੇ ਹਨ। ਸੰਸਾਰਕ ਤੌਰ ਤੇ ਦੇਖਿਆ ਗਿਆ ਹੈ ਕਿ ਇਸ ਵਿੱਚ ਜਿਹੜੇ ਚੰਗੇ ਗੁਣ ਨੇ, ਉਹ ਪਾਉਣ ਦੇ ਨਾਲ ਵੀ ਹਿਰਦੇ ਰੂਪੀ ਖੇਤ ਵਿਚ ਪੈਂਦੇ ਨਹੀ। ਔਰ ਜਿਹੜੀਆਂ ਮਾੜੀਆਂ ਸੋਚਣੀਆਂ ਹੈਣ, ਮਾੜੇ ਕਰਮ ਹੈਣ, ਵਿਸ਼ੇ-ਵਿਕਾਰ ਹੈਣ, ਨਿੰਦਿਆ ਹੈ, ਚੁਗਲੀ ਹੈ, ਧੋਖਾ ਹੈ, ਫ਼ਰੇਬ ਹੈ, ਇਹ ਇਸ ਨੂੰ ਕੋਈ ਵੀ ਸਿਖਾਉਂਦਾ ਨਹੀਂ ਹੈ। ਇਹ ਇਸ ਨੂੰ ਆਪਣੇ ਆਪ ਹੀ ਆ ਜਾਂਦੇ ਹਨ। ਇਸੇ ਤਰ੍ਹਾਂ ਇਹ ਸਰੀਰ ਵੀ ਇਕ ਖੇਤੀ ਪਰਮੇਸ਼ਰ ਨੇ ਦਿੱਤੀ ਹੈ। ਪਰ ਇਸ ਨੂੰ ਤਿਆਰ ਕਰਨ ਵਾਸਤੇ ਤੈਨੂੰ ਸਤਿਸੰਗਤ ਕਰਨੀ ਪਵੇਗੀ, ਬਾਣੀ ਪੜ੍ਹਨੀ ਪਵੇਗੀ ਤੇ ਪਰਮੇਸ਼ਰ ਵਾਹਿਗੁਰੂ ਦੀਆਂ ਵਿਚਾਰਾਂ ਸਰਵਣ ਕਰਨੀਆਂ ਪੈਣਗੀਆਂ। ਫਿਰ ਜੋ ਗੁਰੂ ਕਹਿੰਦਾ ਹੈ ਉਸ ਦੇ ਉਪਰ ਤੈਨੂੰ ਚਲਣਾ ਵੀ ਪਵੇਗਾ। ਫਿਰ ਇਸ ਖੇਤ ਵਿੱਚ ਤੂੰ ਬੀਜ ਬੀਜੇਂਗਾ ਤੇ ਉਸ ਬੀਜ ਬੀਜਣ ਦੇ ਨਾਲ ਜੋ ਫਲ ਤੈਨੂੰ ਪ੍ਰਾਪਤ ਹੋਵੇਗਾ, ਉਹ ਦਰਗਾਹ ਦੇ ਵਿੱਚ ਤੈਨੂੰ ਸਹਾਈ ਹੋਵੇਗਾ:

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ (ਪੰਨਾ ੨੬੪)*

ਤੇ ਜੇ ਦੂਜੇ ਪਾਸੇ ਇਹ ਕਹੀਏ ਕਿ ਜਿਹੜੇ ਨਾਮ ਨਹੀਂ ਜਪਦੇ, ਸਤਿਸੰਗਤ ਨਹੀਂ ਕਰਦੇ, ਪਰਮੇਸ਼ਰ-ਵਾਹਿਗੁਰੂ ਦਾ ਭੈ ਵੀ ਜਿਨ੍ਹਾਂ ਦੇ ਹਿਰਦੇ ਵਿੱਚ ਨਹੀਂ, ਧੰਨ ਗੁਰੂ ਰਾਮਦਾਸ

ਸੋਢੀ ਸੁਲਤਾਨ ਜੀ ਕ੍ਰਿਪਾ ਕਰਦੇ ਹਨ:

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥ (ਪੰਨਾ ੪੫੦)*

ਇਸ ਤੋਂ ਭਾਵ ਹੈ ਕਿ ਜਿਨ੍ਹਾਂ ਨੇ ਕਲਿਆਣਕਾਰੀ ਨਾਮ ਨਹੀ ਜਪਿਆ, ਫਿਰ ਉਹ ਕਿਸ ਵਾਸਤੇ ਸੰਸਾਰ ਵਿਚ ਆਏ ਹਨ?

"ਧੰਨ ਗੁਰੂ ਰਾਮਦਾਸ ਜੀ ਮਹਾਰਾਜਾ" ਸਾਡੀ ਨਿਗਾਹ ਵਿਚ ਕੀ ਹਨ? ਕੀ ਧੰਨ ਗੁਰੂ ਰਾਮਦਾਸ ਜੀ ਚੌਥੇ ਸਰੂਪ ਨਹੀਂ ਹਨ? ਕੀ ਗੁਰੂ ਰਾਮਦਾਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੇ ਸਰੂਪ ਨਹੀਂ? ਇਸ ਲਈ ਜੇ ਅਸੀਂ ਪਰਮੇਸ਼ਰ ਸਰੂਪ ਧੰਨ ਗੁਰੂ ਰਾਮਦਾਸ ਜੀ ਨੂੰ ਸਮਝਦੇ ਹਾਂ ਤੇ ਧੰਨ ਗੁਰੂ ਰਾਮਦਾਸ ਅਕਾਲ-ਪੁਰਖ ਪਰਮੇਸ਼ਰ ਸਰੂਪ ਧੰਨ ਗੁਰੂ ਰਾਮਦਾਸ ਜੀ ਨੂੰ ਸਮਝਦੇ ਹਾਂ ਤੇ ਧੰਨ ਗੁਰੂ ਰਾਮਦਾਸ ਜੀ ਦੇ ਬਚਨ "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜਾ" ਵਿਚ ਹਨ:

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥ (ਪੰਨਾ ੪੫੦)*
*ਮਰਿ ਨ ਜਾਹੀ ਜਿਨਾ ਬਿਸਰਤ ਰਾਮ॥*
*ਨਾਮ ਬਿਹੂਨ ਜੀਵਨ ਕਉਨ ਕਾਮ॥ (ਪੰਨਾ ੧੮੮)*

ਕਹਿੰਦੇ ਤੈਨੂੰ ਜਿਊਂਦੇ ਨੂੰ ਮਰ ਜਾਣਾ ਚਾਹੀਦਾ ਸੀ, ਜੇ ਤੂੰ ਪਰਮੇਸ਼ਰ-ਵਾਹਿਗੁਰੂ ਦੇ ਨਾਮ ਤੋਂ ਬਗੈਰ ਜੀਅ ਰਿਹਾ ਹੈਂ। ਕਿਉਂਕਿ:

*"ਨਾਮ ਬਿਨਾ ਜੋ ਪਹਿਰੈ ਖਾਇ॥*
*ਜਿਉ ਕੂਕਰੁ ਜੂਠਨ ਮਹਿ ਪਾਇ॥ ੧॥ (ਪੰਨਾ ੨੪੦)*

ਕਹਿੰਦੇ ਜਿਹੜੇ ਨਾਮ ਜਪਣ ਤੋਂ ਬਗੈਰ ਖਾਂਦੇ-ਪੀਂਦੇ ਨੇ, ਉਹ ਭਾਵੇਂ ਰਾਜੇ ਹੀ ਕਿਉਂ ਨਾ ਹੋਣ! ਭਾਵੇਂ ਸੰਸਾਰ ਦਾ ਉਹ ਸ਼ਾਹੂਕਾਰ ਹੀ ਕਿਉਂ ਨਾ ਹੋਵੇ! ਤੇ ਜੇ ਬਾਣੀ ਸੁਣ ਕੇ ਕਦੇ ਇਸ ਨੇ ਆਪਣੇ ਆਪ ਨੂੰ ਸਤਿਸੰਗਤ ਵੱਲ ਤੋਰਿਆ ਹੀ ਨਹੀਂ ਤੇ ਜੋ ਬਚਨ ਨਿਰੰਕਾਰੀ ਜੋਤ ਨੇ ਜਪੁਜੀ ਸਾਹਿਬ ਦੇ ਅੰਦਰ ਕੀਤੇ ਹਨ:

*"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥*

*(ਜਪੁਜੀ ਸਾਹਿਬ)*

*੧. "ਜੇ ਜੁਗ ਚਾਰੇ ਆਰਜਾ*

ਕਹਿੰਦੇ ਚਾਰ ਜੁਗਾਂ ਜਿੰਨੀ ਤੇਰੀ ਜ਼ਿੰਦਗੀ ਹੋਵੇ, ਤੇਰੀ ਉਮਰ ਹੋਵੇ।

*੨. "ਹੋਰ ਦਸੂਣੀ ਹੋਇ॥*

ਯਾਨੀ ਕਿ ਦਸ ਗੁਣਾਂ ਹੋਰ ਤੇ ਜੇ ਚਾਰ ਨੂੰ ਦਸ ਨਾਲ ਗੁਣਾਂ ਕਰ ਲਈਏ ਤੇ ਚਾਲੀ ਜੁਗ ਬਣ ਜਾਂਦੇ ਹਨ। ਕਹਿੰਦੇ ਇੰਨੀ ਤੇਰੀ ਉਮਰ ਹੋ ਜਾਏ ਕਿ ਤੈਨੂੰ:

*੩. ਨਵਾ ਖੰਡਾ ਵਿਚਿ ਜਾਣੀਐ*

ਨੌਵਾਂ ਖੰਡਾਂ ਵਿੱਚ ਵੀ ਜਾਣਦੇ ਹੋਣ ਤੈਨੂੰ, ਉਥੇ ਤੇਰਾ ਨਾਮ ਵੀ ਚਲਦਾ ਹੋਵੇ।

*ਨਾਲਿ ਚਲੈ ਸਭੁ ਕੋਇ॥*

ਭਾਵ ਕਿ ਜਿਸ ਪਾਸੇ ਵੱਲ ਨੂੰ ਤੂੰ ਜਾਵੇਂ, ਉਥੇ ਹਜ਼ਾਰਾਂ ਦੇ ਹਿਸਾਬ ਨਾਲ ਤੇਰੇ ਨਾਲ ਫੌਜ ਹੋਵੇ।

*੪. ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥*

ਕਹਿੰਦੇ ਤੂੰ ਆਪਣਾ ਬਹੁਤ ਵੱਡਾ ਨਾਮ ਦੁਨੀਆਂ ਨੂੰ ਦੱਸੇਂ ਤੇ ਜੱਸ (ਸ਼ੋਭਾ) ਲਵੇਂ ਉਹਨਾਂ ਕੋਲੋਂ।

ਔਰ ਜੇ ਪਰਮੇਸ਼ਰ ਨੂੰ ਪੁੱਛੀਏ ਕਿ ਚਾਲੀ ਜੁਗਾਂ ਜਿੰਨੀ ਤੇਰੀ ਉਮਰ, ਨੌਂ-ਖੰਡ ਧਰਤੀ ਤੇ ਉਸ ਦਾ ਨਾਂ ਤੇ ਜਿਧਰ ਉਹ ਜਾਂਦਾ ਹੈ ਹਜ਼ਾਰਾਂ ਦੇ ਹਿਸਾਬ ਨਾਲ ਉਸ ਦੇ ਪਿਛੇ ਫੌਜ ਹੈ। ਇਸ ਦੇ ਬਾਵਜੂਦ ਜੇ ਉਹ ਸਤਿਸੰਗਤ ਨਹੀਂ ਕਰਦਾ, ਜੇ ਉਹ ਸਿਮਰਨ ਨਹੀਂ ਕਰਦਾ, ਪਰਮੇਸ਼ਰ-ਵਾਹਿਗੁਰੂ ਦਾ ਡਰ ਨਹੀਂ ਉਸ ਦੇ ਮਨ ਵਿਚ, ਫਿਰ ਸਤਿਗੁਰੂ ਜੀ, ਆਪ ਜੀ ਦੀ ਨਿਗਾਹ ਵਿਚ ਉਹ ਕੀ ਹੈ?

*੫. "ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥*

ਕਹਿੰਦੇ ਜੇ ਇਹ ਪਰਮੇਸ਼ਰ ਦੀ ਨਜ਼ਰ ਵਿਚ ਨਾ ਆਇਆ ਨਾ, ਫਿਰ ਇਸ ਨੂੰ ਕਿਸੇ ਵੀ ਨਹੀਂ ਪੁੱਛਣਾ, ਭਾਵੇਂ ਇਹ ਸ਼ਾਹੂਕਾਰ ਕਿਉਂ ਨਾ ਹੋਵੇ, ਭਾਵੇਂ ਇਹ ਸੰਸਾਰ ਦਾ ਬਾਦਸ਼ਾਹ ਹੀ ਕਿਉਂ ਨਾ ਹੋਵੇ।

ਦਾਸ ਅਰਜ਼ ਕਰ ਰਿਹਾ ਹੈ ਕਿ ਜੇ ਬਹੁਤ ਗਿਣਤੀ ਦੇ ਮਨਮੁਖ ਲੋਕ ਹਨ ਤੇ ਇਹ ਨਹੀਂ ਕਿ ਪਰਮੇਸ਼ਰ ਇਹ ਕਹਿ ਦੇਵੇਗਾ ਕਿ ਨਾਮ ਜਪਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ ਤੇ ਉਹ ਮਨਮੁਖਾਂ ਵਿਚੋਂ ਹੀ ਚਾਰ-ਪੰਜ ਨੂੰ ਸੱਚਖੰਡ ਵਿੱਚ ਭੇਜ ਦੇਵੇਗਾ। ਗੁਰਮੁਖ ਪਿਆਰਿਓ! ਪਰਮੇਸ਼ਰ ਵਾਹਿਗੁਰੂ ਨੇ ਕੋਈ ਲਿਹਾਜ਼ ਨਹੀਂ ਕਰਨਾ, ਬਲਕਿ ਪਰਮੇਸ਼ਰ ਨੇ ਤਾਂ ਇਹ ਪੁੱਛਣਾ ਹੈ:

*ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ*

*ਕਿਆ ਤੁਧੁ ਕਰਮ ਕਮਾਇਆ॥* *(ਪੰਨਾ ੯੨੨)*

ਤੇ ਅਸੀਂ ਕਹਾਂਗੇ ਕਿ ਸਤਿਗੁਰ ਜੀ! ਸਭ ਤੋਂ ਪਹਿਲਾਂ ਪੰਡ ਪੈਸਿਆਂ ਦੀ ਏਜੰਟਾਂ ਨੂੰ ਦੇ ਕੇ ਪਾਸਪੋਰਟ ਲਏ। ਫਿਰ ਧਰਮਰਾਜਾ ਨੂੰ ਕਹਾਂਗੇ ਕਿ ਏਜੰਟ ਕਹਿਣ ਲੱਗੇ ਕਿ ਤੂੰ ਸਿੱਖੀ-ਸਰੂਪ ਦੇ ਨਾਲ ਨਹੀਂ ਜਾ ਸਕਦਾ। ਔਰ ਜੇ ਤੂੰ ਅੰਮ੍ਰਿਤ ਛਕਿਆ ਹੈ ਤਾਂ ਕਰਾਰਾਂ ਨੂੰ ਵੀ ਇਥੇ ਮੱਥਾ ਟੇਕ ਦੇ ਤੇ ਵਾਲਾਂ ਨੂੰ ਵੀ ਇਥੇ ਮੱਥਾ ਟੇਕ ਦੇ। ਫਿਰ ਨੂੰ ਬਾਹਰ ਜਾ ਸਕਦਾ ਹੈਂ। ਔਰ ਅਸੀਂ ਕਹਿੰਦੇ ਹਾਂ ਠੀਕ ਹੈ। ਫਿਰ ਇਥੇ ਆ ਗਏ ਤੇ ਇਥੇ ਆ ਕੇ ਇਹੋ ਜਿਹੇ ਕੰਮ ਕਰਨ ਲੱਗ ਪਏ ਕਿ ਮੁੜ ਕੇ ਸਿੱਖੀ ਸਰੂਪ ਵਿਚ ਨਹੀਂ ਆ ਸਕੇ ਤੇ ਨਾ ਹੀ ਸਤਿਸੰਗਤ ਕਰਨ ਲੱਗੇ। ਲੇਕਿਨ ਧਰਮਰਾਜੇ ਨੇ ਤੁਹਾਡੀ ਕੋਈ ਗੱਲ ਨਹੀਂ ਸੁਣਨੀ, ਉਸ ਨੇ ਵੀ ਤੁਹਾਨੂੰ ਬਾਣੀ ਦੇ ਬੋਲ ਹੀ ਸੁਣਾਉਣੇ ਹਨ:

*ਕਬੀਰ ਦੀਨੁ ਗਵਾਇਆ ਦੁਨੀ ਸਿਉ*
*ਦੁਨੀ ਨ ਚਾਲੀ ਸਾਥਿ॥*
*ਪਾਇ ਕੁਹਾੜਾ ਮਾਰਿਆ*
*ਗਾਫਲਿ ਅਪੁਨੈ ਹਾਥਿ॥ ੧੩॥* *(ਪੰਨਾ ੧੩੬੫)*

ਇਸ ਦੇ ਅਰਥ ਬਿਲਕੁਲ ਸਿੱਧੇ ਹਨ ਕਿ ਧਰਮ ਛੱਡ ਦਿੱਤਾ ਦੁਨੀਆਂ ਦੀ ਖਾਤਿਰ। ਲੇਕਿਨ ਦੁਨੀਆਂ ਇਸ ਦੇ ਸਾਥ ਨਹੀਂ ਗਈ। ਇਥੋਂ ਤੱਕ ਕਿ ਜਿਸ ਮਾਇਆ ਨਾਲ ਇਸ ਨੂੰ ਬਹੁਤ ਮੋਹ ਸੀ, ਉਹ ਵੀ ਨਾਲ ਨਹੀਂ ਗਈ। ਧੀਆਂ-ਪੁੱਤਰ ਨਾਲ ਨਹੀਂ ਗਏ, ਮਾਤਾ-ਪਿਤਾ ਨਾਲ ਨਹੀਂ ਗਏ, ਸਾਕ-ਸਬੰਧੀ ਨਾਲ ਨਹੀਂ ਗਏ। ਬਾਕੀ ਗੱਲ ਤਾਂ ਛੱਡੋ ਤੁਹਾਡਾ ਸਰੀਰ ਵੀ ਤੁਹਾਡੇ ਨਾਲ ਗਿਆ ਨਹੀਂ। ਲੇਕਿਨ ਸਰੀਰ ਤਾਂ ਲੈ ਕੇ ਆਏ ਸੀ ਤੁਸੀਂ ਮਾਤਾ ਦੀ ਕੁਖ ਤੋਂ, ਲੇਕਿਨ ਜਾਣ ਵੇਲੇ ਉਸ ਨੇ ਵੀ ਸਾਥ ਛੱਡ ਦਿੱਤਾ। ਸੋ ਇਕ ਦਿਨ ਤੁਸੀਂ ਇਸ ਸੰਸਾਰ ਤੋਂ ਜਾਣਾ ਹੀ ਹੈ। ਠੀਕ ਹੈ ਅਗਰ ਤੇਰਾ ਦਿਲ ਇਸ ਸੰਸਾਰ ਤੋਂ ਜਾਣ ਤੇ ਨਹੀਂ ਕਰਦਾ, ਲੇਕਿਨ ਲਿਜਾਣ ਵਾਲਿਆਂ ਨੇ ਲੈ ਹੀ ਜਾਣਾ ਹੈ। ਉਥੇ ਤੇਰਾ ਕੋਈ ਜ਼ੋਰ ਨਹੀਂ ਚੱਲਣਾ:

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥* *(ਪੰਨਾ ੬੦੦)*

ਕਹਿੰਦੇ ਇਹ ਜਿਹੜੇ ਪੰਜ ਚੋਰ ਹੈਣ, ਮਨੁੱਖ ਦੇ ਸਵਾਸਾਂ ਦੀ ਪੂੰਜੀ ਨੂੰ ਲੁੱਟੀ ਜਾ ਰਹੇ ਹਨ। ਔਰ ਮਨਮੁਖ ਇਹ ਗੱਲ ਸਮਝਦਾ ਨਹੀਂ। ਇਸ ਲਈ ਜਦੋਂ ਸਵਾਸਾਂ ਦਾ ਖ਼ਜ਼ਾਨਾ ਹੋ ਗਿਆ ਖਤਮ ਤੇ ਧਰਮਰਾਜੇ ਦੀ ਕਚਹਿਰੀ ਵਿੱਚ ਇਸ ਨੂੰ ਕਰ ਦਿੱਤਾ ਖੜਾ ਤੇ ਫਿਰ ਇਸ ਨੂੰ ਰੋਣਾ ਪੈ ਗਿਆ। ਕਹਿੰਦਾ ਹੈ ਕਿ ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਗੁਰੂ ਦਾ ਬਚਨ ਮੰਨ ਹੀ ਲੈਂਦਾ,

ਸਤਿਸੰਗਤ ਕਰ ਲੈਂਦਾ, ਬਾਣੀ ਪੜ੍ਹ ਲੈਂਦਾ, ਸਿਮਰਨ ਕਰ ਲੈਂਦਾ, ਭਗਤੀ ਕਰ ਲੈਂਦਾ। ਔਰ ਜਿਹੜੀ ਭਗਤੀ, ਜਿਹੜੀ ਬੰਦਗੀ ਰੱਬੀ ਦਰਗਾਹ ਦੇ ਵਿਚ ਮੈਨੂੰ ਕੰਮ ਆਉਂਦੀ। ਇਸ ਤਰ੍ਹਾਂ ਮੈਂ ਜਮਾਂ ਦੀ ਮਾਰ ਤੋਂ ਵੀ ਬਚ ਜਾਂਦਾ। ਇਸੇ ਕਰਕੇ ਗੁਰਮੁਖ ਪਿਆਰਿਓ ! ਦਾਸ ਅਰਜ਼ ਕਰ ਰਿਹਾ ਹੈ ਕਿ ਭਗਤ ਕਬੀਰ ਜੀ ਫੁਰਮਾਉਂਦੇ ਹਨ :

*ਕਬੀਰ ਦੀਨੁ ਗਵਾਇਆ ਦੁਨੀ ਸਿਉ*
*ਦੁਨੀ ਨ ਚਾਲੀ ਸਾਥਿ॥*
*ਪਾਇ ਕੁਹਾੜਾ ਮਾਰਿਆ*
*ਗਾਫਲਿ ਅਪੁਨੈ ਹਾਥਿ॥ ੧੩॥* (ਪੰਨਾ ੧੩੬੫)

ਕਹਿੰਦੇ ਦੁਨੀਆਂ ਦੀ ਖਾਤਿਰ ਧਰਮ ਨੂੰ ਤਿਆਗ ਦਿੱਤਾ। ਮਾਇਆ ਦੀ ਖਾਤਿਰ ਪਰਮੇਸ਼ਰ-ਵਾਹਿਗੁਰੂ ਦੀ ਬੰਦਗੀ ਤਿਆਗ ਦਿੱਤੀ, ਲੇਕਿਨ ਮਾਇਆ ਜਾਣ ਲੱਗਿਆਂ ਸਾਥ ਨਹੀਂ ਗਈ। ਸੰਸਾਰ ਦਾ ਕੋਈ ਵੀ ਮਨੁੱਖ ਇਸ ਜੀਵ ਦੇ ਨਾਲ ਨਹੀਂ ਜਾਂਦਾ। ਪਰ ਭਗਤ ਕਬੀਰ ਜੀ ਕਹਿੰਦੇ ਉਹ ਤਾਂ ਇਸ ਤਰ੍ਹਾਂ ਹੋਇਆ ਕਿ ਜਿਸ ਤਰ੍ਹਾਂ ਆਪਣੇ ਹੱਥੀਂ ਕੋਈ ਮਨੁੱਖ ਆਪਣੇ ਪੈਰ ਵੱਢ ਲਵੇ ਤੇ ਦੂਸਰਿਆਂ ਨੂੰ ਪੁਛੇ ਕਿ ਮੈਂ ਚੱਲਾਂ ਕਿਵੇਂ ? ਔਰ ਜਿਨ੍ਹਾਂ ਨੂੰ ਉਹ ਪੁੱਛੇਗਾ ਤਾਂ ਅਗੋਂ ਜਵਾਬ ਉਸ ਨੂੰ ਇਹੀ ਮਿਲੇਗਾ ਕਿ ਕੀ ਤੂੰ ਪਾਗਲ ਹੈਂ, ਕੀ ਤੂੰ ਕਮਲਾ ਹੋਇਆ ਪਿਆ ਹੈਂ, ਤੇਰੀ ਬੁੱਧੀ ਕੰਮ ਨਹੀਂ ਕਰਦੀ ? ਤੂੰ ਆਪਣੇ ਹੱਥੀ ਆਪਣੇ ਪੈਰਾਂ ਤੇ ਕੁਹਾੜਾ ਮਾਰ ਕੇ ਪੈਰ ਵੱਢ ਲਏ ਤੇ ਹੁਣ ਸਾਨੂੰ ਪੁੱਛ ਰਿਹਾ ਹੈਂ ਕਿ ਮੈਂ ਚੱਲਾਂ ਕਿਸ ਤਰ੍ਹਾਂ ?

ਭਗਤ ਕਬੀਰ ਜੀ ਕਹਿੰਦੇ, "ਐ ਮਨੁੱਖ ! ਤੂੰ ਦੁਨੀਆਂ ਦੀ ਖਾਤਿਰ ਧਰਮ ਨੂੰ ਤਿਆਗ ਦਿੱਤਾ, ਤੂੰ ਧਰਮ ਨੂੰ ਛੱਡ ਦਿੱਤਾ, ਔਰ ਦੁਨੀਆਂ ਤੇਰੇ ਸਾਥ ਨਹੀਂ ਗਈ। ਦੁਨੀਆਂ ਨੇ ਤੇਰਾ ਸਾਥ ਨਹੀਂ ਦਿੱਤਾ ਤੇ ਤੈਨੂੰ ਧਰਮਰਾਜੇ ਦੀ ਕਚਹਿਰੀ ਵਿਚ ਪਛੁਤਾਣਾ ਪੈ ਗਿਆ ਤੇ ਨਰਕਾਂ ਦੇ ਵਿੱਚ ਤੈਨੂੰ ਗੋਤੇ ਖਾਣੇ ਪੈ ਗਏ; ਟੇਢੀਆਂ-ਮੇਢੀਆਂ (ਤ੍ਰਿਗਦ) ਜੂਨਾਂ ਦੇ ਵਿੱਚ ਪੈ ਕੇ ਤੈਨੂੰ ਅਤਿ ਦੇ ਦੁੱਖ ਝੱਲਣੇ ਪੈ ਗਏ।" ਸੋਢੀ ਸੁਲਤਾਨ "ਧੰਨ ਗੁਰੂ ਰਾਮਦਾਸ ਜੀ" ਦੇ ਬਚਨ ਦਾਸ ਅਰਜ਼ ਕਰ ਰਿਹਾ ਹੈ :

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥* (ਪੰਨਾ ੪੫੦)

ਭਾਵ ਕਿ ਕਿਸ ਵਾਸਤੇ ਸੰਸਾਰ ਤੇ ਆਏ ? ਤੇ ਸਿੱਖ ਕਹਿੰਦੇ ਸਤਿਗੁਰ ਜੀ, ਤੁਸੀਂ ਕੀ ਬਚਨ ਕਰਨਾ ਚਾਹੁੰਦੇ ਹੋ ?

*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥* (ਪੰਨਾ ੪੫੦)

ਗੁਰਦੇਵ ਜੀ ਕਹਿੰਦੇ ਕਿ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਮਨੁੱਖਾ ਜਨਮ

ਦੁਰਲੱਭ ਦੇਹੀ ਹੈ। ਚੌਰਾਸੀ ਲੱਖ ਜੂਨਾਂ ਦੀ ਸਰਦਾਰੀ ਤੈਨੂੰ ਮਿਲੀ ਹੈ, ਪਰ ਨਾਮ ਤੋਂ ਬਗੈਰ ਇਹ ਬਿਰਥੀ ਹੀ ਚਲੀ ਜਾਵੇਗੀ।

ਦਾਸ ਨੇ ਇਹ ਬਚਨ ਕੀਤੇ ਸੀ ਕਿ ਸਾਨੂੰ ਸਤਿਸੰਗਤ ਦੀਆਂ ਘੜੀਆਂ ਦਾ ਪਤਾ ਨਹੀਂ। ਸਾਨੂੰ ਅਜੇ ਇਸ ਦੀ ਕੀਮਤ ਦਾ ਪਤਾ ਨਹੀਂ ਲੱਗਾ, ਲੇਕਿਨ ਜਦੋਂ ਸਾਨੂੰ ਇਸ ਸਤਿਸੰਗਤ ਦੀਆਂ ਘੜੀਆਂ ਦੀ ਕੀਮਤ ਦਾ ਪਤਾ ਲੱਗ ਜਾਵੇਗਾ ਤੇ ਫਿਰ ਅਸੀਂ ਪੰਜ ਸੌ ਕਿਲੋਮੀਟਰ ਤੋਂ ਵੀ ਸਤਿਸੰਗਤ ਕਰਨ ਵਾਸਤੇ ਆਵਾਂਗੇ। ਫਿਰ ਇਹ ਨਹੀ ਕਹਾਂਗੇ ਕਿ ਸਾਡੇ ਕੋਲ ਟਾਇਮ ਨਹੀਂ। ਇਹ ਅਸੀਂ ਇਸ ਕਰਕੇ ਕਹਿੰਦੇ ਹਾਂ ਕਿਉਂਕਿ ਅਜੇ ਸਾਨੂੰ ਆਪਣੇ ਅਸਲ ਕਾਰਜ ਦਾ ਹੀ ਨਹੀਂ ਪਤਾ :

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ੧॥* *(ਰਹਰਾਸਿ ਸਾਹਿਬ)*

ਕੀ ਇਸ ਦੇ ਇਹ ਅਰਥ ਹਨ ਕਿ ਸਾਡੇ ਕੋਲ ਸਮਾਂ ਨਹੀਂ ਤੇ ਅਸੀਂ ਗੁਰੂ ਘਰ ਨਹੀਂ ਆ ਸਕਦੇ ? ਕੀ ਇਸ ਦੇ ਇਹ ਅਰਥ ਹਨ ਕਿ ਗੁਰੂ ਘਰ ਬਹੁਤ ਦੂਰ ਹੈ ਤੇ ਆਉਣ ਲੱਗਿਆਂ ਬਹੁਤ ਸਮਾਂ ਲਗਦਾ ਹੈ ? ਲੇਕਿਨ ਉਥੇ ਸਾਡੇ ਬਹਾਨੇ ਨਹੀਂ ਚਲਣੇ, ਉਥੇ ਤਾਂ ਸੱਚੋ-ਸੱਚ ਚਲਣਾ ਹੈ, ਕਿਉਂਕਿ ਉਹ ਦੁਨਿਆਵੀ ਅਦਾਲਤ ਨਹੀਂ ਤੇ ਧਰਮਰਾਜੇ ਨੂੰ ਹੁਕਮ ਹੈ :

*''ਸਚਾ ਕਰੇ ਨਿਆਉ''*

ਭਾਵ ਕਿ ਧਰਮਰਾਜੇ ਨੂੰ ਪਰਮੇਸ਼ਰ ਨੇ ਇਹ ਹੁਕਮ ਦੇ ਦਿੱਤਾ ਕਿ ਤੂੰ ਸੱਚਾ ਫੈਸਲਾ ਕਰਨਾ ਹੈ, ਤੂੰ ਸੱਚਾ ਨਿਆਂ ਕਰਨਾ ਹੈ। ਭਾਵ ਕਿ ਜਿਸ ਤਰ੍ਹਾਂ ਕਿਸੇ ਨੇ ਆਪਣੀ ਜ਼ਿੰਦਗੀ ਵਿਚ ਕੰਮ ਕੀਤੇ ਹੈਣ, ਉਹਦੇ ਮੁਤੱਲਕ ਤੂੰ ਉਹਨਾਂ ਨੂੰ ਸਜ਼ਾਵਾਂ ਦੇਣੀਆਂ ਹਨ। ਕਹਿੰਦੇ :

*''ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ॥* *(ਪੰਨਾ ੪੫੦)*

ਹੁਣ ਜੇ ਅਸੀਂ ਇਹ ਕਹੀਏ ਕਿ ਮਹਾਰਾਜ, ਮਨੁੱਖੀ ਜਾਮਾ ਅਸੀਂ ਕਿਸੀ ਹੋਰ ਉਮਰ ਵਿੱਚ ਕਰ ਲਵਾਂਗੇ ਜਾਂ ਕਿਸੀ ਹੋਰ ਜੂਨ ਵਿਚ ਕਰ ਲਵਾਂਗੇ ਤਾਂ ਗੁਰਦੇਵ ਜੀ ਕਹਿੰਦੇ ਕਿ ਹੁਣ ਤਾਂ ਤੇਰੇ ਕੋਲ ਵਕਤ ਹੈ। ਹੁਣ ਤਾਂ ਖੇਤ ਦੇ ਵਿਚ ਗਿੱਲ ਵੀ ਹੈ, ਖੇਤ ਤਿਆਰ ਵੀ ਹੈ ਤੇ ਜੇ ਉਦੋਂ ਨਾਮ ਨਾ ਬੀਜਿਆ, ਉਦੋਂ ਫ਼ਸਲ ਕਿਸਾਨ ਨੇ ਬੀਜੀ ਨਹੀਂ ਤੇ ਘਰ ਬੈਠਾ ਸੌਂਦਾ ਰਿਹਾ ਤੇ ਜਦੋਂ ਗੁਰਮੁਖ ਪਿਆਰਿਓ ! ਖੇਤ ਸੁੱਕ ਗਿਆ ਤੇ ਦੂਜਿਆਂ ਦੀਆਂ ਫ਼ਸਲਾਂ ਜੋਬਨ ਤੇ ਆ ਗਈਆਂ, ਉਦੋਂ ਇਹ ਹੱਲ ਫੜ ਕੇ ਖੇਤ ਨੂੰ ਤੁਰਿਆ ਜਾਵੇ ਕਿ ਹੁਣ ਮੈਂ ਬੀਜ ਬੀਜਦਾ ਹਾਂ ਤੇ ਫਿਰ ਦੁਨੀਆਂ ਕਹੇਗੀ ਨਾ ਕਿ ਇਹ ਪਾਗਲ ਹੈ, ਕਿਉਂਕਿ ਖੇਤ ਇਸਦਾ ਸੁੱਕਾ ਪਿਆ ਹੈ ਤੇ ਬਾਕੀਆਂ ਦੀ ਫਸਲ ਜੋਬਨ ਤੇ ਆਈ ਹੋਈ ਹੈ। ਔਰ ਇਹ ਹੁਣ ਕਣਕ ਬੀਜਣ ਜਾ ਰਿਹਾ ਹੈ ! ਲੇਕਿਨ ਜੇ ਉਹ ਬੀਜ ਵੀ ਦੇਵੇਗਾ ਨਾ ਪਰ ਉਸਦਾ ਹੁਣ ਕੋਈ ਫਾਇਦਾ ਨਹੀਂ ਹੋਣਾ,

ਕਿਉਂਕਿ ਸੁੱਕੇ ਖੇਤ ਵਿੱਚ ਕਦੀ ਬੀਜ ਉਗਿਆ ਨਹੀਂ ਕਰਦਾ।

ਇਸੇ ਤਰ੍ਹਾਂ ਹੀ ਹੁਣ ਮਨੁੱਖਾ ਜਨਮ ਦਾ ਵੀ ਵਕਤ ਹੈ ਨਾ। ਇਸ ਮਨੁੱਖੀ ਜਾਮੇ ਵਿਚ ਅਸੀਂ ਸਿਮਰਨ ਕਰ ਸਕਦੇ ਹਾਂ, ਬੰਦਗੀ ਕਰ ਸਕਦੇ ਹਾਂ, ਸਿੱਖੀ ਕਮਾ ਸਕਦੇ ਹਾਂ, ਗੁਰੂ ਦੇ ਬਚਨਾਂ ਤੇ ਪਹਿਰਾ ਦੇ ਸਕਦੇ ਹਾਂ, ਲੋਕ-ਪਰਲੋਕ ਸਵਾਰ ਸਕਦੇ ਹਾਂ। ਇਥੋਂ ਤੱਕ ਕਿ ਜੰਮਣ-ਮਰਨ ਦੇ ਗੇੜ 'ਚੋਂ ਵੀ ਰਹਿਤ ਹੋ ਸਕਦੇ ਹਾਂ, ਚੌਰਾਸੀ ਨੂੰ ਅਸ਼ੀਂ ਕੱਟ ਸਕਦੇ ਹਾਂ, ਔਰ ਲੋਕ-ਪਰਲੋਕ ਦੇ ਸੁੱਖ ਵੀ ਸਾਨੂੰ ਪ੍ਰਾਪਤ ਹੋ ਸਕਦੇ ਹਨ। ਜੇਕਰ ਅਸੀਂ ਕੋਸ਼ਿਸ਼ ਹੀ ਨਾ ਕੀਤੀ ਤੇ ਕੀ ਤੁਸੀਂ ਕੁੱਤੇ, ਗੱਧੇ, ਬਿੱਲੀ, ਗਿੱਦੜ ਬਣ ਕੇ ਸਤਿਸੰਗਤ ਕਰ ਲਵੋਗੇ ?

*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥ ੨॥* (ਪੰਨਾ ੪੫੦)

ਇਸ ਤੋਂ ਇਹ ਭਾਵ ਹੈ ਕਿ ਜਿਹੜੇ ਗੁਰੂ ਨਾਨਕ ਦੀ ਗੱਲ ਨਹੀਂ ਮੰਨਦੇ ਤੇ ਜਿਹੜੇ ਗੁਰੂ ਦੇ ਚੌਂਕੀਦਾਰਾਂ, ਕੂਕਰਾਂ ਦੀ ਵੀ ਗੱਲ ਨਹੀਂ ਮੰਨਦੇ, ਫਿਰ ਉਹਨਾਂ ਨੂੰ ਮੁੜ-ਮੁੜ ਕੇ ਇਸ ਸੰਸਾਰ ਤੇ ਆਉਣਾ ਪਵੇਗਾ। ਔਰ ਜੰਮਣ-ਮਰਨ ਦਾ ਚੱਕਰ ਉਹਨਾਂ ਦੇ ਸਿਰ ਤੋਂ ਕਦੀ ਵੀ ਨਹੀਂ ਮਿੱਟ ਸਕਦਾ। ਉਹ ਨਿੱਤ ਜੰਮਣਗੇ ਤੇ ਨਿੱਤ ਮਰਨਗੇ :

ਹੁਣ ਇਹ ਗੱਲ ਵਿਚਾਰਨ ਵਾਲੀ ਹੈ ਕਿ ਜਦੋਂ "ਧੰਨ ਗੁਰੂ ਰਾਮਦਾਸ ਜੀ" ਦਾ ਹੁਕਮਨਾਮਾ ਆਇਆ :

*ਹਰਿ ਜਨੁ ਰਾਮ ਨਾਮ ਗੁਨ ਗਾਵੈ॥*
*ਜੇ ਕੋਈ ਨਿੰਦ ਕਰੇ ਹਰਿ ਜਨ ਕੀ*
*ਅਪੁਨਾ ਗੁਨੁ ਨ ਗਵਾਵੈ॥* (ਪੰਨਾ ੭੧੯)

ਤੇ ਗੁਰੂ ਰਾਮਦਾਸ ਮਹਾਰਾਜ ਨੇ ਕ੍ਰਿਪਾ ਕੀਤੀ ਹੈ, ਲੇਕਿਨ ਵਾਹਿਗੁਰੂ ਦਾ ਸਿਮਰਨ ਕਰਦਿਆਂ ਮਨੁੱਖ ਨੂੰ ਬੜੀ ਸ਼ਰਮ ਆਉਂਦੀ ਹੈ। ਬਹੁਤ ਜਗ੍ਹਾ ਇਹ ਦੇਖਿਆ ਗਿਆ ਹੈ ਕਿ ਜਿਹੜੇ ਘਰੋਂ ਆ ਗਏ ਗੁਰੂ-ਘਰ ਤਕ, ਪਰ ਉਹ ਅੰਦਰ ਦਰਬਾਰ ਵਿੱਚ ਆਉਣ ਵਾਸਤੇ ਰਾਜ਼ੀ ਨਹੀਂ। ਔਰ ਜਿਸ ਸਿਮਰਨ ਗੁਰਮੰਤਰ ਨਾਲ ਸਾਡਾ ਹਿਰਦਾ ਸ਼ੁੱਧ ਹੋਣਾ ਹੈ, ਉਹ ਅਸੀਂ ਜਪਦੇ ਨਹੀਂ। ਇਕ ਗੱਲ ਦਾ ਧਿਆਨ ਰੱਖ ਲੈਣਾ ਕਿ ਜੇ ਕੋਈ ਆ ਕਰਕੇ ਵੀ ਲਾਭ ਨਹੀਂ ਉਠਾ ਸਕਦਾ ਇਸ ਸਮੇਂ ਦਾ ਤਾਂ ਉਸ ਦਾ ਇਸ ਧਰਤੀ ਤੇ ਆਉਣਾ ਹੀ ਬੇਕਾਰ ਹੈ। ਫਿਰ ਉਹ ਇਹ ਸਮਝ ਲੈਣ ਕਿ ਉਹ ਜਹਾਜ਼ ਦੇ ਅੰਦਰ ਨਹੀਂ ਬੈਠੇ। ਜਿੰਨਾ ਚਿਰ ਉਹ ਜਹਾਜ਼ ਦੇ ਅੰਦਰ ਨਹੀਂ ਬੈਠ ਸਕਦੇ, ਓਨਾ ਚਿਰ ਉਹ ਸਫ਼ਰ ਤਹਿ ਨਹੀਂ ਕਰ ਸਕਦੇ। ਉਹ ਇੱਕ ਮੰਜ਼ਿਲ ਤੋਂ ਦੂਜੀ ਮੰਜ਼ਿਲ ਤੱਕ ਨਹੀਂ ਜਾ ਸਕਦੇ। ਆਪਣੀ ਜ਼ਿੰਦਗੀ ਵਿਚ ਕੋਈ ਤਰੱਕੀ ਵੀ ਨਹੀਂ ਕਰ ਸਕਦੇ। ਭਾਵੇਂ ਉਹ ਅੰਮ੍ਰਿਤਧਾਰੀ ਹੈ ਤੇ ਭਾਵੇਂ ਉਹ ਮੋਨਾ ਹੈ ਤੇ ਭਾਵੇਂ ਉਹ ਕਿਸੇ ਵੀ ਜ਼ਾਤ ਦੇ ਨਾਲ ਸਬੰਧ ਰੱਖਦਾ ਹੈ। ਲੱਖ ਉਹ ਸੇਵਾਦਾਰ ਹੋਵੇ ਪਰ ਜਿਹੜਾ ਆਪਣੇ ਖਸਮ ਮਾਲਿਕ ਦੀ ਗੱਲ ਸੁਣਨ ਵਾਸਤੇ ਰਾਜ਼ੀ ਨਹੀਂ ਕੀ ਗੁਰੂ ਉਸ ਸਿੱਖ ਤੇ ਖੁਸ਼ ਹੋਵੇਗਾ ?

ਕਹਿਣ ਤੋਂ ਭਾਵ ਕਿ ਜਿਹੜਾ ਹਰੀ ਦਾ ਜਨ ਹੈ, ਉਹ ਪਰਮੇਸ਼ਰ ਦੇ ਗੁਣ ਗਾਈ ਜਾਏ, ਉਹ ਕਿਸੇ ਦੀ ਵੀ ਨਾ ਸੁਣੇ। ਪਰ ਸੁਣਨ ਦੇ ਵਿਚ ਇਹ ਆਇਆ ਕਿ ਜੇ ਕੋਈ Continous ਭਾਵ ਲਗਾਤਾਰ ਗੁਰੂ ਦੇ ਘਰ ਆਉਣ ਲੱਗ ਪਿਆ ਤੇ ਕਿਸੇ ਨੇ ਇਹ ਮਿਹਣਾ ਮਾਰ ਦਿੱਤਾ ਕਿ ਬੜਾ ਵੱਡਾ ਭਗਤ ਬਣ ਗਿਆ ਹੈ, ਰੋਜ਼ ਇਹ ਗੁਰੂ-ਘਰ ਜਾਂਦਾ ਹੈ। ਲੇਕਿਨ ਬਾਅਦ ਵਿਚ ਜਾਣਾ ਬੰਦ ਕਰ ਦਿੰਦਾ ਹੈ। ਅਗਰ ਇਸ ਨੂੰ ਪੁਛੀਏ ਕਿ ਤੂੰ ਹੁਣ ਗੁਰੂ ਘਰ ਆਉਂਦਾ ਨਹੀਂ ਤੇ ਅੱਗੋਂ ਇਹ ਜਵਾਬ ਦਿੰਦਾ ਹੈ ਕਿ ਉਥੋਂ ਦੇ ਪ੍ਰਬੰਧਕ, ਉਥੋਂ ਦੇ ਬੁਲਾਰੇ ਤੇ ਕਥਾ-ਵਾਚਕ ਮੈਨੂੰ ਇਹ ਗੱਲ ਕਹਿ ਦਿੰਦੇ ਨੇ ਇਸ ਕਰਕੇ ਮੈਂ ਨਹੀਂ ਆਉਂਦਾ। ਔਰ ਕਈ ਤਾਂ ਸਿੱਖੀ ਹੀ ਤਿਆਗ ਦਿੰਦੇ ਹਨ। ਮੰਨਦੇ ਹਾਂ ਕਿ ਤੁਹਾਡੇ ਜਵਾਬ ਬੜੇ ਦਰੁਸਤ ਹਨ, ਲੇਕਿਨ ਸਮਝਣ ਦੀ ਕੋਸ਼ਿਸ਼ ਕਰਨਾ ਕਿ ਤੁਸੀਂ ਕਿਸੇ ਦੇ ਕਹਿਣ ਤੇ ਗੁਰੂ-ਘਰ ਆਉਣਾ ਹੱਟ ਗਏ, ਕਿਸੇ ਦੇ ਕਹਿਣ ਤੇ ਸੇਵਾ-ਸਿਮਰਨ ਕਰਨਾ ਹੱਟ ਗਏ, ਕਿਸੇ ਦੇ ਕਹਿਣ ਤੇ ਤੁਸੀਂ ਅੰਮ੍ਰਿਤ ਵੇਲੇ ਉਠਣਾ ਹੱਟ ਗਏ ਤੇ ਕਿਸੇ ਦੇ ਕਹਿਣ ਤੇ ਤੁਸੀਂ ਪਰਉਪਕਾਰ, ਦਇਆ ਤੇ ਮਿੱਠਾ ਬੋਲਣ ਤੋਂ ਹੱਟ ਗਏ। ਇਹਨਾਂ ਚੀਜ਼ਾਂ ਨੇ ਬੜੀ ਜਲਦੀ ਤੁਹਾਡੀ ਜ਼ਿੰਦਗੀ ਵਿਚ ਵਾਸਾ ਕੀਤਾ। ਕਿਉਂ ? ਕਿਉਂਕਿ ਤੁਸੀਂ ਇਹ ਸਭ ਕੁਝ ਪਹਿਲਾਂ ਹੀ ਚਾਹੁੰਦੇ ਸੀ। ਤੁਸੀਂ ਕਿਸੇ ਸਵਾਰਥ ਨੂੰ ਮੁਖ ਰੱਖ ਕੇ ਗੁਰੂ-ਘਰ ਆ ਰਹੇ ਹੋ ਤਾਂਕਿ ਤੁਹਾਨੂੰ ਸ਼ੋਹਰਤ ਮਿਲੇਗੀ, ਲੋਕ ਮੇਰੀ ਵਡਿਆਈ ਕਰਨਗੇ। ਔਰ ਮੇਰੇ ਕੰਨਾਂ ਨੂੰ ਇਹ ਸੁਣਨ ਲਈ ਮਿਲੇਗਾ ਕਿ ਬੜਾ ਵੱਡਾ ਭਗਤ ਹੈ, ਇਸ ਵਿੱਚ ਬੜੀ ਸ਼ਰਧਾ ਹੈ। ਇਹ ਗੁਰੂ ਘਰ ਬਿਨਾਂ ਨਾਗੇ ਜਾਂਦਾ ਹੈ। ਇਹ ਸੁਣਨ ਲਈ ਇਹ ਗੁਰੂ ਘਰ ਰੋਜ਼ ਜਾਂਦਾ ਹੈ। ਔਰ ਜੇ ਕਿਸੇ ਨੇ ਕੋਈ ਵੀ ਕਿਸੇ ਵੀ ਤਰ੍ਹਾਂ ਦੀ ਗੱਲ ਕਹਿ ਦਿੱਤੀ ਤਾਂ ਅਸੀਂ ਘਰ ਵਿਚ ਬੈਠ ਜਾਂਦੇ ਹਾਂ। ਆਪਣੇ ਜੀਵਨ ਕਾਲ ਦੇ ਵਿੱਚ ਕਦੀ ਨਿਰਣਾ ਕਰਿਓ ਕਿ ਜੇ ਤੁਹਾਨੂੰ ਕਿਸੇ ਵੀ ਦੇਸ਼ ਜ਼ਾਂ ਵਿਦੇਸ਼ ਵਿਚ ਚੰਗੀ ਨੌਕਰੀ ਮਿਲ ਜਾਵੇ ਤੇ ਜੇ ਕਿਸੇ ਨੇ ਤੁਹਾਨੂੰ ਇਹ ਮਿਹਣਾ ਮਾਰ ਦਿੱਤਾ ਹੋਵੇ ਕਿ ਇਹ ਸਵੇਰੇ ਤੜਕੇ ਹੀ ਉੱਠ ਪੈਂਦਾ ਹੈ, ਨਿਤਨੇਮ ਕਰਕੇ ਜਲਦੀ ਨਾਲ ਆਪਣੀ ਡਿਊਟੀ ਤੇ ਵੀ ਪਹੁੰਚ ਜਾਂਦਾ ਹੈ ਤੇ ਕੀ ਦੂਜੇ ਦਿਨ ਤੋਂ ਤੁਸੀਂ ਕੰਮ ਤੇ ਜਾਣਾ ਬੰਦ ਕਰ ਦੇਵੋਗੇ ? ਤੁਸੀਂ ਇਹ ਗੱਲ ਕਹੋਗੇ ਕਿ ਇਹ ਤਾਂ ਮੈਨੂੰ ਮਿਹਣੇ ਮਾਰਦੇ ਨੇ ਤੇ ਮੈਂ ਨਹੀਂ ਕੰਮ ਕਰਨਾ। ਘਰਦਿਆਂ ਨਾਲ ਮੋਹ-ਪਿਆਰ, ਮਕਾਨ ਬਣਾਉਣੇ ਤੇ ਜ਼ਮੀਨ ਖਰੀਦਣੀ ਹੋਵੇ, ਔਰ ਕੋਈ ਮਿਹਣੇ ਮਾਰੇ ਕਿ ਪਤਾ ਨਹੀਂ ਕਿਥੋਂ ਦੋ ਨੰਬਰ ਦੀ ਕਮਾਈ ਲਿਆ ਕੇ ਜ਼ਮੀਨ ਖਰੀਦੀ ਜਾਂਦਾ ਹੈ। ਤੁਸੀਂ ਇਹ ਗੱਲ ਮੰਨ ਲਵੋਗੇ ਕਿ ਲੋਕਾਂ ਨੇ ਮੈਨੂੰ ਇਹ ਗੱਲ ਕਹਿ ਦਿੱਤੀ ਤੇ ਇਸ ਲਈ ਹੁਣ ਮੈਂ ਜ਼ਮੀਨ ਨਹੀਂ ਖਰੀਦਣੀ, ਇਨ੍ਹਾਂ ਗੱਲਾਂ ਦਾ ਤੁਹਾਡੇ ਤੇ ਕੋਈ ਅਸਰ ਨਹੀਂ, ਸਿਰਫ ਇਕ ਗੱਲ ਦਾ ਹੀ ਤੁਹਾਡੇ ਤੇ ਅਸਰ ਹੋ ਗਿਆ। ਜੇਕਰ ਕੋਈ ਅਸਲ ਕਾਰਜ ਵੱਲ ਤੁਰਿਆ, ਪਰਮੇਸ਼ਰ ਦੀ ਬੰਦਗੀ ਵੱਲ ਪੈਰ ਪੁਟਿਆ ਤੇ ਕਿਸੇ ਨੇ ਮਾੜਾ ਜਿਹਾ ਕੁਝ ਕਹਿ ਦਿੱਤਾ ਔਰ ਤੂੰ ਆਰਾਮ ਨਾਲ ਬੈਠ ਗਿਆ। ਗੁਰਮੁਖੋ ! ਇਹੀ ਸੁਭਾਅ ਤਾਂ ਬਦਲਣ ਵਾਸਤੇ ਤੂੰ ਸਤਿਸੰਗਤ ਵਿੱਚ ਆਉਂਦਾ ਹੈਂ। ਕੋਈ ਕੁਝ ਵੀ ਕਹੇ, ਜੋ ਬੀਜ ਤੂੰ

ਬੀਜੇਂਗਾ, ਉਹ ਵੱਢਣਾ ਤਾਂ ਹੈ ਹੀ, ਜਿਨ੍ਹੇ ਮੰਦਾ ਬੋਲਣਾ ਹੈ, ਮੰਦਾ ਸੋਚਣਾ ਹੈ, ਕਿਸੇ ਦੀ ਬੇਇੱਜ਼ਤੀ ਕਰਨੀ ਹੈ ਤਾਂ ਪਰਮੇਸ਼ਰ ਨੇ ਆਪ ਉਸਦੀ ਬੇਇੱਜ਼ਤੀ ਕਰਨੀ ਹੈ। ਇਸ ਲਈ ਤੁਸੀਂ ਆਪਣਾ ਕੰਮ ਕਿਉਂ ਛੱਡਦੇ ਹੋ ? ਜਦੋਂ ਹੋਰ ਸੰਸਾਰੀ ਕੰਮ ਨਹੀਂ ਛੱਡਦੇ, ਫਿਰ ਇਹ ਕੰਮ ਕਿਉਂ ਛੱਡਦੇ ਹੋ।

ਇਕ ਹੋਰ ਗੱਲ ਨੋਟ ਕਰ ਲੈਣੀ ਕਿ ਤੁਸੀਂ ਹਰ ਕੰਮ ਆਪਣੀ ਮਰਜ਼ੀ ਅਨੁਸਾਰ ਕਰਦੇ ਹੋ। ਅਗਰ ਸੱਤ ਵਜੇ ਜਾਣਾ ਹੈ ਤਾਂ ਆਪਣੀ ਮਰਜ਼ੀ ਨਾਲ ਉਠ ਕੇ ਤਿਆਰ ਹੋ ਜਾਂਦੇ ਹੋ। ਕੱਪੜੇ ਪਹਿਨਣੇ, ਖਾਣਾ ਖਾਣਾ, ਕਬੀਲਦਾਰੀ ਨਜਿੱਠਣੀ, ਕੋਈ ਹੋਰ ਕੰਮ ਕਰਨੇ, ਅਸੀਂ ਆਪਣੇ ਟਾਇਮ ਅਨੁਸਰ ਕੰਮ ਕਰ ਲੈਂਦੇ ਹਾਂ। ਔਰ ਜੇ ਅੰਮ੍ਰਿਤ ਛੱਕਣ ਨੂੰ, ਬਾਣੀ ਪੜ੍ਹਨ ਨੂੰ, ਸਿਮਰਨ ਕਰਨ ਨੂੰ, ਗੁਰੂ ਘਰ ਆਉਣ ਨੂੰ ਕਹੀਏ ਤਾਂ ਕਹਿਣਗੇ ਜਦੋਂ ਪਰਮੇਸ਼ਰ ਕ੍ਰਿਪਾ ਕਰੇਗਾ, ਉਦੋਂ ਕਰਾਂਗੇ। ਭਲਿਆ ਲੋਕਾ, ਸਾਰੀ ਜ਼ਿੰਦਗੀ ਤੂੰ ਆਪਣੀ ਮਰਜ਼ੀ ਨਾਲ ਕੰਮ ਕਰਦਾ ਹੈਂ, ਸਾਰੀ ਦਿਹਾੜੀ ਤੂੰ ਆਪਣੀ ਮਰਜ਼ੀ ਨਾਲ ਆਉਂਦਾ ਜਾਂਦਾ ਹੈਂ, ਲੇਕਿਨ ਸਿਰਫ ਇਕੋ ਕੰਮ ਤੂੰ ਪਰਮੇਸ਼ਰ ਦੀ ਮਰਜ਼ੀ ਨਾਲ ਕਰਨਾ ਚਾਹੁੰਦਾ ਹੈਂ। ਸਾਰੇ ਕੰਮ ਆਪਣੀ ਮਰਜ਼ੀ ਨਾਲ ਕਰਦਾ ਹੈਂ ਤੇ ਪਰਮੇਸ਼ਰ ਦੇ ਕੰਮ ਉਹ ਆਪ ਕਰਵਾਏਗਾ। ਅਗਰ ਇਸੇ ਤਰ੍ਹਾਂ ਬੱਚਾ ਆਪਣੇ ਮਾਤਾ-ਪਿਤਾ ਨੂੰ ਕਹੇ ਕਿ ਪਿਤਾ ਜੀ, ਮੈਂ ਤਾਂ ਜੋ ਵੀ ਕੰਮ ਹੈ, ਉਹ ਆਪਣੀ ਮਰਜ਼ੀ ਦੇ ਨਾਲ ਕਰਨੇ ਹਨ। ਔਰ ਜਿਹੜੀ ਮਾਤਾ-ਪਿਤਾ ਦੀ ਸੇਵਾ ਹੈ, ਮਾਤਾ-ਪਿਤਾ ਦਾ ਸਤਿਕਾਰ ਕਰਨਾ ਹੈ, ਮਾਤਾ-ਪਿਤਾ ਦੀ ਸੰਭਾਲ ਹੈ, ਉਹਨਾਂ ਦਾ ਮਨ ਕਰਕੇ ਸਤਿਕਾਰ ਕਰਨਾ। ਇਸ ਉਪਰ ਅਸੀਂ ਇਹ ਕਹਿ ਦੇਈਏ ਕਿ ਤੁਸੀਂ ਕ੍ਰਿਪਾ ਕਰੋਗੇ ਤਾਂ ਹੀ ਹੋ ਸਕਦਾ ਹੈ। ਤੂੰ ਸਾਰੇ ਕੰਮ ਆਪਣੀ ਮਰਜ਼ੀ ਨਾਲ ਕਰੇਂਗਾ ਤੇ ਜੇ ਘਰ ਬੈਠਿਆਂ ਬਜ਼ੁਰਗਾਂ ਦੀ ਸੇਵਾ ਕਰਨੀ ਹੈ, ਉਸ ਤੇ ਤੁਸੀਂ ਕਹਿ ਦਿੰਦੇ ਹੋ, ਪਰਮੇਸ਼ਰ ਕ੍ਰਿਪਾ ਕਰੇਗਾ ਤਾਂ ਕਰਾਂਗੇ। ਉਦੋਂ ਤੁਸੀਂ ਆਪਣੀ ਜ਼ਿੰਦਗੀ ਦਾ ਨਤੀਜਾ ਆਪ ਹੀ ਕੱਢ ਲੈਣਾ ਕਿ ਤੁਸੀਂ ਠੀਕ ਕਰਦੇ ਪਏ ਹੋ ਕਿ ਗਲਤ ਕਰਦੇ ਪਏ ਹੋ। ਇਹ ਤਾਂ ਸੁਭਾਅ ਸਾਡੇ ਬਾਹਰਲੇ ਹਨ। ਕਿਸੇ ਨੇ ਅਗਰ ਮਨਮੁਖ ਨੂੰ ਮਿਹਣਾ ਮਾਰ ਦਿੱਤਾ ਤਾਂ ਉਹ ਗੱਲ ਉਸ ਨੇ ਪੱਲੇ ਬੰਨ੍ਹ ਲਈ। ਔਰ ਜਿਹੜਾ ਗੁਰਸਿੱਖ ਹੈ ਉਸ ਵਾਸਤੇ ਇਹ ਗੱਲਾਂ ਪੱਥਰ ਤੇ ਪਾਣੀ ਪੈਣ ਦੇ ਬਰਾਬਰ ਹੁੰਦੀਆਂ ਹਨ। ਉਹ ਸੋਚਦਾ ਹੈ ਕਿ ਅਗਰ ਇਸ ਦੇ ਕਹਿਣ ਤੇ ਮੈਂ ਸਿਮਰਨ-ਸੇਵਾ ਛੱਡਦਾਂ ਤੇ ਕੀ ਵਕਤ ਆਉਣ ਤੇ ਇਹ ਮੇਰੀ ਸਹਾਇਤਾ ਕਰੇਗਾ ਔਰ ਇਹ ਜਾ ਕੇ ਧਰਮ ਰਾਜੇ ਨੂੰ ਕਹੇਗਾ ਕਿ ਇਸ ਨੂੰ ਨਰਕਾਂ ਵਿਚ ਨਾ ਭੇਜੀਂ ? ਇਸ ਨੂੰ ਬਾਣੀ ਪੜ੍ਹਨ ਤੇ ਸੇਵਾ ਸਿਮਰਨ ਨਾ ਕਰਨ ਨੂੰ ਮੈਂ ਕਿਹਾ ਸੀ। ਉਥੇ ਤਾਂ ਕਿਸੇ ਨੇ ਵੀ ਵਿਚੋਲਾ ਨਹੀਂ ਬਣਨਾ। ਇਥੇ ਤਾਂ ਤੂੰ ਜਿਹੋ ਜਿਹਾ ਬੀਜ ਬੀਜੇਂਗਾ, ਉਹੋ ਜਿਹਾ ਹੀ ਤੈਨੂੰ ਫਲ ਪ੍ਰਾਪਤ ਹੋਵੇਗਾ। ਹੁਣ ਤਾਂ "ਧੰਨ ਗੁਰੂ ਰਾਮਦਾਸ ਜੀ" ਗੁਰਬਾਣੀ ਦੇ ਅੰਦਰ ਇਹ ਬਚਨ ਕਹਿੰਦੇ ਹਨ :

*"ਹਰਿ ਜਨੁ ਰਾਮ ਨਾਮ ਗੁਨ ਗਾਵੈ॥* *(ਪੰਨਾ ੭੧੯)*

ਇਹ ਮੱਤ ਸਮਝ ਲੈਣਾ ਕਿ ਮੈਂ ਆਪਣੇ ਕੋਲੋਂ ਕਹਿ ਰਿਹਾ ਹਾਂ। ਅਗਰ ਕੋਈ ਕਿਸੇ ਨੂੰ

ਇਹੋ ਜਿਹੇ ਆਨੰਦ ਦੇ ਵਿੱਚ ਕੋਈ ਮਿਹਣਾ ਮਾਰ ਦੇਵੇ ਤਾਂ ਗੁਰੂ ਨੇ ਤੁਹਾਨੂੰ ਪਹਿਲਾਂ ਹੀ ਕਹਿ ਦਿੱਤਾ :

*ਜੇ ਕੋਈ ਨਿੰਦ ਕਰੇ ਹਰਿ ਜਨ ਕੀ*

ਭਾਵ ਕਿ ਅਗਰ ਤੇਰੀ ਕੋਈ ਨਿੰਦਿਆ ਕਰੇ, ਤੇਰੇ ਨਾਲ ਬੋਲ-ਕਬੋਲ ਬੋਲੇ :

*ਅਪੁਨਾ ਗੁਨੁ ਨ ਗਵਾਵੈ॥ (ਪੰਨਾ ੭੧੯)*

ਭਾਵ ਕਿ ਤੂੰ ਆਪਣਾ ਸੁਭਾਅ ਨਹੀਂ ਛੱਡਣਾ। ਆਪਣੀ ਸਿਮਰਨ-ਬੰਦਗੀ ਨਹੀਂ ਛੱਡਣੀ। ਇਥੇ ਭਗਤ ਕਬੀਰ ਜੀ ਦਾ ਬਚਨ ਆਉਂਦਾ ਹੈ :

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥*

*(ਪੰਨਾ ੧੩੭੩)*

ਅਸੰਤ ਤੋਂ ਭਾਵ ਹੈ 'ਮਨਮੁਖ' ਭਾਵ ਕਿ ਅਗਰ ਤੇਰੀ ਕੋਈ ਨਿੰਦਿਆ ਕਰਦਾ ਹੈ, ਤੇਰੇ ਨਾਲ ਬੋਲ-ਕਬੋਲ ਬੋਲਦਾ ਹੈ ਤਾਂ ਤੂੰ ਉਸ ਨੂੰ ਵੀ ਪਿਆਰ ਨਾਲ ਸਮਝਾ ਕਿ ਭਲਿਆ ਪੁਰਸ਼ਾ ! ਤੂੰ ਕਾਹਦੇ ਵਾਸਤੇ ਆਪਣਾ ਮੂੰਹ ਗੰਦਾ ਕਰਦਾ ਪਿਆ ਹੈਂ। ਕਾਹਦੇ ਵਾਸਤੇ ਤੂੰ ਫਿੱਕਾ ਬੋਲ, ਬੋਲ ਰਿਹਾ ਹੈਂ। ਕਾਹਦੇ ਵਾਸਤੇ ਤੂੰ ਗੁਰੂ ਦਾ ਨਿੰਦਕ ਬਣ ਰਿਹਾ ਹੈਂ। ਕਾਹਦੇ ਵਾਸਤੇ ਤੂੰ ਗੁਰੂ ਦਾ ਦੇਣਦਾਰ ਬਣ ਰਿਹਾ ਹੈਂ। ਜੇ ਤੂੰ ਆਪ ਕੁਝ ਨਹੀਂ ਕਰਨਾ, ਫਿਰ ਜਿਹੜੇ ਕਰ ਰਹੇ ਹਨ, ਤੂੰ ਉਹਨਾਂ ਨੂੰ ਕਿਉਂ ਰੋਕ ਰਿਹਾ ਹੈਂ ?

ਸਿੱਖ-ਇਤਿਹਾਸ ਦੇ ਅੰਦਰ ਇਹ ਬਚਨ ਆਉਂਦਾ ਹੈ ਕਿ ਸਿੱਖੀ ਕਿਸ ਵਾਸਤੇ ਤੁਹਾਨੂੰ ਮਿਲੀ ਹੈ ? ਸਾਹਿਬਾਂ ਨੇ ਸਰਬੰਸ ਕਾਹਦੇ ਵਾਸਤੇ ਕੁਰਬਾਨ ਕੀਤਾ ਹੈ ?

ਇਹ ਸਿੱਖੀ ਨੂੰ ਬਚਾਉਣ ਵਾਸਤੇ ਹੀ ਸਾਹਿਬਾਂ ਨੇ ਆਪਣਾ ਸਰਬੰਸ ਕੁਰਬਾਨ ਕੀਤਾ ਸੀ। ਉਹਨਾਂ ਨੇ ਆਪਣੀ ਕੋਈ ਉਮਰ ਨਹੀਂ ਵੇਖੀ, ਸਿਰਫ ਧਰਮ ਕਮਾਇਆ ਸੀ। ਕਿਉਂਕਿ ਇਸ ਤੋਂ ਬਿਨਾਂ ਸੰਸਾਰ ਤੇ ਤੇਰਾ ਜੀਵਨ ਖਤਮ ਹੋ ਜਾਵੇਗਾ। ਇਹ ਸਾਰੇ ਸੁੱਖਾਂ ਦੀ ਪ੍ਰਾਪਤੀ ਤੈਨੂੰ ਗੁਰੂ ਕੋਲੋਂ ਮਿਲੀ ਹੈ। ਇਸ ਲਈ ਜੋ ਗੁਰੂ ਗ੍ਰੰਥ ਸਾਹਿਬ ਮੁਤਾਬਿਕ ਹੈ, ਜੋ ਬਚਨ ਗੁਰੂ ਨਾਨਕ ਸਾਹਿਬ ਮੁਤਾਬਿਕ ਹੈ, ਉਹ ਤਾਂ ਤੁਹਾਨੂੰ ਮੰਨਣਾ ਹੀ ਪੈਣਾ ਹੈ। ਉਸ ਤੇ ਦੁਨੀਆਂ ਦੀ ਕੋਈ ਵੀ ਤਾਕਤ ਕਿੰਤੂ-ਪਰੰਤੂ ਨਹੀਂ ਕਰ ਸਕਦੀ । ਅਗਰ ਦਾਸ ਕੋਈ ਗਲਤ ਬਚਨ ਬੋਲ ਗਿਆ ਹੋਵੇ ਤਾਂ ਖ਼ਿਮਾਂ ਕਰਨਾ। ਸੋ ਰਸਨਾ ਨੂੰ ਕਰੋ ਪਵਿੱਤਰ, ਬਾਣੀ ਪੜ੍ਹਿਆ ਕਰੋ, ਸਿਮਰਨ ਕਰਿਆ ਕਰੋ ਤੇ ਸਿੱਖੀ-ਸਰੂਪ ਵਿੱਚ ਆ ਕੇ ਖੰਡੇ-ਬਾਟੇ ਦਾ ਛੱਕੋ ਅੰਮ੍ਰਿਤ, ਤਾਂ ਹੀ ਤੁਹਾਡੇ ਲੋਕ ਤੇ ਪਰਲੋਕ ਸੁਹੇਲੇ ਹੋ ਸਕਦੇ ਹਨ। ਜ਼ਿੰਦਗੀ ਦੀਆਂ ਸਾਰੀਆਂ ਕੀਮਤੀ ਤੋਂ ਕੀਮਤੀ ਖੁਸ਼ੀਆਂ ਤੁਹਾਨੂੰ ਪ੍ਰਾਪਤ ਹੋ ਸਕਦੀਆਂ ਹਨ।

# ਮੋਹ ਦੇ ਜੰਜਾਲ ਤੋਂ ਕਿਵੇਂ ਛੁਟਕਾਰਾ ਪਾਈਏ ?

*ਹਰਿ ਕੀ ਵਡਿਆਈ ਹਉ ਆਖਿ ਨ ਸਾਕਾ*
*ਹਉ ਮੂਰਖੁ ਮੁਗਧੁ ਨੀਚਾਣੁ॥*
*ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ*
*ਸਰਣਾਗਤਿ ਪਇਆ ਅਜਾਣੁ॥* *(ਪੰਨਾ ੭੩੬)*

ਸੰਸਾਰੀ ਢਾਂਚਾ ਐਸੀ ਢਾਲਣਾ ਵਿਚ ਢਾਲਿਆ ਗਿਆ ਹੈ ਕਿ ਜਿਸ ਵਿਚ ਹਰ ਮਨੁੱਖ ਆਪਣੇ ਆਪ ਨੂੰ ਦੁਨਿਆਵੀ ਕੰਮਾਂ ਵਿੱਚ ਤੇ ਵਪਾਰਿਕ ਕੰਮਾਂ ਵਿਚ ਵੱਧ ਤੋਂ ਵੱਧ ਸਮਾਂ ਦੇ ਰਿਹਾ ਹੈ। ਇਸ ਲਈ ਮਨੁੱਖ ਆਪਣੇ ਆਪ ਨੂੰ ਕਲਯੁਗ ਦੇ ਵਿਚ ਪ੍ਰਗਟ ਕਰ ਰਿਹਾ ਹੈ, ਜਿਸ ਵਿਚੋਂ ਬਾਅਦ 'ਚ ਨਿਕਲਣਾ ਬੜਾ ਹੀ ਮੁਸ਼ਕਿਲ ਹੋ ਜਾਂਦਾ ਹੈ। ਇਸੇ ਲਈ "ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ" ਨੇ ਜੋ ਪਾਵਨ ਅਤੇ ਪਵਿੱਤਰ ਹੁਕਮਨਾਮੇ ਦੇ ਰਾਹੀਂ ਜੋ ਕਲਯੁਗੀ ਜੀਵਾਂ ਨੂੰ ਉਪਦੇਸ਼ ਬਖਸ਼ਿਆ, ਜਿਸ ਦੇ ਵਿਚ "ਭਗਤ ਰਵਿਦਾਸ" ਜੀ ਨੇ ਅਰਦਾਸ ਤੇ ਉਸ ਕਰਤੇ ਪਰਮੇਸ਼ਰ ਦੀਆਂ ਵਡਿਆਈਆਂ ਔਰ ਆਪਣੇ ਆਪ ਨੂੰ ਨੀਚ, ਗਰੀਬ ਕਹਿੰਦਿਆਂ ਹੋਇਆਂ ਜੋ ਅਰਦਾਸਾਂ ਕੀਤੀਆਂ ਹਨ :

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥.....*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥* *(ਪੰਨਾ ੬੯੪)*

"ਭਗਤ ਰਵਿਦਾਸ ਜੀ" ਬੇਨਤੀ ਕਰਦੇ ਹਨ ਕਿ ਹੇ ਮਾਧੋ! ਮਾਇਆ ਦੇ ਪਤੀ ਪਰਮੇਸ਼ਰ ਤੋਂ ਬੜੇ ਜਨਮ-ਜਮਾਤਰਾਂ ਤੋਂ ਵਿਛੋੜਾ ਪਿਆ ਹੋਇਆ ਹੈ। ਇਸ ਲਈ ਆਪ ਕ੍ਰਿਪਾ ਕਰੋ, ਰਹਿਮਤ ਕਰੋ ਕਿ ਇਹ ਜਿਹੜਾ ਜਨਮ ਹੈ ਮੈਂ ਆਪ ਜੀ ਦੇ ਚਰਨਾਂ ਵਿੱਚ ਲਾ ਦੇਵਾਂ। ਕਿਉਂਕਿ ਮਨੁੱਖੀ ਜਾਮੇ ਤੋਂ ਬਿਨਾਂ ਕੋਈ ਵੀ ਜੂਨ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਕਰ ਸਕਦੀ। ਇਸ ਲਈ ਭਗਤ ਰਵਿਦਾਸ ਜੀ ਦਾ ਬਚਨ ਇਹ

ਦਰਸਾਉਂਦਾ ਹੈ :

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥*

ਭਾਵ ਕਿ ਤੂੰ ਉਹ ਜਨਮ ਮੈਨੂੰ ਦੇ ਦਿੱਤਾ ਹੈ ਕਿ ਜਿਸ ਜਨਮ ਦੇ ਵਿਚ ਮੈਂ ਪਰਮੇਸ਼ਰ-ਬੰਦਗੀ, ਸਿਮਰਨ ਤੇ ਭਗਤੀ ਕਰਕੇ ਤੇਰੇ ਨਾਲ ਮਿਲਾਪ ਕਰ ਲਵਾਂ, ਤਾਂਕਿ ਜਿਸ ਮਿਲਾਪ ਦੇ ਨਾਲ ਮੈਂ ਜੰਮਣ ਅਤੇ ਮਰਨ ਦੇ ਦੁੱਖ ਤੋਂ ਛੁਟਕਾਰਾ ਪਾ ਲਵਾਂ। ਔਰ ਜਦੋਂ ਭਗਤ ਰਵਿਦਾਸ ਜੀ ਦੀ ਭਗਤੀ ਪੂਰਨ ਹੋ ਗਈ ਤੇ ਸਿਖਰਾਂ ਤੇ ਪਹੁੰਚ ਗਈ ਨਾ ਔਰ ਪ੍ਰਭੂ-ਪਿਆਰੇ ਪਰਮੇਸ਼ਰ ਦਾ ਮਿਲਾਪ ਹੋ ਗਿਆ ਨਾ ਤੇ ਫਿਰ ਭਗਤ ਰਵਿਦਾਸ ਜੀ ਅਕਾਲ-ਪੁਰਖ ਪਰਮੇਸ਼ਰ ਦੇ ਚਰਨਾਂ ਵਿਚ ਬੜੇ ਪ੍ਰੇਮ-ਭਰੇ ਲਹਿਜੇ ਨਾਲ ਇਕ ਬਚਨ ਕਰਦੇ ਹਨ ਕਿ, "ਹੇ ਪਰਮੇਸ਼ਰ ਜੀ ! ਆਪ ਕ੍ਰਿਪਾ ਕਰਕੇ ਦੱਸਣਾ ਕਰੋ ਕਿ ਤੁਸੀਂ ਸਾਰੇ ਸੰਸਾਰ ਨੂੰ ਮੋਹ ਦੇ ਜੰਜਾਲ ਵਿਚ ਫਸਾ ਕੇ ਰੱਖਿਆ ਹੋਇਆ ਹੈ" ਤੇ ਅੱਗੋਂ ਪਰਮੇਸ਼ਰ ਕਹਿੰਦਾ ਹੈ ਕਿ ਭਗਤ ਰਵਿਦਾਸ ਜੀ ਕੋਈ ਭੁਲੇਖਾ ! ਇਹ ਸਾਰਾ ਸੰਸਾਰ ਮੈਂ ਮੋਹ ਦੇ ਜੰਜਾਲ ਵਿਚ ਫਸਾ ਕੇ ਰੱਖਿਆ ਹੋਇਆ ਹੈ ਔਰ ਹਰ ਮਨੁੱਖ ਦੇ ਉਤੇ 'ਮਾਇਆ ਦਾ ਹੀ ਹੁਕਮ' ਚੱਲਦਾ ਹੈ। ਭਾਵੇਂ ਕੋਈ ਲੱਖ ਵਾਰੀ ਇਹ ਕਹੇ ਕਿ ਮੈਂ ਬੜਾ ਵੱਡਾ ਭਗਤ ਹਾਂ, ਮੈਂ ਬੜਾ ਵੱਡਾ ਨਾਮ-ਰਸੀਆ ਹਾਂ, ਮੈਂ ਬੜਾ ਵੱਡਾ ਪਰ-ਉਪਕਾਰੀ ਹਾਂ ਤੇ ਮੈਂ ਬੜਾ ਵੱਡਾ ਸੂਰਮਾ ਵੀ ਹਾਂ। ਪਰ ਗੁਰਮੁਖ ਪਿਆਰਿਓ 'ਸੂਰਮਾ' ਉਹ ਹੁੰਦਾ ਹੈ ਤੇ ਸੂਰਮਾ ਉਹ ਉਸ ਦਿਨ ਬਣੇਗਾ, ਜਦੋਂ ਪਾਤਿਸ਼ਾਹ ਦੇ ਬਚਨ ਉਸ ਤੇ ਲਾਗੂ ਹੋ ਜਾਣਗੇ ਕਿ :

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥ ੧॥*

*(ਪੰਨਾ ੬੭੯)*

ਕਹਿੰਦੇ ਜਦੋਂ ਹਰੀ ਦਾ ਰੰਗ ਚੜ੍ਹ ਗਿਆ, ਉਦੋਂ ਅਸੀਂ ਮੰਨ ਲਵਾਂਗੇ ਕਿ ਤੂੰ ਸੂਰਮਾ ਹੈਂ। ਔਰ ਜਦੋਂ ਤੂੰ ਮਾਇਆ ਦੇ ਪਿਛੋਂ ਹੱਟ ਗਿਆ ਤਾਂ "ਗੁਰੂ ਤੇਗ ਬਹਾਦਰ ਜੀ" ਇਹ ਗੱਲ ਕਹਿੰਦੇ ਹਨ :

*ਸਾਧੋ ਇਹੁ ਜਗੁ ਭਰਮ ਭੁਲਾਨਾ॥*
*ਰਾਮ ਨਾਮ ਕਾ ਸਿਮਰਨੁ ਛੋਡਿਆ*
*ਮਾਇਆ ਹਾਥਿ ਬਿਕਾਨਾ॥ (ਪੰਨਾ ੬੮੪)*

ਭਾਵ ਕਿ ਇਸ ਮਨੁੱਖ ਨੇ ਪਰਮੇਸ਼ਰ ਦੇ ਨਾਮ ਦਾ ਸਿਮਰਨ ਛੱਡ ਦਿੱਤਾ ਤੇ ਮਾਇਆ ਦੇ ਹੱਥੋਂ ਵਿਕ ਗਿਆ। ਔਰ ਇਸ ਮਾਇਆ ਦੇ ਹੱਥੋਂ ਵਿਕਿਆ ਹੋਇਆ ਹੀ ਉਹ ਚੌਰਾਸੀ ਦੇ ਚੱਕਰ ਵਿਚ ਗਲੇਠੜੀਆਂ ਖਾ ਰਿਹਾ ਹੈ। ਮਾਇਆ ਦੇ ਹੱਥੋਂ ਵਿਕਿਆ ਹੋਇਆ ਹੀ ਮਨੁੱਖ ਮੋਹ ਜਾਲ ਦੇ ਜੰਜਾਲ ਵਿਚ ਪੂਰੀ ਤਰ੍ਹਾਂ ਜਕੜਿਆ ਹੋਇਆ ਹੈ। ਔਰ ਜੇ ਇਸ ਨੂੰ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਤੂੰ ਬਾਹਰ ਨਿਕਲ ਮੋਹ-ਮਾਇਆ ਦੇ ਜੰਜਾਲ ਵਿਚੋਂ ਤਾਂ ਇਹ ਉਸ ਵਿੱਚ

ਹੋਰ ਫਸਦਾ ਜਾਂਦਾ ਹੈ। ਜਿਸ ਤਰ੍ਹਾਂ ਕੋਈ ਪਾਣੀ ਹੈ, ਸਾਗਰ ਹੈ, ਸਮੁੰਦਰ ਹੈ, ਇਸੇ ਤਰ੍ਹਾਂ ਇਹ ਮਾਇਆ ਦਾ ਸਾਰਾ ਸੰਸਾਰ ਹੀ ਸਮੁੰਦਰ ਹੈ।

*ਪੁਤ੍ਰ ਕਲਤ੍ਰ ਲਛਮੀ ਮਾਇਆ॥* *(ਪੰਨਾ ੬੯੨)*

ਭਾਵ ਕਿ ਜ਼ਿੰਦਗੀ ਵਿੱਚ ਸਭ ਕੁਝ ਹੀ 'ਮਾਇਆ' ਹੈ। ਔਰ ਅਗਰ ਪਰਮੇਸ਼ਰ ਦੀ ਪ੍ਰਾਪਤੀ ਕਰਨੀ ਹੈ, ਤਾਂ ਇਨ੍ਹਾਂ ਤੋਂ ਉੱਪਰ ਉਠ। ਹੁਣ ਮਨੁੱਖ ਦੀ ਇਹੋ ਜਿਹੀ ਹਾਲਤ ਬਣ ਚੁੱਕੀ ਹੈ ਕਿ ਉਹ ਮਾਇਆ ਦੇ ਸਾਗਰ, ਮਾਇਆ ਦੇ ਸਮੁੰਦਰ ਵਿਚ ਪੂਰੀ ਤਰ੍ਹਾਂ ਡੁੱਬ ਚੁੱਕਾ ਹੈ। ਇਹ ਮਨੁੱਖ ਹੁਣ ਸਮੁੰਦਰ ਸਾਗਰ ਵਿਚੋਂ ਬਾਹਰ ਨਿਕਲੇ ਤੇ ਤਾਂ ਹੀ ਉਹ ਜਾਣ ਸਕਦਾ ਹੈ ਨਾ ਮਾਇਆ ਦੇ ਚੱਕਰਵਿਊ ਨੂੰ! ਲੇਕਿਨ ਇਹ ਮਨੁੱਖ ਤਾਂ ਮਾਇਆ ਨੂੰ ਹੀ ਸਭ ਕੁਝ ਮੰਨਦਾ ਹੈ। ਇਸ ਨੇ ਸੰਸਾਰ ਨੂੰ ਸੱਚ ਕਰਕੇ ਜਾਣ ਲਿਆ, ਧੀਆਂ-ਪੁੱਤਰ ਤੇ ਆਪਣੇ ਪਰਿਵਾਰ ਨੂੰ ਸੱਚ ਕਰਕੇ ਜਾਣ ਲਿਆ। ਇਸ ਦਾ ਮਤਲਬ ਇਹ ਮਾਇਆ ਦੇ ਸਮੁੰਦਰ ਵਿਚ ਪੂਰੀ ਤਰ੍ਹਾਂ ਡੁੱਬਿਆ ਹੋਇਆ ਹੈ। ਜਦੋਂ ਇਸ ਦੇ ਕੰਨਾਂ ਵਿੱਚ ਇਹ ਆਵਾਜ਼ ਪਏਗੀ ਕਿ ਮੈਂ ਮਾਇਆ ਦੇ ਹੱਥੋਂ ਵਿੱਕ ਗਿਆ ਹੋਇਆ ਹਾਂ, ਮੈਂ ਮਾਇਆ ਦੇ ਜੰਜਾਲ ਵਿਚ ਪੂਰੀ ਤਰ੍ਹਾਂ ਫਸਿਆ ਹੋਇਆ ਹਾਂ ਤੇ ਅਗਰ ਇਨ੍ਹਾਂ ਸਭ ਤੋਂ ਇਹ ਛੁਟਕਾਰਾ ਪਾਉਣਾ ਚਾਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਇਸ ਨੂੰ ਸਤਿਸੰਗਤ ਦੇ ਵਿਚ ਆਉਣਾ ਪਏਗਾ।

ਦਾਸ ਅਰਜ਼ ਕਰ ਰਿਹਾ ਸੀ ਕਿ ਭਗਤ ਰਵਿਦਾਸ ਜੀ ਪਰਮੇਸ਼ਰ ਕੋਲੋਂ ਇਹ ਪੁੱਛਦੇ ਹਨ ਕਿ ਤੁਸੀਂ ਸਾਰੇ ਸੰਸਾਰ ਨੂੰ "ਮੋਹ ਦੇ ਜੰਜਾਲ" ਵਿੱਚ ਫਸਾਇਆ ਹੋਇਆ ਹੈ, ਤਾਂ ਪਰਮੇਸ਼ਰ ਜੀ ਕਹਿੰਦੇ ਤੁਹਾਨੂੰ ਕੋਈ ਭੁਲੇਖਾ! ਇਹ ਸੁਣ ਕੇ ਭਗਤ ਰਵਿਦਾਸ ਜੀ ਕਹਿੰਦੇ, ਹਾਂ ਮੈਨੂੰ ਤਾਂ ਭੁਲੇਖਾ ਹੈ:

*ਹਮ ਪ੍ਰੇਮ ਬਧਨਿ ਤੁਮ ਬਾਧੇ॥* *(ਪੰਨਾ ੬੫੮)*

ਭਾਵ ਕਿ ਪਰਮੇਸ਼ਰ, ਤੂੰ ਸਾਰੇ ਸੰਸਾਰ ਨੂੰ ਬੰਨ੍ਹਿਆ ਹੋਇਆ ਹੈ ਤੇ ਅਸੀਂ ਤੈਨੂੰ ਬੰਨ੍ਹ ਲਿਆ। ਇਕੋ ਕਰਤਾ-ਪੁਰਖ ਪਰਮੇਸ਼ਰ ਹਰੀ, ਜਿਹੜਾ ਕਰੋੜਾਂ ਆਕਾਸ਼ਾਂ, ਧਰਤੀ, ਪਾਤਾਲਾਂ ਨੂੰ ਆਪਣੇ ਹੁਕਮ ਦੇ ਵਿੱਚ ਚਲਾਉਂਦਾ ਹੈ। ਫਿਰ ਪਰਮੇਸ਼ਰ ਜੀ ਕਹਿੰਦੇ ਤੂੰ ਅਸਲ ਵਿੱਚ ਕਹਿਣਾ ਕੀ ਚਾਹੁੰਦਾ ਹੈਂ? ਕਹਿੰਦੇ:

*ਅਪਨੇ ਛੂਟਨ ਕੋ ਜਤਨੁ ਕਰਹੁ*
*ਹਮ ਛੂਟੇ ਤੁਮ ਆਰਾਧੇ॥* *(ਪੰਨਾ ੬੫੮)*

ਰਵਿਦਾਸ ਜੀ ਕਹਿੰਦੇ ਤੁਸੀਂ ਤਾਂ ਸਾਨੂੰ ਦੱਸ ਦਿਓ ਕਿ ਮੈਂ ਭਾਵਨਾ ਦਾ ਭੁੱਖਾ ਹਾਂ। ਔਰ ਅਗਰ ਅਸੀਂ ਮੋਹ-ਮਾਇਆ ਦੇ ਜੰਜਾਲ ਤੋਂ ਛੁਟਕਾਰਾ ਪਾਉਣਾ ਹੈ ਤਾਂ ਸ਼ਰਧਾ ਭਾਵਨਾ ਦੇ ਨਾਲ ਮੇਰੀ ਬੰਦਗੀ ਕਰੋ, ਮੇਰਾ ਨਾਮ ਜਪੋ। ਇਹ ਸਭ ਕਰਨ ਨਾਲ ਤੈਨੂੰ ਮੇਰੀ ਪ੍ਰਾਪਤੀ ਹੋ ਜਾਏਗੀ। ਰਵਿਦਾਸ ਜੀ ਕਹਿੰਦੇ ਤੁਸੀਂ ਆਪੇ ਹੀ ਜੁਗਤੀ ਦੱਸ ਕੇ ਫਸ ਗਏ ਹੋ, ਹੁਣ ਅਸੀਂ

ਤੁਹਾਨੂੰ ਬੰਨ੍ਹ ਲਿਆ ਹੈ। ਇਸ ਲਈ ਹੁਣ ਤੁਸੀਂ ਦੱਸੋ ਕਿ ਤੁਸੀ ਸਾਡੇ ਕੋਲੋਂ ਕਿਸ ਤਰ੍ਹਾਂ ਛੁਟਕਾਰਾ ਪਾਉਣਾ ਹੈ।

ਇਕ ਸਾਧਾਰਣ ਮਨੁੱਖ, ਇਕ ਪੰਜਾਂ ਤੱਤਾਂ ਦਾ ਸਰੀਰ, ਇਕ ਇੰਨੀ ਵੱਡੀ ਸ਼ਕਤੀ ਨੂੰ ਇਹ ਗੱਲ ਕਹਿ ਰਿਹਾ ਹੋਵੇ ਕਿ ਆਪਣੇ ਛੁੱਟਣ ਦਾ ਤੂੰ ਯਤਨ ਕਰ ਲੈ। ਪਰ "ਭਗਤ ਰਵਿਦਾਸ" ਜੀ ਕਹਿੰਦੇ ਪਰਮੇਸ਼ਰ, ਗੁੱਸਾ ਨਾ ਕਰ ਲੈਣਾ। ਕਿਉਂਕਿ ਇਹ ਬਚਨ ਮੈਂ ਪ੍ਰੇਮ ਦੇ ਵਿਚ ਆਪ ਜੀ ਨੂੰ ਕਹਿ ਰਿਹਾ ਹਾਂ, ਭਾਵਨਾ ਦੇ ਵਿਚ ਆ ਕੇ ਮੈਂ ਆਪ ਜੀ ਨੂੰ ਕਹਿ ਰਿਹਾ ਹਾਂ। ਤੁਸੀਂ ਇਹ ਮੱਤ ਸਮਝ ਲੈਣਾ ਕਿ ਮੈਨੂੰ ਭਗਤੀ, ਬੰਦਗੀ ਜਾਂ ਤੇਰੇ ਮਿਲਾਪ ਦਾ ਹੰਕਾਰ ਹੋ ਗਿਆ ਹੈ।

ਹੁਣ ਭਗਤ ਰਵਿਦਾਸ ਜੀ ਨੇ ਪਰਮੇਸ਼ਰ ਨੂੰ ਇਹ ਬਚਨ ਕਹੇ ਹਨ ਕਿ ਸਾਡਾ ਰਿਸ਼ਤਾ ਇੰਝ ਹੋਵੇਗਾ, ਜਿਸ ਤਰ੍ਹਾਂ ਮੱਛੀ ਦਾ ਤੇ ਪਾਣੀ ਦਾ ਹੈ। ਇਕ ਸ਼ਿਕਾਰੀ ਮੱਛੀ ਨੂੰ ਪਕੜ ਕੇ ਲਿਆਉਂਦਾ ਹੈ ਤੇ ਉਸ ਦੇ ਟੋਟੇ ਕਰਕੇ ਉਸ ਨੂੰ ਰਿੰਨ੍ਹਦਾ ਹੈ। ਔਰ ਜਿਹੜੇ ਖਾਣ ਵਾਲੇ ਨੇ ਉਹ ਖਾਂਦੇ ਵੀ ਨੇ। ਖਾਣ ਵਾਲਿਆਂ ਦੇ ਪੇਟ ਵਿੱਚ ਜਾ ਕੇ ਵੀ ਜਿਹੜੀ ਮੱਛੀ ਪਾਣੀ-ਪਾਣੀ ਕਰਦੀ ਹੈ, ਉਸ ਤਰ੍ਹਾਂ ਦਾ ਤੇਰਾ ਤੇ ਮੇਰਾ ਸਬੰਧ ਰਹੇਗਾ। ਜਿਹੜਾ ਕਿ ਨਾ ਟੁੱਟਣ ਵਾਲਾ ਸਬੰਧ ਰਹੇਗਾ। ਔਰ ਪਰਮੇਸ਼ਰ ਮੈਂ ਇਹ ਗੱਲ ਦੇਖੀ ਹੈ :

*ਆਪਨ ਬਾਪੈ ਨਾਹੀ ਕਿਸੀ ਕੋ*

ਕਹਿੰਦੇ ਕਿ ਪਰਮੇਸ਼ਰ ਕਿਸੇ ਦੇ ਵੀ ਬਾਪ ਦਾ ਨਹੀਂ, ਕਹਿੰਦੇ ਕਿ ਫਿਰ ਕਿਸ ਦਾ ਹੈ ?

*ਭਾਵਨ ਕੋ ਹਰਿ ਰਾਜਾ॥*

ਕਹਿੰਦੇ ਕਿ ਉਹ ਭਾਵਨਾ ਦਾ ਬਾਪ ਹੈ।

*ਮੋਹ ਪਟਲ ਸਭੁ ਜਗਤੁ ਬਿਆਪਿਓ*

ਕਹਿੰਦੇ ਉਸ ਦੇ ਜੰਜਾਲ ਨੇ ਸਾਰੇ ਸੰਸਾਰ ਨੂੰ ਬੰਨ੍ਹਿਆ ਹੋਇਆ ਹੈ।

*ਭਗਤ ਨਹੀ ਸੰਤਾਪਾ॥*

ਭਾਵ ਕਿ ਜਿਨ੍ਹੇ ਭਗਤੀ ਕਰ ਲਈ, ਉਹ ਤਾਂ ਮੋਹ-ਮਾਇਆ ਦੇ ਜਾਲ ਵਿਚੋਂ ਬਚ ਜਾਏਗਾ।

*ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ॥*

*(ਪੰਨਾ ੬੫੮)*

ਭਗਤ ਰਵਿਦਾਸ ਜੀ ਆਪਣੀਆਂ ਅੰਤ ਦੀਆਂ ਤੁਕਾਂ ਵਿਚ ਇਹੋ ਕਹਿੰਦੇ ਨੇ ਪਰਮੇਸ਼ਰ ਨੂੰ ਕਿ ਤੂੰ ਇਕ ਗੱਲ ਮੇਰੀ ਸੁਣ ਲੈ। ਮੈਂ ਜੰਮਣ ਅਤੇ ਮਰਨ ਦੇ ਦੁੱਖ ਤੋਂ ਛੁਟਕਾਰਾ ਪਾਉਣ ਵਾਸਤੇ ਤੇਰੀ ਅਰਾਧਨਾ ਕੀਤੀ। ਇਸ ਸੰਸਾਰ ਤੇ ਬਾਰ-ਬਾਰ ਆਉਣਾ, ਟੇਢੀਆਂ-ਮੇਢੀਆਂ

ਜੂਨਾਂ ਲੈਣੀਆਂ ਤੇ ਜਦੋਂ ਮੈਨੂੰ ਇਨ੍ਹਾਂ ਸਭ ਦਾ ਗਿਆਨ ਹੋਇਆ ਤੇ ਮੈਂ ਮਨ ਕਰਕੇ ਤੇਰੀ ਅਰਾਧਨਾ ਕਰਨ ਲੱਗ ਪਿਆ। ਪਰ ਜਿਸ ਦੁੱਖ ਨੂੰ ਖਤਮ ਕਰਨ ਵਾਸਤੇ ਮੈਂ ਤੇਰੀ ਅਰਾਧਨਾ ਕੀਤੀ ਸੀ, ਉਹ ਦੁੱਖ ਅਜੇ ਵੀ ਬਰਕਰਾਰ ਹੈ। ਇਹ ਸੁਣ ਕੇ ਪਰਮੇਸ਼ਰ ਜੀ ਕਹਿਣ ਲੱਗੇ ਕਿ ਤੇਰੇ ਸਾਹਮਣੇ ਮੈਂ ਸਰਗੁਣ ਸਰੂਪ ਵਿਚ ਬੈਠਾ ਹਾਂ ਔਰ ਤੂੰ ਕਹਿੰਦਾ ਹੈਂ ਕਿ ਮੈਂ ਦੁੱਖ ਨੂੰ ਖਤਮ ਕਰਨ ਵਾਸਤੇ ਤੇਰੀ ਅਰਾਧਨਾ ਕੀਤੀ। ਲੇਕਿਨ ਦੁੱਖ ਅਜੇ ਵੀ ਖਤਮ ਨਹੀਂ ਹੋਇਆ।

*ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ॥*

*(ਪੰਨਾ ੬੫੮)*

ਭਗਤ ਰਵਿਦਾਸ ਜੀ ਕਹਿੰਦੇ ਪਹਿਲਾਂ ਤਾਂ ਤੇਰੇ ਮਿਲਣ ਦਾ ਦੁੱਖ ਸੀ। ਮੈਂ ਪਤੰਗੇ ਵਾਂਗੂੰ ਤੜਪ ਰਿਹਾ ਸੀ, ਮੱਛੀ ਵਾਂਗੂੰ ਤੜਪ ਰਿਹਾ ਸੀ ਕਿ ਕਦੋਂ ਤੇਰੇ ਦਰਸ਼ਨ ਹੋਣਗੇ? ਔਰ ਹੁਣ ਇਹ ਦੁੱਖ ਲੱਗਾ ਹੋਇਆ ਹੈ ਕਿ ਕਿਤੇ ਇਨ੍ਹਾਂ ਅੱਖੀਆਂ ਤੋਂ ਤੂੰ ਓਹਲੇ ਨਾ ਹੋ ਜਾਵੇਂ। ਮੇਰਾ ਕਿਤੇ ਤੇਰੇ ਤੋਂ ਵਿਛੋੜਾ ਨਾ ਪੈ ਜਾਵੇ, ਇਸੇ ਕਰਕੇ ਭੱਟਾਂ ਨੇ ਸਵੱਈਏ ਦੇ ਅੰਦਰ ਜੋ ਬਚਨ ਕਹੇ ਹਨ ਕਿ:

*ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥* *(ਪੰਨਾ ੧੩੯੬)*

ਮਨਾਂ ਬਿਰਤੀਆਂ ਨੂੰ ਕਰੋ ਇਕਾਗਰ ਤੇ ਸੁਰਤੀ ਜੋੜੋ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ।

*ਭਲੇ ਅਮਰਦਾਸ ਗੁਣ ਤੇਰੇ*
*ਭਲੇ ਅਮਰਦਾਸ ਗੁਣ ਤੇਰੇ......*
*ਤੇਰੀ ਉਪਮਾ ਤੋਹਿ ਬਨਿ ਆਵੈ॥*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ....*

*ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥*
*ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥*

*(ਪੰਨਾ ੨੬੬)*

*ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥*
*ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ॥*

*(ਪੰਨਾ ੪੫੭)*

ਗੁਰਦੇਵ ਜੀ ਦੇ ਬਚਨ ਹਨ ਕਿ ਹਰੀ ਦਾ ਸਿਮਰਨ ਕਰਦਿਆਂ ਤੈਨੂੰ ਜਮਕਾਲ ਕੁਝ ਨਹੀਂ ਕਹਿ ਸਕਦਾ। ਔਰ 'ਹਰੀ ਦਾ ਸਿਮਰਨਾ' ਕਰਦਿਆਂ ਤੇਰਾ ਤਨ ਅਤੇ ਮਨ ਸੁੱਖੀ ਹੋ ਜਾਏਗਾ। ਔਰ ਉਸ ਗੋਪਾਲ ਅਕਾਲ-ਪੁਰਖ ਪਰਮੇਸ਼ਰ ਦੀ ਤੈਨੂੰ ਪ੍ਰਾਪਤੀ ਹੋ ਜਾਏਗੀ। ਪਰ

ਅਜੇ ਇਸ ਮਨੁੱਖ ਨੂੰ ਨਾਮ ਦੀ ਮਹਿਮਾ ਦਾ ਪਤਾ ਨਹੀਂ ਲੱਗਾ। ਨਾਮ ਜਪ ਕੇ ਜਿਹੜਾ ਲੋਕ-ਪਰਲੋਕ ਦਾ ਸੁੱਖ ਮਿਲਦਾ ਹੈ, ਉਸ ਦੀ ਮਹਿਮਾ ਦਾ ਅਜੇ ਪਤਾ ਨਹੀਂ ਲੱਗਾ। ਔਰ ਨਾਮ-ਸਿਮਰਨ ਦੇ ਨਾਲ ਜਿਹੜੀ ਸ਼ਾਂਤੀ ਪ੍ਰਾਪਤ ਹੁੰਦੀ ਹੈ, ਉਸ ਦਾ ਇਸ ਨੂੰ ਅਜੇ ਗਿਆਨ ਹੀ ਨਹੀਂ ਹੋਇਆ। ਇਸੇ ਕਰਕੇ ਨਾਮ-ਸਿਮਰਨ ਵਾਸਤੇ ਇਹ ਆਪਣੀ ਰੁਝੇਵਿਆਂ-ਭਰੀ ਜ਼ਿੰਦਗੀ ਤੋਂ ਸਮਾਂ ਨਹੀਂ ਕੱਢਦਾ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਬਚਨ ਹੈ, ਉਹ ਕਬਿੱਤ ਦੇ ਅੰਦਰ 'ਨਾਮ ਦੀ ਮਹਿਮਾ' ਦਰਸਾਉਂਦੇ ਹਨ :

*ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,*
*ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ॥*

*(ਭਾ: ਗੁਰਦਾਸ ਜੀ, ਕਬਿੱਤ ੩੭੩)*

ਕਹਿੰਦੇ ਐ ਮਨੁੱਖ ! ਜਿਹੜਾ ਪਰਮੇਸ਼ਰ-ਵਾਹਿਗੁਰੂ ਦਾ ਨਾਮ ਹੈ ਨਾ, ਉਹ ਪਤਾ ਕਿਸ ਤਰ੍ਹਾਂ ਦਾ ਲੱਗਦਾ ਹੈ ? ਜਿਸ ਤਰ੍ਹਾਂ ਹੀਰਾ ਦੇਖਣ ਨੂੰ ਛੋਟਾ ਜਿਹਾ ਲੱਗਦਾ ਹੈ ਔਰ ਜਿਵੇਂ ਗੁਰਮੰਤਰ ਕੇਵਲ ਤੇ ਕੇਵਲ ਚਾਰ ਅੱਖਰਾਂ ਦਾ ਹੈ। ਕਹਿੰਦੇ ਜਦੋਂ ਹੀਰਾ ਹੱਥ ਵਿਚ ਫੜਿਆ ਹੋਵੇ ਨਾ ਤੇ ਬਿਲਕੁਲ ਇਕ ਰਾਈ ਦੇ ਦਾਣੇ ਤੋਂ ਵੀ ਛੋਟਾ ਹੁੰਦਾ ਹੈ।

*੧. ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,*
*੨. ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ॥*

ਭਾਵ ਕਿ ਜਦੋਂ ਇਸ ਨੂੰ ਬਜ਼ਾਰ ਵਿੱਚ ਵੇਚਿਆ ਜਾਵੇ ਨਾ ਤੇ ਗੁਰਮੁਖ ਪਿਆਰਿਓ ਉਦੋਂ ਭੰਡਾਰ ਭਰ ਜਾਂਦਾ ਹੈ। ਕਿਉਂਕਿ ਇਹ ਕਰੋੜਾਂ-ਕਰੋੜਾਂ ਅਰਬਾਂ ਦੇ ਹੀਰੇ ਹਨ। ਗੱਲ ਤਾਂ ਭਾਈ ਸਾਹਿਬ ਗੁਰਦਾਸ ਜੀ ਨੇ ਨਾਮ ਦੀ ਦੱਸਣੀ ਹੈ :

*ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,*

ਭਾਵ ਕਿ ਛੋਟਾ ਜਿਹਾ ਦਿਖਾਈ ਦਿੰਦਾ ਹੈ ਵਾਹਿਗੁਰੂ। ਲੇਕਿਨ ਵਾਹਿਗੁਰੂ ਕੀ ਹੈ ? ਅਰਥਾਤ ਜਦੋਂ ਹੀਰਾ ਵੇਚਿਆ ਜਾਂਦਾ ਹੈ ਤਾਂ ਕਰੋੜਾਂ ਪੈਸੇ ਮਿਲਦੇ ਹਨ। ਫਿਰ ਅਸੀਂ ਹੁੰਡੀ ਰਾਹੀਂ ਦੇਸ਼-ਪਰਦੇਸ਼ ਵਿੱਚ ਪੈਸੇ ਭੇਜਦੇ ਹਾਂ। ਔਰ ਜਿਹੜਾ ਪੈਸੇ ਅੱਗੇ ਭੇਜਣ ਵਾਲਾ ਹੁੰਦਾ ਹੈ, ਉਹ ਦੋ ਅੱਖਰ ਲਿਖ ਦਿੰਦਾ ਹੈ। ਫਿਰ ਜਦੋਂ ਸੁਨੇਹਾ ਅੱਗੇ ਪਹੁੰਚਦਾ ਹੈ ਤਾਂ :

*ਆਗੈ ਜਾਇ ਪਾਈਅਤਿ ਲਛਮੀ ਅਪਾਰ ਜੀ॥*

ਕਹਿੰਦੇ ਜਿਥੇ ਇਹ ਸੰਦੇਸ਼ਾ ਭੇਜੀਦਾ ਹੈ ਨਾ, ਉਥੋਂ ਬੜੀ ਲੱਛਮੀ ਮਿਲ ਜਾਂਦੀ ਹੈ।

ਕਹਿੰਦੇ ਜਿਸ ਤਰ੍ਹਾਂ ਦਰੱਖਤ ਦਾ ਬੀਜ ਬੜਾ ਛੋਟਾ ਜਿਹਾ ਹੁੰਦਾ ਹੈ ਔਰ ਜਦੋਂ ਉਹ ਧਰਤੀ ਵਿਚ ਇਕ-ਮਿਕ ਹੋ ਜਾਵੇ ਤਾਂ ਕਿੰਨੇ ਵੱਡੇ ਦਰੱਖਤ ਦੀ ਪੈਦਾਇਸ਼ ਕਰ ਦਿੰਦਾ ਹੈ। ਕਹਿੰਦੇ :

*ਤੈਸੇ ਗੁਰ ਬਚਨ ਸਚਨ ਗੁਰ ਸਿਖਨ ਮੈ,*

ਇਸੇ ਤਰ੍ਹਾਂ ਗੁਰੂ ਦੇ ਜਿਹੜੇ ਬਚਨ ਨੇ, ਉਹ ਸੱਚੇ ਗੁਰੂ ਦੇ ਸਿੱਖਾਂ ਦੇ ਹਿਰਦਿਆਂ ਵਿੱਚ ਘਰ ਕਰ ਜਾਂਦੇ ਹਨ। ਔਰ ਜਿਹੜੀ ਜੀਵ ਨੇ ਕਮਾਈ ਕੀਤੀ ਹੁੰਦੀ ਹੈ, ਉਹ ਉਸ ਨੂੰ ਸੱਚਖੰਡ ਦੇ ਰਸਤੇ ਵੱਲ ਲੈ ਜਾਂਦੀ ਹੈ।

ਦਾਸ ਪਹਿਲਾਂ ਵੀ ਅਰਜ਼ ਕਰ ਰਿਹਾ ਸੀ ਕਿ ਮੱਛੀ ਨੂੰ ਜਿੰਨੇ ਡੂੰਘੇ ਪਾਣੀ ਵਿੱਚ, ਜਿੰਨੇ ਡੂੰਘੇ ਸਾਗਰ ਵਿੱਚ ਛੱਡਿਆ ਜਾਵੇ ਨਾ, ਉਹ ਉੱਨੀ ਹੀ ਖੁਸ਼ ਰਹਿੰਦੀ ਹੈ। ਔਰ ਅਗਰ ਪਤੰਗੇ ਦੇ ਕੋਲ ਦੀਵਾ ਰੱਖ ਦੇਵੋ ਤਾਂ ਉਹ ਵੀ ਕਿੰਨਾ ਖੁਸ਼ ਹੋਵੇਗਾ। ਸੋ ਗੁਰਸਿੱਖੋ ! ਇਕ ਮਨੁੱਖ ਨੂੰ ਸਮਝਾਉਣ ਵਾਸਤੇ ਭਾਈ ਸਾਹਿਬ ਗੁਰਦਾਸ ਜੀ ਨੂੰ ਜਾਨਵਰਾਂ ਦੀਆਂ ਉਦਾਹਰਣਾਂ ਦੇਣੀਆਂ ਪਈਆਂ।

*੧. ਉਡਤ ਅਕਾਸ਼ ਆਸ ਘਟੈ ਨ ਬਿਹੰਗ ਕੀ॥* *(ਕਬਿਤ ੪੨੪)*

ਕਹਿੰਦੇ ਜਿਹੜਾ ਪੰਛੀ ਹੈ, ਉਹ ਅਕਾਸ਼ ਵਿੱਚ ਜਿੰਨੀ ਲੰਬੀ ਉਡਾਰੀ ਮਾਰਦਾ ਹੈ, ਉਹ ਓਨਾ ਹੀ ਖੁਸ਼ ਰਹਿੰਦਾ ਹੈ।

*੨. ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,*

ਭਾਵ ਕਿ ਜਦੋਂ ਬੱਦਲ ਗਰਜਦੇ ਹਨ, ਉਦੋਂ ਮੋਰ, ਬਬੀਹੇ ਬੋਲਦੇ ਹਨ। ਔਰ ਉਹਨਾਂ ਦਾ ਹਿਰਦਾ ਬੜਾ ਖੁਸ਼ ਹੁੰਦਾ ਹੈ। ਹਰ ਜੀਵ ਨੇ ਆਪਣੀ ਖੁਸ਼ੀ ਨਹੀਂ ਛੱਡੀ ਲੇਕਿਨ ਇਕ ਮਨੁੱਖ ਹੈ ਜਿਹੜਾ ਕਿ ਗੁਰੂ ਦੀ ਬਾਣੀ ਕੰਨਾਂ ਵਿੱਚ ਪੈਂਦੀ ਹੋਈ ਵੀ ਉਸ ਪਾਸੇ ਨਹੀਂ ਜਾਂਦਾ, ਬਲਕਿ ਉਸ ਪਾਸਿਓਂ ਦੀ ਆਪਣਾ ਮੂੰਹ ਮੋੜ ਕੇ ਚਲਾ ਜਾਂਦਾ ਹੈ।

ਕਹਿੰਦੇ ਜੇ ਕੁਝ ਲੈਣਾ ਹੈ ਨਾ, ਜੇ ਪਰਮੇਸ਼ਰ-ਵਾਹਿਗੁਰੂ ਦੀ ਪ੍ਰਾਪਤੀ ਕਰਨੀ ਹੈ ਨਾ ਔਰ ਜੇ ਆਪਣੇ ਮਨੁੱਖੇ-ਜਾਮੇ ਨੂੰ ਸਫਲ ਬਣਾਉਣਾ ਹੈ ਨਾ ਫਿਰ,

*ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,*

ਕਹਿੰਦੇ ਇਨ੍ਹਾਂ ਜਾਨਵਰਾਂ ਤੋਂ ਵੀ ਸੱਚੀ-ਸੁੱਚੀ ਆਸ਼ਕੀ ਪਰਮੇਸ਼ਰ-ਵਾਹਿਗੁਰੂ ਦੇ ਭਗਤ ਸੰਤ ਪਿਆਰੇ ਦੀ ਹੈ। ਉਹਨਾਂ ਜਾਨਵਰਾਂ ਤੋਂ ਵੱਧ। ਤੁਸੀਂ ਕਹੋਗੇ ਕਿ ਵੱਧ ਕਿਸ ਤਰ੍ਹਾਂ ਹੈ ? ਇਨ੍ਹਾਂ ਜਾਨਵਰਾਂ ਦੀ ਪ੍ਰੀਤੀ ਇਕ ਤਰਫ ਦੀ ਹੈ ! ਔਰ ਜਿਹੜੀ ਵਾਹਿਗੁਰੂ ਦੇ ਭਗਤ ਸੰਤ ਪਿਆਰੇ ਦੀ ਪ੍ਰੀਤੀ ਹੈ, ਉਹ ਦੋ-ਤਰਫੀ ਹੈ।

*ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ*
*ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥*

*(ਭਾ: ਗੁਰਦਾਸ ਜੀ, ਕਬਿੱਤ ੧੧੧)*

ਇਕ "ਗੁਰੂ" ਹੀ ਹੈ, ਜਿਹੜਾ ਅੱਗੇ ਜਾ ਕੇ ਗੁਰੂ ਦੇ ਸਿੱਖ ਨੂੰ ਲੈ ਕੇ ਆਉਂਦਾ ਹੈ। ਇਹ ਸਮਾਂ ਗੁਰਮੁਖ ਪਿਆਰਿਓ ਜਦੋਂ ਵਿਸਾਖ ਸੁਦੀ 11, ਸੰਮਤ 1536, ਸ਼ੁਕਰਵਾਰ ਪਹਿਰ-ਰਾਤ ਰਹਿੰਦਿਆਂ ਨਗਰ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ, ਪਿਤਾ "ਤੇਜ ਭਾਨ" ਤੇ ਮਾਤਾ "ਲਖਮੀ"

ਦੀ ਕੁੱਖ ਵਿੱਚੋਂ ਸੂਰਜ ਵੰਸ਼ੀ ਜੋ ਭਗਵਾਨ ਰਾਮ ਚੰਦਰ ਦੇ ਭਰਾ ਭਰਤ ਜੀ ਸਨ, ਉਹਨਾਂ ਦੇ ਅੰਸ਼ ਵਿਚੋਂ ਅਮਰਦਾਸ ਸਤਿਗੁਰ ਸੱਚੇ ਪਾਤਿਸ਼ਾਹ ਜੀ ਨੇ ਅਵਤਾਰ ਧਾਰਿਆ। ਅਵਤਾਰ ਧਾਰਨ ਤੋਂ ਬਾਅਦ ਇਨ੍ਹਾਂ ਨੇ ਆਪਣੇ ਆਪ ਨੂੰ ਗ੍ਰਹਿਸਤ ਆਸ਼ਰਮ ਵਿੱਚ ਪ੍ਰਵੇਸ਼ ਕੀਤਾ। ਔਰ "ਰਾਮ ਕੌਰ" ਦੇ ਨਾਲ ਇਨ੍ਹਾਂ ਦੀ ਸ਼ਾਦੀ ਹੋਈ। ਉਹਨਾਂ ਦੀ ਕੁੱਖ ਦੇ ਵਿਚੋਂ ਸਭ ਤੋਂ ਪਹਿਲਾਂ ਜੋ ਕਿ ਸਿੱਖ-ਧਰਮ ਦੇ ਵਿੱਚ ਮਹਾਨ ਜਗ੍ਹਾ ਰੱਖਦੀ ਹੈ "ਮਾਤਾ ਭਾਨੀ" ਉਹ ਵੱਡੀ ਸਪੁੱਤਰੀ ਇਨ੍ਹਾਂ ਦੇ ਘਰ ਪੈਦਾ ਹੋਈ। ਉਸ ਤੋਂ ਬਾਅਦ ਸਾਹਿਬਜ਼ਾਦੇ ਮੋਹਨ ਜੀ, ਮੋਹਰੀ ਜੀ ਤੇ ਚੌਥੀ ਸੰਤਾਨ ਬੀਬੀ ਦਾਨੀ। ਅਮਰਦਾਸ ਜੀ ਆਪਣੇ ਪਿਤਾ ਨਾਲ ਦਸਾਂ-ਨਹੁੰਆਂ ਦੀ ਕਿਰਤ-ਕਮਾਈ ਕਰਦੇ ਤੇ ਘੋੜੀ ਦੇ ਉੱਤੇ ਲੂਣ, ਮਿਰਚ, ਮਸਾਲੇ ਆਦਿ ਵੇਚਣ ਜਾਂਦੇ। ਔਰ ਉਹਨਾਂ ਨੇ ਕਦੀ ਵੀ ਰਸਨਾ ਤੋਂ ਕੌੜਾ ਬੋਲ ਨਹੀਂ ਸੀ ਬੋਲਿਆ। ਔਰ ਸਾਰੇ ਹੀ ਪਿੰਡ ਦੇ ਲੋਕ ਉਹਨਾਂ ਨੂੰ "ਭਗਤ ਜੀ, ਭਗਤ ਜੀ" ਕਰਕੇ ਯਾਦ ਕਰਦੇ ਸੀ। ਨਿਮਰਤਾ ਵਾਲਾ ਸੁਭਾਅ ਹੋਣ ਕਰਕੇ ਇਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਪ੍ਰਣ ਕਰ ਲਿਆ ਕਿ ਹਰ ਸਾਲ ਬਗੈਰ ਨਾਗੇ ਤੋਂ ਗੰਗਾਂ ਦੇ ਤੱਟ ਤੇ ਇਸ਼ਨਾਨ ਕਰਨ ਜਾਣਾ ਹੈ, ਪਰ ਜਦੋਂ ਕਿਸੇ ਵੀ ਗੁਰਮੁਖ ਪਿਆਰਿਓ ਇਨਸਾਨ ਦੇ ਭਾਗ ਖੁਲ੍ਹਦੇ ਹਨ, ਕਰਮ ਜਾਗਦੇ ਹਨ, ਉਦੋਂ ਅਕਾਲ-ਪੁਰਖ ਪਰਮੇਸ਼ਰ-ਵਾਹਿਗੁਰੂ ਦੀ ਹੀ ਕ੍ਰਿਪਾ ਹੁੰਦੀ ਹੈ।

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥*

*(ਪੰਨਾ ੨੯੩)*

ਕੋਈ ਸਮਾਂ ਨਹੀਂ ਰਿਹਾ। ਇਹ ਸੁਣਨ ਨੂੰ ਮਿਲਿਆ ਹੈ ਕਿ ਇਹੋ ਜਿਹੇ ਵੀ ਮਹਾਂਪੁਰਸ਼ ਨੇ ਸਤਿਸੰਗਤ ਦੇ ਵਿਚ ਜਿਨ੍ਹਾਂ ਦੇ ਕਲੇਜੇ ਤੇ ਇਹੋ ਜਿਹਾ ਤੀਰ ਲੱਗਾ ਕਿ ਉਹਨਾਂ ਨੇ ਸਭ ਕੁਝ ਹੀ ਤਿਆਗ ਦਿੱਤਾ।

"ਸੰਤ ਬਾਬਾ ਹਰੀ ਸਿੰਘ" ਕਹਾਰਪੁਰੀਆ ਦਾ ਬੜੀ ਸ਼ਰਧਾ ਭਾਵਨਾ ਦੇ ਨਾਲ ਸੰਤਾਂ ਦੀ ਦੁਨੀਆਂ ਵਿੱਚ ਨਾਮ ਲਿਆ ਜਾਂਦਾ ਹੈ, ਜਿਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਜੋ ਕਿ ਖਾਲਸੇ ਦੀ ਜਨਮ-ਭੂਮੀ ਹੈ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਸੇਵਾ ਕਰਵਾਈ। ਔਰ ਉਹਨਾਂ ਨੇ ਮਾਹਲਪੁਰ ਦੇ ਇਲਾਕੇ ਵਿੱਚ ਰਾਤ-ਭਰ ਦਾ ਦੀਵਾਨ ਲਗਾਇਆ। ਤੇ ਇਕ ਨੌਜਵਾਨ ਲੜਕਾ, ਜਿਸ ਦੀ ਉਮਰ ਪੰਦਰਾਂ-ਸੋਲ੍ਹਾਂ ਸਾਲ ਦੀ ਸੀ, ਅਜੇ ਸਕੂਲ ਦੇ ਵਿੱਚ ਉਸ ਦੀ ਪੜ੍ਹਾਈ ਆਰੰਭ ਹੈ, ਲੇਕਿਨ ਉਸ ਨੇ ਹੁਣ ਤੋਂ ਹੀ ਆਪਣੇ ਮਨ ਵਿੱਚ ਇਹ ਫੁਰਨਾ ਬਣਾ ਲਿਆ ਹੈ ਕਿ ਚਲੋ ਅੱਜ ਦੀਵਾਨ ਸੁਣਨ ਚਲੀਏ। ਔਰ ਜਦੋਂ ਨਾਮ ਸੁਣਨ ਦੇ ਵਾਸਤੇ ਆਇਆ ਤਾਂ ਨਾਮ-ਰਸੀਏ ਸੰਤ ਜੀ ਨੇ ਜੋ 'ਸੁਖਮਨੀ ਸਾਹਿਬ' ਦੀ ਪਰਿਭਾਸ਼ਾ ਹੈ, ਜੋ ਇਸ ਦੇ ਅਰਥ ਹਨ, ਉਹ ਪੂਰੇ ਦੀਵਾਨ ਵਿੱਚ ਦੱਸਣੇ ਕੀਤੇ। ਔਰ ਜਦੋਂ ਉਸ ਨੌਜਵਾਨ ਨੇ ਇਸ ਦੇ ਅਰਥ ਸੁਣੇ ਤਾਂ ਉਸ ਨੇ ਸਤਿਸੰਗਤ ਵਿੱਚ ਬੈਠਦਿਆਂ ਹੀ ਇਹ ਪ੍ਰਣ ਕਰ ਲਿਆ ਕਿ ਅੱਜ

ਮੈਨੂੰ ਪਤਾ ਲੱਗ ਗਿਆ ਸੰਤ-ਮਹਾਂਪੁਰਸ਼ਾਂ ਦੀ ਰਸਨਾ ਤੋਂ ਕਿ :

*੧. ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥*
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥*
*੨. ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥*
*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

*(ਪੰਨਾ ੯੧੮)*

*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥ (ਪੰਨਾ ੧੪੨੯)*

ਐ ਮਿੱਤਰ ਪਿਆਰਿਆ! ਸਾਰੀ ਸੰਸਾਰ ਰਚਨਾ ਝੂਠ ਹੈ। ਔਰ ਜੇ ਕੋਈ ਅਗਿਆਨਤਾ ਦੇ ਨਾਲ ਸੱਚ ਜਾਣ ਕੇ ਬੈਠਾ ਹੈ ਤਾਂ ਉਹ ਮਨੋਂ-ਮਨ ਆਪਣੇ ਅੰਦਰ ਦੀ ਆਵਾਜ਼ ਸੁਣੇ ਤਾਂ ਉਸ ਨੂੰ ਇਹ ਪਤਾ ਲੱਗ ਜਾਵੇਗਾ ਕਿ ਸਾਹਿਬਾਂ ਦੀ ਬਾਣੀ ਸੱਚ ਹੈ ਜਾਂ ਝੂਠ ਹੈ।

ਹੁਣ ਉਸ ਨੌਜਵਾਨ ਨੇ ਪ੍ਰਣ ਕਰ ਲਿਆ। ਇਸ ਲਈ ਉਹ ਸਤਿਸੰਗਤ ਵਿਚੋਂ ਉੱਠ ਕੇ ਘਰ ਨੂੰ ਨਹੀਂ ਗਿਆ, ਬਲਕਿ ਜੰਗਲਾਂ ਵੱਲ ਨੂੰ ਚਲਾ ਗਿਆ। ਪਹਿਲਾਂ ਤਾਂ ਬਾਣੀ ਕੰਠ ਕੀਤੀ, ਫਿਰ ਸੋਲ੍ਹਾਂ ਸਾਲਾਂ ਦਾ ਨਿਤਨੇਮ ਪੂਰਾ ਕੀਤਾ। ਉਸ ਤੋਂ ਉਪਰੰਤ ਫਿਰ ਜਦੋਂ ਦਾਸ ਨੂੰ ਉਹਨਾਂ ਦੇ ਦਰਸ਼ਨ ਹੋਏ ਤਾਂ ਉਹਨਾਂ ਦੀ ਉਮਰ 84-85 ਸਾਲ ਦੀ ਸੀ। ਪਰ ਦੇਖਦਿਆਂ ਹੀ ਉਹਨਾਂ ਦੇ ਦਰਸ਼ਨ ਕਰਦਿਆਂ ਮਨ ਦੀਆਂ ਭੁੱਖਾਂ ਲੱਥ ਗਈਆਂ। ਪਤਾ ਲੱਗਾ ਕਿ ਕਰਤਾਰ ਸਿੰਘਾ ਅੱਜ ਕਲਗੀਧਰ ਮਹਾਰਾਜ ਜੀ ਨੇ ਤੇਰੇ ਤੇ ਕ੍ਰਿਪਾ ਕਰ ਦਿੱਤੀ। ਜਿਸ ਸੰਤ ਦੀ ਟੋਹਰ ਦੇ ਪਿੱਛੇ ਤੂੰ ਵੀਹ-ਪੱਚੀ ਸਾਲ ਡੇਰਿਆਂ ਤੇ ਤੁਰਿਆ-ਫਿਰਦਾ ਰਿਹਾ ਹੈਂ ਤੇ ਅੱਜ ਉਹ ਸ਼ਖਸੀਅਤ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਤੈਨੂੰ ਮਿਲਾ ਦਿੱਤੀ। ਜਿਸ ਦੇ ਦਰਸ਼ਨ ਕੀਤਿਆਂ ਮਨ ਨੂੰ ਸ਼ਾਂਤੀ ਆ ਜਾਵੇ ਨਾ, ਮਨ ਨੂੰ ਠੰਢਕ ਪੈ ਜਾਏ ਨਾ, ਫਿਰ ਕਹਿ ਦੇਵੋ ਕਿ ਉਹ ਸੰਤ ਹੈ। ਫਿਰ ਕਹਿ ਦੇਵੋ ਕਿ ਉਹ ਰੱਬ ਦਾ ਪਿਆਰਾ ਹੈ। ਔਰ ਜਿਹੜੇ ਸਵਾਸ-ਸਵਾਸ ਅਕਾਲ-ਪੁਰਖ ਪਰਮੇਸ਼ਰ ਦਾ ਸਿਮਰਨ ਕਰਦੇ ਹਨ, ਉਹਨਾਂ ਨੇ ਆਪਣੀ ਰਸਨਾ ਤੋਂ ਆਪਣੀ ਜ਼ਿੰਦਗੀ ਦੀ ਪੂਰੀ ਗਾਥਾ ਦਾਸ ਨੂੰ ਸੁਣਾਉਣੀ ਕੀਤੀ ਹੈ। ਕਹਿੰਦੇ ਜਦੋਂ ਤੀਰ ਲੱਗਾ ਕਲੇਜੇ ਵਿੱਚ ਤਾਂ ਛੇਕ ਕਰ ਗਿਆ, ਫਿਰ ਇਹੋ ਜਿਹਾ ਜ਼ਿੰਦਗੀ ਵਿੱਚ ਵੈਰਾਗ ਆਇਆ ਕਿ ਮੁੜ ਕੇ ਘਰ ਦਾ ਦਰਵਾਜ਼ਾ ਅੱਜ ਤੱਕ ਨਹੀਂ ਵੇਖਿਆ। ਤੇ ਜਿਨ੍ਹਾਂ ਨੇ ਸੰਸਾਰ ਤੋਂ ਉਪਰਾਮ ਹੋ ਕਰਕੇ ਸੱਚੇ ਆਸ਼ਿਕ ਬਣਾ ਲਿਆ ਆਪਣੇ ਆਪ ਨੂੰ ਗੁਰੂ ਵਾਸਤੇ, ਫਿਰ ਉਹ ਭਗਤ ਰਵਿਦਾਸ ਵਾਂਗੂੰ ਪਰਮੇਸ਼ਰ ਨੂੰ ਆਪਣੇ ਸਾਹਮਣੇ ਵੀ ਖੜੇ ਕਰ ਸਕਦੇ ਹਨ।

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥ (ਪੰਨਾ ੭੮੪)*

ਅਗਰ ਕਿਸੇ ਦਾ ਮਨ ਮੈਲਾ ਹੈ ਤਾਂ ਹਰੀ ਦਾ ਨਾਮ ਲੈ ਕਰਕੇ ਉਹ ਸ਼ੁੱਧ ਹੋ ਜਾਵੇਗਾ। ਹੁਣ ਧੰਨ "ਗੁਰੂ ਅਮਰਦਾਸ ਮਹਾਰਾਜਾ" ਜੋ ਤੀਸਰੇ ਨਾਨਕ ਦੀ ਜੋਤ, ਉਹ ਗੁਰਤਾ-ਗੱਦੀ

ਦੇ ਵਾਰਿਸ ਬਣੇ। ਫਿਰ ਵੀਹਵੀਂ ਵਾਰ ਅੱਜ ਗੰਗਾ ਤੇ ਇਸ਼ਨਾਨ ਕਰਨ ਵਾਸਤੇ ਜਾ ਰਹੇ ਹਨ। ਤੇ ਇਸ ਤੱਟ ਦੇ ਕਿਨਾਰੇ ਤੇ ਦੁਰਗਾ ਦੱਤ ਵਿਦਵਾਨ ਬੈਠਾ ਹੋਇਆ ਹੈ। ਤੇ ਧੰਨ ਗੁਰੂ ਅਮਰਦਾਸ ਸੱਚੇ ਪਾਤਿਸ਼ਾਹ ਦਾ ਸੁਭਾਅ ਤੇ ਹੋਰ ਸੰਤਾਂ ਦਾ ਇਹੋ ਹੁੰਦਾ ਹੈ ਕਿ ਉਹ ਹਰ ਇੱਕ ਮਨੁੱਖ ਕੋਲੋਂ ਕੁਝ ਨਾ ਕੁਝ ਲੱਭਦੇ ਹਨ। ਕਿਉਂਕਿ:

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥* (ਪੰਨਾ ੭੬੬)

ਪਤਾ ਨਹੀਂ ਕਿਹੜੇ ਵੇਲੇ ਢੇਰਾਂ-ਰੂੜੀਆਂ ਦੇ ਵਿੱਚ ਵੀ ਲਾਲ ਪਏ ਹੁੰਦੇ ਹਨ। ਕਿਸੇ ਵੇਲੇ ਮੈਲੇ-ਕੁਚੈਲੇ ਕੱਪੜੇ ਵਾਲਿਆਂ ਦਾ ਹਿਰਦਾ ਵੀ ਗੁਣਾਂ ਨਾਲ ਭਰਿਆ ਹੁੰਦਾ ਹੈ। ਇਹ ਤਾਂ ਪਰਮੇਸ਼ਰ ਹੀ ਜਾਣਦਾ ਹੈ ਕਿ ਉਹ ਕਿਸ ਰੰਗ ਵਿੱਚ, ਕਿਸ ਰੂਪ ਵਿੱਚ ਕਿਥੇ ਵਿਚਰ ਰਿਹਾ ਹੈ। ਇਸ ਕਰਕੇ ਉਹ ਹਰ ਇਕ ਵਿੱਚ ਰੱਬ ਦਾ ਨੂਰ ਦੇਖ ਕੇ ਹਰ ਇਕ ਨਾਲ ਪਿਆਰ ਨਾਲ ਪੇਸ਼ ਆਉਂਦੇ ਹਨ।

ਸੋ "ਦੁਰਗਾ ਦੱਤ" ਨੇ ਆਪਣੀ ਪੜ੍ਹਾਈ ਦੇ ਮੁਤੱਲਕ ਦੇਖਿਆ ਕਿ ਇਹ ਗੰਗਾ ਤੇ ਇਸ਼ਨਾਨ ਕਰਨ ਹਰ ਇਕ ਸਾਲ ਬਗੈਰ ਨਾਗੇ ਤੋਂ ਆਉਂਦਾ ਹੈ। ਇਸਦੇ ਪੈਰ ਵਿਚ ਪਦਮ ਹੈ, ਇਸ ਦੇ ਸਿਰ ਤੇ ਤਾਂ ਛੱਤਰ ਝੁਲਣਾ ਹੈ। ਇਸ ਦੀ ਤਾਂ ਮਾਨਤਾ ਇੰਨੀ ਹੋਵੇਗੀ ਕਿ ਰਾਜੇ-ਮਹਾਰਾਜੇ ਆ ਕੇ ਇਸ ਦੇ ਪੈਰਾਂ ਤੇ ਸਿਜਦਾ ਕਰਨਗੇ। ਫਿਰ ਅਮਰਦੇਵ ਨੂੰ 'ਦੁਰਗਾ ਦੱਤ' ਨੇ ਇਹ ਬਚਨ ਸੁਣਾਏ ਤੇ ਅਮਰਦੇਵ ਨੇ ਫਿਰ ਅਕਾਲ-ਪੁਰਖ ਦਾ ਸ਼ੁਕਰਾਨਾ ਕੀਤਾ। ਫਿਰ ਦੁਰਗਾ ਦੱਤ ਨੇ ਪੁੱਛਣਾ ਕੀਤਾ ਕਿ ਤੇਰਾ ਗੁਰੂ ਕੌਣ ਹੈ? ਜਦੋਂ ਪੁੱਛਿਆ ਕਿ ਗੁਰੂ ਕੌਣ ਹੈ ਤਾਂ ਅਮਰਦੇਵ ਨੇ ਨੀਵੀਂ ਪਾ ਲਈ। ਔਰ ਕਿਹਾ ਕਿ ਅਜੇ ਤੱਕ ਤਾਂ ਮੈਂ ਗੁਰੂ ਧਾਰਨ ਨਹੀਂ ਕੀਤਾ ਤੇ ਨਾ ਹੀ ਗੁਰੂ ਵਾਲਾ ਬਣਿਆ ਹਾਂ। ਫਿਰ ਦੁਰਗਾ ਦੱਤ ਨੇ ਕਿਹਾ ਕਿ ਵੀਹ ਸਾਲ ਹੋ ਗਏ ਤੈਨੂੰ ਗੰਗਾ ਤੇ ਇਸ਼ਨਾਨ ਕਰਦਿਆਂ ਔਰ ਤੂੰ ਬਗੈਰ ਗੁਰੂ ਤੋਂ ਹੀ ਤੁਰਿਆ ਫਿਰਦਾ ਹੈਂ। ਤੂੰ ਤਾਂ ਮੇਰਾ ਵੀ ਜਨਮ ਭ੍ਰਸ਼ਟ ਕਰ ਦਿੱਤਾ। ਮੈਂ ਇਹ ਪ੍ਰਣ ਕੀਤਾ ਸੀ ਕਿ ਮੈਂ ਨਿਗੁਰੇ ਦੇ ਮੱਥੇ ਨਹੀਂ ਲੱਗਣਾ। ਔਰ ਨਿਗੁਰੇ ਦੇ ਹੱਥੋਂ ਕੁਝ ਖਾਣਾ ਵੀ ਨਹੀਂ। ਸ਼ਾਸਤਰਾਂ ਵਿਚ ਵੀ ਇਹ ਲਿਖਿਆ ਹੈ ਕਿ ਨਿਗੁਰੇ ਦੇ ਮੱਥੇ ਲਗਣਾ ਦੋਸ਼ ਹੈ। ਔਰ ਜੋ ਸ਼ਾਸਤਰਾਂ ਵਿਚ ਇਹ ਲਿਖਿਆ ਹੈ, ਜਿਸ ਨੂੰ ਆਪਾਂ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਾਂ, ਉਹ ਇਹ ਵੀ ਕਹਿੰਦੇ ਹਨ:

*ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥*

(ਪੰਨਾ ੪੩੫)

ਉਹ ਇਕ ਗੁਰਮੁਖ ਪਿਆਰਿਓ! ਤਰੇਤੇ ਯੁੱਗ ਦਾ ਅਵਤਾਰ ਹੋਏ ਤੇ ਉਸ ਦੇ ਭਰਾ ਦੀ ਅੰਸ ਵਿਚੋਂ ਇਹ ਅਮਰਦੇਵ ਜੀ ਹੋਣ। ਔਰ ਇੰਨਾ ਸੀਤਲ ਸੁਭਾਅ ਉਹਨਾਂ ਦਾ ਹੋਵੇ ਤੇ ਮੂੰਹ ਤੋਂ ਕੋਈ ਵੀ ਕੌੜਾ ਬੋਲ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਇਆ ਹੋਵੇ, ਬਗੈਰ ਨਾਗੇ ਤੋਂ ਗੰਗਾ ਤੱਟ ਤੇ ਇਸ਼ਨਾਨ ਕਰਦੇ ਤੇ ਧਰਮ ਦੀ ਕਿਰਤ ਵੀ ਕਰਦੇ। ਔਰ ਅਗਰ ਉਸ ਨੂੰ ਇਕ ਪੰਡਤ ਕਹਿ ਸਕਦਾ ਹੈ ਕਿ ਤੂੰ ਮੇਰਾ ਧਰਮ ਭ੍ਰਸ਼ਟ ਕਰ ਦਿੱਤਾ, ਤੂੰ ਮੇਰਾ ਜਨਮ ਭ੍ਰਸ਼ਟ

ਕਰ ਦਿੱਤਾ ਤਾਂ ਇਹ ਸੁਣ ਕੇ ਅਮਰਦੇਵ ਜੀ ਦਾ ਅੰਦਰੂਨੀ ਮਾਮਲਾ ਹਿੱਲ ਗਿਆ। ਉਹਨਾਂ ਨੇ ਵੇਖਿਆ ਕਿ ਇਹ ਕਿਸ ਤਰ੍ਹਾਂ ਦੇ ਬਚਨ ਦੁਰਗਾ ਦੱਤ ਨੇ ਕਹਿ ਦਿੱਤੇ ਕਿ ਵਾਕੇ ਹੀ ਅਜੇ ਤੱਕ ਮੈਨੂੰ ਕੋਈ ਗੁਰੂ ਮਿਲਿਆ ਨਹੀਂ। ਔਰ ਨਿਗੁਰੇ ਪੁਰਸ਼ ਦਾ ਨਾਮ ਲੈਣਾ, ਨਿਗੁਰੇ ਦੇ ਦਰਸ਼ਨ ਕਰਨੇ ਇੰਨੇ ਮਾੜੇ! ਫਿਰ ਅਮਰਦੇਵ ਜੀ ਕਹਿੰਦੇ, ਹੇ ਰੱਬਾ, ਹੇ ਪਰਮੇਸ਼ਰ, ਹੇ ਰਾਮ, ਹੇ ਹਰੀ ਤੁਸੀਂ ਕ੍ਰਿਪਾ ਕਰੋ ਤੇ ਮੈਨੂੰ ਗੁਰੂ ਦੀ ਪ੍ਰਾਪਤੀ ਕਰਾ ਦਿਉ। ਹੁਣ ਦਿਨ-ਰਾਤ ਉਹਨਾਂ ਨੂੰ ਤੜਪ ਲੱਗ ਗਈ। ਕਿਸ ਤਰ੍ਹਾਂ ਦੀ?

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥......*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਆਘਾਵੈ॥* *(ਪੰਨਾ ੭੦੮)*

ਹੁਣ ਤੜਪਨਾ ਲੱਗ ਗਈ ਅਮਰਦੇਵ ਜੀ ਨੂੰ। ਔਰ ਜਦੋਂ ਤੜਪ ਸਿਖਰਾਂ ਤੇ ਪਹੁੰਚ ਜਾਂਦੀ ਹੈ ਤਾਂ ਅਕਾਲ ਪੁਰਖ ਪਰਮੇਸ਼ਰ ਦੀ ਕ੍ਰਿਪਾ ਹੋ ਜਾਂਦੀ ਹੈ।

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥*
*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥ ੧॥*
*ਚਿਤ ਚੇਤਸਿ ਕੀ ਨਹੀ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥*

*(ਪੰਨਾ ੯੯੦)*

ਹੁਣ ਮਿੱਠੀ ਮਧੁਰ ਆਵਾਜ਼ ਜਦੋਂ ਗੁਰੂ ਅਮਰਦੇਵ ਜੀ ਦੇ ਕੰਨਾਂ ਵਿਚ ਪਈ ਤਾਂ ਇਹ ਤੱਤਕਾਲ ਸਾਵਧਾਨ ਹੋਏ। ਨਜ਼ਦੀਕ ਹੋਏ ਉਸ ਜਗ੍ਹਾ ਵੱਲ ਜਿਥੇ ਇਨ੍ਹਾਂ ਦੇ ਕੰਨਾਂ ਵਿਚ ਭਰਵੀਂ ਆਵਾਜ਼ ਪੈ ਸਕੇ।

ਇਹ ਸੁਣ ਕੇ ਉਹਨਾਂ ਦੇ ਮਨ ਨੂੰ ਸ਼ਾਂਤੀ ਜਿਹੀ ਆ ਗਈ। ਫਿਰ ਉਹਨਾਂ ਬੀਬੀ ਅਮਰੋ ਜੀ ਕੋਲੋਂ ਪੁੱਛਣਾ ਕੀਤਾ ਕਿ ਬੀਬਾ! ਇਹ ਕਿਸ ਦੀ ਬਾਣੀ ਹੈ? ਤਾਂ ਉਹਨਾਂ ਕਿਹਾ ਕਿ ਇਹ ਗੁਰੂ ਨਾਨਕ ਦੀ ਬਾਣੀ ਹੈ। ਅਮਰਦੇਵ ਜੀ ਕਹਿਣ ਲੱਗੇ ਕਿ ਜਿਨ੍ਹਾਂ ਦੀ ਬਾਣੀ ਸੁਣ ਕੇ ਮਨ ਨੂੰ ਇੰਨੀ ਸ਼ਾਂਤੀ ਆ ਗਈ ਤੇ ਫਿਰ ਉਹਨਾਂ ਦੇ ਦਰਸ਼ਨ ਕੀਤਿਆਂ ਕੀ ਕੁਝ ਪ੍ਰਾਪਤ ਹੋ ਜਾਵੇਗਾ? ਫਿਰ ਉਹਨਾਂ ਬੇਨਤੀ ਕੀਤੀ ਕਿ ਐ ਬੀਬਾ! ਤੂੰ ਮੈਨੂੰ ਉਹਨਾਂ ਦੇ ਦਰਸ਼ਨ ਕਰਾ ਸਕਦੀ ਹੈਂ? ਬੀਬੀ ਅਮਰੋ ਕਹਿਣ ਲੱਗੀ ਉਹ ਤਾਂ ਸਰੀਰ ਕਰਕੇ ਇਥੇ ਨਹੀਂ ਹਨ ਔਰ ਉਹ ਗੁਰਤਾ-ਗੱਦੀ ਮੇਰੇ ਪਿਤਾ ਧੰਨ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਗਏ ਹਨ। ਅਮਰਦੇਵ ਜੀ ਕਹਿਣ ਲੱਗੇ, ਬੀਬਾ ਛੇਤੀ ਕਰ, ਤੂੰ ਮੈਨੂੰ ਉਹਨਾਂ ਕੋਲ ਹੀ ਲੈ ਚੱਲ। ਪਰ ਗੁਰਮੁਖੋ ਉਦੋਂ ਇਹੋ ਜਿਹਾ ਸਮਾਂ ਹੋਇਆ ਕਰਦਾ ਸੀ ਕਿ ਲੜਕੀ ਦੇ ਪੇਕੇ ਜਿੰਨੀ ਦੇਰ ਤੱਕ ਉਸ ਨੂੰ ਆਪ ਨਾ ਬੁਲਵਾਣ, ਉਨੀ ਦੇਰ ਤੱਕ ਉਹ ਉਥੇ ਨਹੀਂ ਜਾ ਸਕਦੀ। ਜਿੰਨਾ ਚਿਰ ਕੋਈ ਸੰਦੇਸ਼ਾ ਨਾ ਆਵੇ ਤੇ ਜਿੰਨਾ ਚਿਰ ਸਹੁਰਿਆਂ ਪਾਸੋਂ ਛੁੱਟੀ ਨਾ ਮਿਲੇ, ਉਤਨੀ ਦੇਰ ਤੱਕ ਮਾਪਿਆਂ ਦੇ ਘਰ

ਲੜਕੀ ਜਿਹੜੀ ਸੀ, ਉਹ ਨਹੀਂ ਸੀ ਜਾਇਆ ਕਰਦੀ। ਫਿਰ ਅਮਰਦੇਵ ਜੀ ਨੇ ਕਹਿਣਾ ਕੀਤਾ ਕਿ ਬੀਬਾ, ਤੂੰ ਮੇਰੇ ਨਾਲ ਚੱਲ ਔਰ ਜੇ ਤੇਰੇ ਪਿਤਾ ਕੋਈ ਗੱਲ ਕਹਿਣਗੇ ਤੇ ਮੈਂ ਉਹਨਾਂ ਦੇ ਚਰਨ ਪਕੜ ਲਵਾਂਗਾ। ਮੈਂ ਉਹਨਾਂ ਕੋਲੋਂ ਮਾਫੀ ਮੰਗ ਲਵਾਂਗਾ। ਇਸ ਲਈ ਰੱਬ ਦਾ ਵਾਸਤਾ ਹੈ ਜਿੰਨੀ ਛੇਤੀ ਹੋ ਸਕੇ, ਮੇਰੇ ਨਾਲ ਚੱਲਣਾ ਕਰੋ। ਰੱਥ ਦੇ ਵਿਚ ਬੀਬੀ ਅਮਰੋ ਜੀ ਬੈਠੇ ਤੇ ਨਾਲ ਅਮਰਦੇਵ ਜੀ ਵੀ ਗਏ। ਜਦੋਂ ਖਡੂਰ ਸਾਹਿਬ ਦੇ ਅੰਦਰ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਚਰਨਾਂ ਵਿਚ ਬੀਬੀ ਅਮਰੋ ਪਹੁੰਚੀ ਤਾਂ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਪੁੱਛਣਾ ਕੀਤਾ ਕਿ ਬੀਬਾ ! ਤੂੰ ? ਉਹ ਕਹਿਣ ਲੱਗੀ ਕਿ ਅਮਰਦੇਵ ਜੀ ਬਾਹਰ ਖੜੇ ਹਨ, ਉਹ ਮੈਨੂੰ ਆਪਣੇ ਨਾਲ ਇਥੇ ਲੈ ਕੇ ਆਏ ਹਨ, ਕਿਉਂਕਿ ਉਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਗੁਰੂ ਜੀ ਕਹਿਣ ਲੱਗੇ ਕਿ ਉਹ ਬਾਹਰ ਕਿਉਂ ਖੜੇ ਹਨ ? ਉਹਨਾਂ ਨੂੰ ਅੰਦਰ ਲੈ ਕੇ ਆਉ। ਜਦੋਂ ਉਹ ਅੰਦਰ ਆਏ ਤਾਂ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਕੁੜਮਾਚਾਰੀਆਂ ਵਾਂਗੂੰ ਉਹਨਾਂ ਨਾਲ ਮਿਲਣਾ ਕੀਤਾ। ਫਿਰ ਅਮਰਦੇਵ ਜੀ ਚਰਨਾਂ ਤੇ ਢਹਿ ਗਏ ਤੇ ਕਹਿਣ ਲੱਗੇ, ਪਾਤਿਸ਼ਾਹ ! ਅੱਜ ਮੈਂ ਉਸ ਰਿਸ਼ਤੇ ਨੂੰ ਮੁੱਖ ਕਰਕੇ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਨਹੀ ਆਇਆ ਬਲਕਿ ਅੱਜ ਤਾਂ ਮੈਂ ਭਿਖਾਰੀ ਬਣ ਕੇ, ਮੰਗਤਾ ਬਣ ਕੇ ਆਪ ਜੀ ਦੇ ਚਰਨ ਪਰਸਨ ਵਾਸਤੇ ਆਇਆ ਹਾਂ ਤੇ ਫਿਰ ਧੰਨ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਉਹਨਾਂ ਨੂੰ ਆਪਣੀ ਛਾਤੀ ਨਾਲ ਲਾਇਆ। ਲੰਗਰ-ਪਾਣੀ ਛਕਾਉਣਾ ਕੀਤਾ ਤੇ ਫਿਰ ਗੁਰੂ ਅਮਰਦੇਵ ਜੀ ਦੇ ਮਨ ਵਿਚ ਇਹ ਗੱਲ ਆ ਗਈ ਕਿ ਜੇ ਤਾਂ ਪੂਰੇ ਗੁਰੂ ਮੇਰੇ ਤੇ ਕ੍ਰਿਪਾ ਕਰ ਦੇਣਗੇ ਤਾਂ ਆਪਣਾ ਸ਼ੀਤ ਪ੍ਰਸ਼ਾਦਿ ਮੈਨੂੰ ਦੇਣਗੇ। ਔਰ ਜਾਣੀਜਾਣ ਪਾਤਿਸ਼ਾਹ ਜਿਸ ਥਾਲੀ ਵਿਚ ਪ੍ਰਸ਼ਾਦਿ ਛਕ ਰਹੇ ਸੀ, ਉਸੇ ਹੀ ਥਾਲੀ ਵਿਚ ਕੁਝ ਪ੍ਰਸ਼ਾਦਿ ਬਚਿਆ ਹੋਇਆ ਅਮਰਦੇਵ ਜੀ ਨੂੰ ਦੇ ਦੇਣਾ ਕੀਤਾ। ਫਿਰ ਅਕਾਲ-ਪੁਰਖ ਪਾਤਿਸ਼ਾਹ ਜੀ ਦੀ ਰਹਿਮਤ ਹੋ ਗਈ, ਸੱਚ ਅਤੇ ਝੂਠ ਦਾ ਪਤਾ ਲੱਗ ਗਿਆ ਤੇ ਇਹ ਵੀ ਪਤਾ ਲੱਗ ਗਿਆ ਕਿ ਜੀਵਨ ਕੀ ਹੈ ? ਔਰ ਪੱਕੇ ਤੌਰ ਤੇ ਧੰਨ ਗੁਰੂ ਅੰਗਦ ਦੇਵ ਮਹਾਰਾਜ ਜੀ ਦੇ ਚਰਨਾਂ ਵਿਚ ਲਾਹਾ ਲੈਣਾ ਸ਼ੁਰੂ ਕਰ ਦਿੱਤਾ। ਫਿਰ ਜਦੋਂ ਧੰਨ ਗੁਰੂ ਅੰਗਦ ਦੇਵ ਮਹਾਰਾਜ ਜੀ ਨੇ ਦੇਖਿਆ ਕਿ ਇਹ ਕਸਵੱਟੀ 'ਚ ਪੂਰਾ ਉੱਤਰ ਗਏ ਹਨ ਤਾਂ ਉਹਨਾਂ ਨੇ ਆਪਣੇ ਹੱਥੀਂ ਇਨ੍ਹਾਂ ਨੂੰ ਇਸ਼ਨਾਨ ਕਰਵਾਇਆ। ਫਿਰ ਸਾਰੇ ਸਿੱਖ ਜਗਤ ਨੂੰ ਇਹ ਹਿਦਾਇਤ ਕਰ ਦਿੱਤੀ ਕਿ ਅੱਜ ਤੋਂ ਬਾਅਦ ਤੁਹਾਡੇ ਗੁਰੂ ਤੀਸਰੇ ਨਾਨਕ ਦੀ ਜੋਤ "ਧੰਨ ਗੁਰੂ ਅਮਰਦਾਸ" ਸੱਚੇ ਪਾਤਿਸ਼ਾਹ ਜੀ ਹਨ। ਇਸ ਲਈ ਤੁਸੀਂ ਮੇਰਾ ਰੂਪ ਜਾਣ ਕੇ ਇਨ੍ਹਾਂ ਦੀ ਸੇਵਾ ਕਰਨੀ ਹੈ।

*੧. ਹਉ ਤਿਸੁ ਘੋਲਿ ਘੁਮਾਇਆ*
*ਗੁਰਮਤਿ ਰਿਦੈ ਗਰੀਬੀ ਆਵੈ।*
*੨. ਹਉ ਤਿਸੁ ਘੋਲਿ ਘੁਮਾਇਆ*
*ਪਰ ਨਾਰੀ ਦੇ ਨੇੜਿ ਨ ਜਾਵੈ।*

੩. ਹਉ ਤਿਸੁ ਘੋਲਿ ਘੁਮਾਇਆ
ਪਰ ਦਰਬੈ ਨੋ ਹਥੁ ਨ ਲਾਵੈ।
੪. ਹਉ ਤਿਸੁ ਘੋਲਿ ਘੁਮਾਇਆ
ਪਰ ਨਿੰਦਾ ਸੁਣਿ ਆਪੁ ਹਟਾਵੈ।
੫. ਹਉ ਤਿਸੁ ਘੋਲਿ ਘੁਮਾਇਆ
ਸਤਿਗੁਰ ਦਾ ਉਪਦੇਸੁ ਕਮਾਵੈ।
੬. ਹਉ ਤਿਸੁ ਘੋਲਿ ਘੁਮਾਇਆ
ਥੋੜਾ ਸਵੈ ਥੋੜੋ ਹੀ ਖਾਵੈ
ਗੁਰਮੁਖਿ ਸੋਈ ਸਹਜਿ ਸਮਾਵੈ॥ ੪॥

(ਭਾ: ਗੁਰਦਾਸ ਜੀ, ਵਾਰ ੧੨/੪)

ਸੋ ਗੁਰਸਿੱਖੋ ! ਜਿਸ ਦੇ ਵੀ ਕੋਲ ਇਹ ਗੁਣ ਆ ਜਾਣ ਤਾਂ ਉਹ ਫਿਰ ਗੁਰਾਂ ਸਾਹਿਬਾਂ ਦੀ ਕਸਵੱਟੀ ਵਿੱਚ ਪੂਰਾ ਉਤਰ ਕੇ, ਇਮਤਿਹਾਨਾਂ 'ਚੋਂ ਸੌ ਬਟਾ ਸੌ ਨੰਬਰ ਲੈ ਕੇ ਉਹ ਆਪਣਾ ਜਨਮ ਸਵਾਰ ਲੈਂਦਾ ਹੈ। ਔਰ "ਧੰਨ ਗੁਰੂ ਅਮਰਦਾਸ ਮਹਾਰਾਜ ਜੀ" ਨੇ ਵੀ ਬਿਰਧ ਅਵਸਥਾ ਵਿਚ ਸੇਵਾ ਕਰਕੇ ਇਹੋ ਜਿਹਾ ਇਤਿਹਾਸ ਰੱਚ ਦਿੱਤਾ ਕਿ ਅੱਜ ਤੋਂ ਬਾਅਦ ਇਹੋ ਜਿਹੀ ਉਦਾਹਰਣ, ਇਹੋ ਜਿਹੀ ਸਾਖੀ, ਇਹੋ ਜਿਹਾ ਇਤਿਹਾਸ ਦੁਬਾਰਾ ਵੇਖਣ ਨੂੰ ਨਹੀਂ ਮਿਲਿਆ ਤੇ ਨਾ ਹੀ ਮਿਲੇਗਾ, ਕਿਉਂਕਿ 62 ਸਾਲ ਦੀ ਉਮਰ ਵਿੱਚ ਇੰਨੀ ਅਣਥੱਕ ਸੇਵਾ ਕੀਤੀ, ਉਹ ਵੀ ਬਾਰਾਂ ਸਾਲ। ਔਰ ਗੁਰਸਿੱਖੋ ! ਇਹ ਸੇਵਾ ਕੇਵਲ ਤੇ ਕੇਵਲ ਧੰਨ ਗੁਰੂ ਅਮਰਦਾਸ ਮਹਾਰਾਜ ਜੀ ਦੇ ਹਿੱਸੇ ਵਿਚ ਆਈ ਤੇ ਤਾਂ ਹੀ ਭੱਟਾਂ ਨੇ ਇਹ ਬਚਨ ਕਿਹਾ ਕਿ :

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

ਸੋ ਗੁਰਸਿੱਖੋ ! ਤੁਸੀਂ ਇਹ ਜਾਣ ਲੈਣਾ ਕਰੋ ਕਿ ਜੇ ਧੰਨ ਗੁਰੂ ਅਮਰਦਾਸ ਵਰਗਿਆਂ ਨੂੰ ਨਹੀਂ ਬਖਸ਼ਿਆ ਗਿਆ ਔਰ ਉਹਨਾਂ ਨੂੰ ਵੀ ਗੁਰੂ ਧਾਰਨ੍ਹਾ ਹੀ ਪਿਆ ਤੇ ਫਿਰ ਉਹਨਾਂ ਦੀ ਗਤੀ ਹੋਈ। ਔਰ ਇਸ ਤੋਂ ਬਾਅਦ ਉਹ ਗੁਰਤਾ-ਗੱਦੀ ਦੇ ਵਾਰਿਸ ਬਣੇ। ਅਸੀਂ ਤਾਂ ਉਹਨਾਂ ਸਾਹਮਣੇ ਕੁਝ ਵੀ ਨਹੀਂ ਹਾਂ। ਇਸ ਕਰਕੇ ਜੇ ਤਾਂ ਗੁਰਮੁਖ ਪਿਆਰਿਓ ਭਾਗ ਜਾਗੇ ਹਨ ਤਾਂ ਇਹ ਕੀਮਤੀ ਘੜੀਆਂ ਗੁਰੂ ਦੇ ਚਰਨਾਂ ਵਿੱਚ ਲਾਉਣੀਆਂ ਹਨ ਔਰ ਗੁਰੂ ਵਾਲੇ ਬਣ ਕੇ ਲੋਕ ਅਤੇ ਪਰਲੋਕ ਦਾ ਸੁੱਖ ਹਾਸਿਲ ਕਰਨਾ ਹੈ। ਇਸ ਲਈ ਸੋਚਣ ਤੋਂ ਬਗੈਰ ਹੀ ਖੰਡੇ-ਬਾਟੇ ਦਾ ਛਕੋ ਅੰਮ੍ਰਿਤ ਤੇ ਨਿਗੁਰੇ ਦਾ ਲਾਹਵੋ ਕਲੰਕ। ਔਰ ਆਪਣੇ ਜੀਵਨ ਨੂੰ ਗੁਰੂ ਦੇ ਚਰਨਾਂ ਵਿਚ ਲਗਾ ਕੇ ਸੁਖੀ ਅਤੇ ਪਵਿੱਤਰ ਕਰੋ।

# ਪਹਿਲਾਂ ਮੰਨੋ ਬਚਨ
# ਫਿਰ ਗੁਰੂ ਵਾਲੇ ਬਣੋਗੇ

*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥* *(ਪੰਨਾ ੪੬੯)*

ਗੁਰੂ ਕੀ ਪਰਮ ਸਤਿਕਾਰਯੋਗ ਗੁਰੂ ਰੂਪ ਸਾਧਸੰਗਤ ਜੀ! ਤੁਸੀਂ ਬੜੇ ਵੱਡੇ ਭਾਗਾਂ ਵਾਲੇ ਹੋ ਜੋ ਆਪਣੇ ਜੀਵਨ ਦੀਆਂ ਕੁਝ ਘੜੀਆਂ, ਆਪਣੇ ਸਵਾਸਾਂ ਦੇ ਖਜ਼ਾਨੇ 'ਚੋਂ ਕੁਝ ਸਵਾਸ ਸਫਲ ਕਰਨ ਵਾਸਤੇ ਗੁਰੂ ਦੇ ਚਰਨਾਂ 'ਚ ਪਹੁੰਚਦੇ ਹੋ। ਸ਼੍ਰੋਮਣੀ "ਭਗਤ ਕਬੀਰ" ਜੀ ਦੇ ਮੁਖਵਾਕ ਹਨ:

*ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*

*(ਪੰਨਾ ੧੩੬੯)*

"ਭਗਤ ਕਬੀਰ" ਜੀ ਕਹਿੰਦੇ ਹਨ ਕਿ ਇਹ ਮਨ ਇਕ ਪੰਛੀ ਦੀ ਤਰ੍ਹਾਂ ਹੈ। ਔਰ ਇਸ ਮਨ ਰੂਪੀ ਪੰਛੀ ਨੂੰ ਜਿਸ ਤਰ੍ਹਾਂ ਦੀ ਸੰਗਤ ਵਿੱਚ ਲਿਆ ਕਰਕੇ ਬੈਠਾਵੋਗੇ ਤਾਂ ਇਸ ਮਨ ਦਾ ਉਸੇ ਤਰ੍ਹਾਂ ਦਾ ਸੁਭਾਅ ਬਣ ਜਾਵੇਗਾ। ਇਸ ਲਈ ਜਿਨ੍ਹਾਂ ਨੇ ਇਸ ਮਨ ਨੂੰ ਗੁਰੂ ਦੀ ਗੋਦ ਵਿਚ ਲਿਆ ਕੇ ਬੈਠਾਣ ਦੀ ਕੋਸ਼ਿਸ਼ ਕੀਤੀ ਤਾਂ ਉਹ ਮਨ ਇਕ ਦਿਨ ਉਸ ਅਕਾਲ-ਪੁਰਖ ਪਰਮੇਸ਼ਰ ਵਾਹਿਗੁਰੂ ਦੇ ਗੀਤ ਗਾਉਣ ਅਤੇ ਸੁਣਨ ਦਾ ਆਦੀ ਬਣ ਜਾਵੇਗਾ। ਔਰ ਜਿਸ ਨੇ ਇਸ ਮਨ ਨੂੰ ਕੁਸੰਗਤ ਵਿੱਚ ਲੈ ਜਾ ਕਰਕੇ ਬੈਠਾਉਣ ਦੀ ਕੋਸ਼ਿਸ਼ ਕੀਤੀ ਤਾਂ ਇਕ ਦਿਨ ਇਹ ਮਨ ਐਬੀ ਬਣ ਜਾਵੇਗਾ, ਪਾਪੀ ਬਣ ਜਾਵੇਗਾ। ਕਬੀਰ ਜੀ ਦੇ ਸੁੰਦਰ ਫ਼ੁਰਮਾਣ ਹਨ:

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥* *(ਪੰਨਾ ੩੩੯)*

ਇਸ ਤੋਂ ਭਾਵ ਹੈ ਕਿ ਅਗਰ ਬੁੱਧੀ ਸਿੱਧੀ ਹੈ ਤਾਂ ਇਹ ਮਨ ਪਰਉਪਕਾਰ ਕਰਦਾ ਹੈ, ਬਾਣੀ ਪੜ੍ਹਦਾ ਹੈ ਤੇ ਪਰਮੇਸ਼ਰ ਦੇ ਗੁਣ ਵੀ ਗਾਉਂਦਾ ਹੈ। ਇਸ ਤੋਂ ਉਪਰੰਤ ਅਗਰ ਬੁੱਧੀ ਉਲਟੀ ਹੈ ਤਾਂ ਇਸ ਨੂੰ ਪਰਮੇਸ਼ਰ ਦੇ ਗੀਤ ਚੰਗੇ ਨਹੀਂ ਲੱਗਦੇ, ਪਰਮੇਸ਼ਰ ਵਾਹਿਗੁਰੂ ਦੀ ਬਾਣੀ ਵੀ ਚੰਗੀ ਨਹੀਂ ਲੱਗਦੀ। ਇਸ ਤੋਂ ਇਲਾਵਾ ਗੁਰਮੰਤਰ ਦਾ ਸਿਮਰਨ ਵੀ ਉਸ ਨੂੰ ਚੰਗਾ

ਨਹੀਂ ਲੱਗਦਾ ਤੇ ਸਤਿਸੰਗਤ ਵਿਚ ਆ ਕਰਕੇ ਵੀ ਉਹ ਖੁਸ਼ ਨਹੀਂ ਰਹਿੰਦਾ। ਬਹਾਨਾ ਤਾਂ ਇਹ ਹੈ ਕਿ ਉਥੇ ਸਿਰਫ ਕੜਾਹ ਜਾਂ ਲੰਗਰ ਖਾਣ ਵਾਸਤੇ ਹੀ ਜਾਂਦੇ ਹਨ। ਔਰ ਜਾਂ ਇਹ ਵੱਡਾ ਬਹਾਨਾ ਅੱਜ ਦੇ ਮਨੁੱਖਾਂ ਵਿੱਚ ਦੇਖਿਆ ਜਾਂਦਾ ਹੈ ਕਿ ਉਥੇ ਕੀ ਕਰਨ ਜਾਣਾ ਹੈ, ਉਥੇ ਤਾਂ ਝਗੜੇ ਹੁੰਦੇ ਹਨ। ਪਰ ਮਾਫ਼ ਕਰਨਾ ਜਿਸ ਨੇ ਵੀ ਅਗਰ ਕੋਈ ਵਸਤੂ ਇਸ ਦਰ ਤੋਂ ਲੈ ਕਰਕੇ ਜਾਣੀ ਹੈ ਤਾਂ ਉਹ ਜ਼ਰੂਰ ਲੈ ਕੇ ਜਾਵੇਗਾ। ਔਰ ਜਿਸ ਨੇ ਕੇਵਲ ਤੇ ਕੇਵਲ "ਗੁਰੂ ਗ੍ਰੰਥ ਸਾਹਿਬ ਜੀ" ਦੇ ਦਰਸ਼ਨ ਕਰਨੇ ਹਨ, ਬਾਣੀ ਸੁਣਨੀ ਹੈ, ਕਥਾ-ਕਹਾਣੀਆਂ ਸੁਣਨੀਆਂ ਨੇ ਤੇ ਇਤਿਹਾਸ ਸਰਵਣ ਕਰਨਾ ਹੈ ਤਾਂ ਉਹ ਇਹ ਗੱਲ ਕਦੀ ਨਹੀਂ ਕਹਿ ਸਕਦਾ ਕਿ ਮੈਂ ਲੜਾਈਆਂ ਤੋਂ ਦੁੱਖੀ ਹਾਂ, ਮੈਂ ਤੂੰ-ਤੂੰ, ਮੈਂ-ਮੈਂ ਤੋਂ ਦੁੱਖੀ ਹਾਂ। ਹਾਂ ਅਗਰ ਤੇਰੇ ਮਨ ਵਿੱਚ ਕੋਈ ਲੜਾਈ ਦੇ ਤੱਤ ਹਨ ਫਿਰ ਗੁਰਦੁਆਰੇ ਨਾ ਜਾਣ ਦੇ ਇਹ ਬਾਕੀ ਸਾਰੇ ਬਹਾਨੇ ਹਨ। ਅਗਰ ਤੁਸੀਂ ਆਪ ਚੰਗੇ ਹੋ ਤਾਂ ਤੁਹਾਨੂੰ ਬਾਕੀ ਦੇ ਚੰਗੇ ਨਜ਼ਰ ਆਉਣਗੇ ਤੇ ਅਗਰ ਤੁਸੀਂ ਆਪ ਝਗੜਾਲੂ ਹੋ ਤਾਂ ਬਾਕੀ ਦੀ ਸੰਗਤ ਵੀ ਤੁਹਾਨੂੰ ਝਗੜਾਲੂ ਹੀ ਨਜ਼ਰ ਆਏਗੀ। ਅਸਲ ਦੇ ਵਿੱਚ ਜਿਸ ਤਰ੍ਹਾਂ ਦੀ ਵੀ ਸ਼ਰਧਾ ਭਾਵਨਾ ਲੈ ਕੇ ਜੋ ਮਨੁੱਖ ਗੁਰੂ ਦੇ ਚਰਨ ਪਰਸੇਗਾ, ਉਹੋ ਜਿਹਾ ਹੀ ਫਲ ਉਸ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਜ਼ਰੂਰ ਪ੍ਰਾਪਤ ਹੋਵੇਗਾ। ਕੀ ਕਦੀ ਤੁਸੀਂ ਇਸ ਬਹਾਨੇ ਨਾਲ ਘਰ ਛੱਡ ਦਿੱਤਾ ਕਿ ਸਾਡੇ ਮਾਤਾ-ਪਿਤਾ ਦੀ ਆਪਸ ਵਿਚ ਬੜੀ ਲੜਾਈ ਹੈ ਤੇ ਇਸ ਲਈ ਮੈਂ ਘਰ ਨਹੀਂ ਵੜਨਾ। ਔਰ ਮੇਰੇ ਨਾਲ ਘਰ ਵਾਲੀ ਫਿੱਕਾ-ਮਾੜਾ ਬੋਲਦੀ ਹੈ ਤੇ ਮੈਂ ਪ੍ਰਸ਼ਾਦਾ ਨਹੀਂ ਛਕਣਾ ਤੇ ਘਰ ਵੀ ਨਹੀਂ ਆਉਣਾ। ਕੀ ਕਦੇ ਕਿਸੇ ਨੇ ਇੰਝ ਕੀਤਾ ਹੈ ? ਉਹ ਗੁਰਮੁਖ ਪਿਆਰਿਓ ਜਿਹੜਾ ਸਾਰਿਆਂ ਦਾ ਮਾਤਾ-ਪਿਤਾ ਹੈ, ਜਿਹੜਾ ਸਾਰਿਆਂ ਦਾ ਘਰ ਹੈ, ਉਥੇ ਨਾ ਆਉਣ ਦੇ ਸਿਰਫ ਬਹਾਨੇ ਨੇ। ਕਰਨੀ ਆਪ ਜੀ ਨੇ ਆਪਣੀ ਮਰਜ਼ੀ ਹੈ। ਮੈਂ ਤਾਂ ਸਿਰਫ ਆਪ ਜੀ ਦਾ ਦਾਸ ਆਪ ਅੱਗੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਚਨ ਰੱਖ ਰਿਹਾ ਹਾਂ।

ਹੁਣ ਇੰਨੀ ਕ੍ਰਿਪਾ ਸਤਿਗੁਰ ਜੀ ਨੇ ਆਪ ਅੱਗੇ ਕੀਤੀ ਕਿ ਜਿਹੜੇ ਬਗੈਰ ਨਾਗੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਪਰਸਦੇ ਹਨ ਔਰ ਇਹ ਰਸਨਾ ਨਾਲ ਅਕਾਲ-ਪੁਰਖ ਵਾਹਿਗੁਰੂ ਦੀਆਂ ਉਤਪਤੀਆਂ ਤੇ ਗੁਰਮੰਤਰ ਦਾ ਸਿਮਰਨ ਕਰਦੇ ਹਨ। ਸੋ ਸਾਰੇ ਹੀ ਰਸਨਾ ਨੂੰ ਕਰੋ ਪਵਿੱਤਰ ਤੇ ਮਨਾਂ-ਬਿਰਤੀਆਂ ਨੂੰ ਕਰੋ ਇਕਾਗਰ।. ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਚਨ ਆਉਂਦੇ ਹਨ ਕਿ ਇੰਨਾ ਵਾਧੇ ਦਾ ਸੌਦਾ, ਇੰਨੀਆਂ ਬਖਸ਼ਿਸ਼ਾਂ ਇਥੋਂ ਪ੍ਰਾਪਤ ਹੁੰਦੀਆਂ ਨੇ, ਜੰਮਣ-ਮਰਨ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ ਔਰ ਜਿਸ ਨੇ ਸ਼ਾਂਤੀ ਲੈਣੀ ਹੈ ਉਸ ਨੂੰ ਸ਼ਾਂਤੀ ਵੀ ਮਿਲ ਜਾਂਦੀ ਹੈ। ਔਰ ਫਿਰ ਇਹ ਮਨੁੱਖ ਕਿਉਂ ਨਹੀਂ ਆ ਕੇ ਸਤਿਸੰਗਤ ਕਰਦਾ ? ਮਨ ਕਰਕੇ ਕਿਉਂ ਨਹੀਂ ਗੁਰੂ ਦੀ ਗੋਦ ਵਿਚ ਬੈਠਦਾ ? ਫਿਰ ਸਾਹਿਬਾਂ ਵਲੋਂ ਇਹ ਉੱਤਰ ਮਿਲਿਆ :

*ਅੰਮ੍ਰਿਤੁ ਕਉਰਾ ਬਿਖਿਆ ਮੀਠੀ॥*

*ਸਾਕਤ ਕੀ ਬਿਧਿ ਨੈਨਹੁ ਡੀਠੀ॥* (ਪੰਨਾ ੯੯੨)

ਕਹਿੰਦੇ ਜਿਹੜੇ ਮਨਮੁਖ ਬੰਦੇ ਨੇ ਭਾਵ ਕਿ ਜਿਨ੍ਹਾਂ ਦਾ ਮਨ ਕੁਸੰਗਤ ਦਾ ਆਦੀ ਬਣ ਗਿਆ ਫਿਰ ਉਹਨਾਂ ਨੂੰ ਅੰਮ੍ਰਿਤ-ਮਈ ਬਚਨ, ਅੰਮ੍ਰਿਤ-ਮਈ ਵਿਚਾਰਾਂ ਚੰਗੀਆਂ ਨਹੀਂ ਲੱਗਦੀਆਂ, ਬਲਕਿ ਇਹ ਬਾਣੀ ਉਹਨਾਂ ਨੂੰ ਕੌੜੀ ਲੱਗਦੀ ਹੈ। ਗੁਰਦੇਵ ਦੇ ਬਚਨ ਹਨ ਕਿ ਜਿਨ੍ਹਾਂ ਨੇ ਵਾਕੇ ਹੀ ਇਹ ਗੱਲ ਦੇਖ ਲਈ ਕਿ ਪਰਮੇਸ਼ਰ ਦਾ ਨਾਮ ਜੋ ਹੈ ਉਹ ਅੰਮ੍ਰਿਤ ਹੈ ਔਰ ਉਸ ਨਾਮ ਰੂਪੀ ਅੰਮ੍ਰਿਤ ਤੋਂ ਬਗੈਰ ਜੋ ਵੀ ਹੈ, ਉਹ ਜ਼ਹਿਰ ਹੈ। ਇਸੇ ਕਰਕੇ ਮੰਗਣ ਵਾਲਿਆਂ ਨੇ ਪਰਮੇਸ਼ਰ ਦੇ ਚਰਨਾਂ ਵਿਚ ਇਹ ਚੀਜ਼ ਮੰਗ ਲਈ ਕਿ:

*ਏਕੁ ਚੀਜੁ ਮੁਝੈ ਦੇਹਿ*
*ਅਵਰ ਜਹਰ ਚੀਜ ਨ ਭਾਇਆ॥* (ਪੰਨਾ ੧੨੯੧)

ਭਾਵ ਕਿ ਮੈਨੂੰ ਹੋਰ ਕੁਝ ਚਾਹੀਦਾ ਹੀ ਨਹੀਂ, ਪਰ:

*ਜਿਨ ਸਰਧਾ ਰਾਮ ਨਾਮਿ ਲਗੀ*
*ਤਿਨ੍ ਦੂਜੈ ਚਿਤੁ ਨ ਲਾਇਆ ਰਾਮ॥*
*ਜੇ ਧਰਤੀ ਸਭ ਕੰਚਨੁ ਕਰਿ ਦੀਜੈ*
*ਬਿਨੁ ਨਾਵੈ ਅਵਰੁ ਨ ਭਾਇਆ ਰਾਮ॥* (ਪੰਨਾ ੪੪੪)

ਇਹ ਸਾਰੀ ਗੱਲ "ਸ਼ਰਧਾ" ਦੀ ਹੈ। ਭਾਵ ਕਿ ਜਿਨ੍ਹਾਂ ਨੇ ਸ਼ਰਧਾ ਦੇ ਨਾਲ ਪਰਮੇਸ਼ਰ ਦੀ ਬਾਣੀ ਤੇ ਗੁਰੂ ਦਾ ਨਾਮ ਸਿਮਰਨ ਕੀਤਾ ਨਾ, ਸਿਰਫ ਉਹਨਾਂ ਨੂੰ ਹੀ ਪਤਾ ਲੱਗਾ ਕਿ ਮੈਂ ਹੋਰ ਕਿਤੇ ਨਹੀਂ ਮਨ ਲਾਉਣਾ। ਗੁਰਦੇਵ ਜੀ ਕਹਿੰਦੇ ਭਾਵੇਂ ਸਾਰੀ ਧਰਤੀ ਸੋਨੇ ਦੀ ਕਿਉਂ ਨਾ ਬਣਾ ਦਿੱਤੀ ਜਾਵੇ ਪਰ ਨਾਮ-ਰਸੀਏ ਨੂੰ ਕੇਵਲ ਨਾਮ ਹੀ ਮਿੱਠਾ ਲੱਗਦਾ ਹੈ। ਲੇਕਿਨ ਕਿੰਨਿਆਂ ਨੇ ਤਾਂ ਇਹ ਵੀ ਬਚਨ ਕੀਤਾ ਹੈ ਕਿ ਸਾਨੂੰ ਨਾਮ ਦੀ ਕੀਮਤ ਦਾ ਨਹੀਂ ਪਤਾ, ਸਾਨੂੰ ਨਾਮ ਦੀ ਵਿਸ਼ੇਸ਼ਤਾ ਦਾ ਪਤਾ ਨਹੀਂ ਲੱਗਾ। ਔਰ ਜਿਸ ਦਿਨ ਸਾਨੂੰ ਨਾਮ ਦੇ ਸੁੱਖ ਦਾ ਗਿਆਨ ਹੋ ਜਾਏਗਾ, ਉਸ ਦਿਨ ਤੁਸੀਂ ਸਾਰੇ ਕੰਮ ਛੱਡ ਕੇ ਨਾਮ ਦੀ ਕਮਾਈ ਕਰਨ ਵਾਸਤੇ ਉੱਦਮ ਕਰਨਾ ਆਰੰਭ ਕਰ ਦੇਵੋਗੇ।

*ਜੇ ਧਰਤੀ ਸਭ ਕੰਚਨੁ ਕਰਿ ਦੀਜੈ*
*ਬਿਨੁ ਨਾਵੈ ਅਵਰੁ ਨ ਭਾਇਆ ਰਾਮ॥* (ਪੰਨਾ ੪੪੪)

ਭਾਵ ਕਿ ਨਾਮ-ਰਸੀਏ ਨੂੰ ਨਾਮ ਤੋਂ ਬਗੈਰ ਕੁਝ ਚੰਗਾ ਨਹੀ ਲੱਗਦਾ। ਜਿਹੜੇ ਕਹਿੰਦੇ ਹਨ ਕਿ "ਗੁਰੂ ਗੋਬਿੰਦ ਸਿੰਘ" ਸਿਰਫ ਉਹਨਾਂ ਦੇ ਹੀ ਗੁਰੂ ਹਨ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਬਾਕੀ ਕਿਸੇ ਦੇ ਵੀ ਨਹੀਂ। ਜਿਨ੍ਹਾਂ ਨੇ ਇਹ ਪ੍ਰਸ਼ਨ ਕੀਤਾ ਹੈ ਉਹ ਬਿਲਕੁਲ ਦਰੁਸਤ ਹਨ, ਕਿਉਂਕਿ ਇਹ ਸਮਰੱਥ ਗੁਰੂ ਹੈ।

*ਸਮਰਥ ਗੁਰੂ ਸਿਰਿ ਹਥੁ ਧਰ੍ਉ॥*

*ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ*
*ਜਿਸੁ ਦੇਖਿ ਚਰੰਨ ਅਘੰਨ ਹਰੁਉ॥* (ਪੰਨਾ ੧੪੦੦)

ਭਾਵ ਕਿ ਤੁਹਾਡਾ ਗੁਰੂ, ਗੁਰੂ ਗੋਬਿੰਦ ਸਿੰਘ ਤੇ ਗੁਰੂ ਗ੍ਰੰਥ ਸਾਹਿਬ ਜੀ ਉਦੋਂ ਹੀ ਹੋਣਗੇ ਜਦੋ ਤੁਸੀਂ ਗੁਰੂ ਦਾ ਬਚਨ ਮੰਨ ਲਵੋਗੇ, ਬਲਕਿ ਇਹ ਕਦੀ ਨਹੀਂ ਹੋ ਸਕਦਾ ਕਿ ਤੁਸੀਂ ਕਹੋ ਕਿ ਅਸੀਂ ਗੁਰੂ ਦਾ ਬਚਨ ਮੰਨਣ ਵਾਸਤੇ ਤਿਆਰ ਨਹੀਂ ਹਾਂ ਤੇ ਅੱਗੋਂ ਇਹ ਕਹੀਏ ਕਿ ਇਹ ਸਾਡਾ ਵੀ ਗੁਰੂ ਹੈ। ਬਸ਼ਰਤਿ ਮਨੁੱਖ ਪ੍ਰਣ ਕਰੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਚਰਨਾਂ ਵਿਚ ਆ ਕੇ ਕਿ ਸਤਿਗੁਰ ਸੱਚੇ ਪਾਤਿਸ਼ਾਹ ਜੀ ! ਮੈਨੂੰ ਆਪਣਾ ਸਿੱਖ ਬਣਾ ਲਵੋ। ਮੈਨੂੰ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਦੇ ਦੇਵੋ। ਔਰ ਮੇਰਾ ਅਤੇ ਸਿੱਖ-ਗੁਰੂ ਦਾ ਜਿਹੜਾ ਰਿਸ਼ਤਾ ਹੈ ਉਹ ਪੱਕਾ ਕਰ ਲਵੋ। ਅਗਰ ਇਹ ਸਭ ਚੀਜ਼ਾਂ ਨਹੀਂ ਤੇ ਭਗਤ ਕਬੀਰ ਜੀ ਦਾ ਸੁੰਦਰ ਬਚਨ ਆਉਂਦਾ ਹੈ ਕਿ ਇਕ ਕੁਆਰੀ ਕੰਨਿਆ ਹੈ, ਜਿਸ ਦੀ ਅਜੇ ਸ਼ਾਦੀ ਔਰ ਉਹ ਗ੍ਰਹਿਸਤ ਆਸ਼ਰਮ ਵਿੱਚ ਅਜੇ ਪ੍ਰਵੇਸ਼ ਨਹੀਂ ਹੋਈ ਤੇ ਉਹ ਸੁਹਾਗਣਾਂ ਵਾਲੇ ਸਾਰੇ ਫੈਸ਼ਨ ਕਰੇ ਤੇ ਕਹੇ ਕਿ ਮੈਂ ਪਤੀ ਵਾਲੀ ਹਾਂ, ਮੈਂ ਸੁਹਾਗਣ ਹਾਂ। ਔਰ ਅਜੇ ਉਸ ਦਾ ਵਿਆਹ ਹੋਇਆ ਨਹੀਂ ਹੈ। ਅਜੇ ਉਸ ਦਾ ਆਨੰਦ-ਕਾਰਜ ਹੋਇਆ ਨਹੀਂ ਹੈ। ਲੱਖ ਸ਼ਿੰਗਾਰ ਕਰੇ ਉਹ ਸੁਹਾਗਣਾਂ ਵਾਲੇ ਕੋਈ ਕਹਿ ਦੇਵੇਗਾ ਕਿ ਉਹ ਵਿਆਹੁਤਾ ਹੈ। ਉਹ ਜੇ ਲੱਖ ਸੁਹਾਗਣਾਂ ਵਾਲੇ ਸ਼ਿੰਗਾਰ ਕਰਨ ਨਾਲ ਪਤੀ ਵਾਲੀ ਨਹੀਂ ਬਣ ਸਕਦੀ, ਇਸੇ ਤਰ੍ਹਾਂ ਜਿਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣੇ ਪਿਤਾ ਤੇ ਸਾਹਿਬ ਕੌਰ ਨੂੰ ਆਪਣੀ ਮਾਤਾ ਨਹੀਂ ਨਾ ਬਣਾਇਆ ਤੇ ਫਿਰ ਉਹ ਭਾਵੇਂ ਲੱਖ ਵਾਰੀ ਇਹ ਕਹਿੰਦਾ ਰਹੇ ਕਿ ਮੈਂ "ਗੁਰੂ ਵਾਲਾ" ਹਾਂ, ਤਾਂ ਨਹੀਂ। ਉਸ ਨੇ ਕਿਸੇ ਦੇ ਕਹਿਣ ਨਾਲ ਗੁਰੂ ਵਾਲਾ ਨਹੀਂ ਬਣ ਜਾਣਾ, ਜਿਸ ਤਰ੍ਹਾਂ ਕਿ ਇਕ ਕੁਆਰੀ ਕੰਨਿਆਂ ਦੇ ਸ਼ਿੰਗਾਰ ਕਰਨ ਨਾਲ ਉਹ ਸੁਹਾਗਣ ਨਹੀਂ ਬਣ ਜਾਂਦੀ। ਔਰ ਜਦੋਂ ਉਹ ਪਤੀ ਵਾਲੀ ਬਣ ਗਈ ਤਾਂ ਉਸ ਨੂੰ ਕਹਿਣ ਦੀ ਵੀ ਜ਼ਰੂਰਤ ਨਹੀਂ ਪੈਣੀ। ਇਸੇ ਤਰ੍ਹਾਂ ਜਦੋਂ ਅਸੀਂ ਵੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਸਿੱਖ ਬਣ ਗਏ, ਫਿਰ ਸਾਨੂੰ ਵੀ ਰੌਲਾ ਪਾਉਣ ਦੀ ਜ਼ਰੂਰਤ ਨਹੀਂ ਰਹੇਗੀ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਸਿੱਖ ਬਣ ਗਏ।

ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਬਚਨ ਆਉਂਦਾ ਹੈ :

੧. *ਵਿਣੁ ਗੁਰ ਹੋਰੁ ਧਿਆਨੁ ਹੈ ਸਭ ਦੂਜਾ ਭਾਉ।*
*ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ।*
*ਵਿਣੁ ਗੁਰ ਚਰਣਾਂ ਪੂਜਣਾ ਸਭੁ ਕੂੜਾ ਸੁਆਉ।*
*ਵਿਣੁ ਗੁਰ ਬਚਨੁ ਜੁ ਮੰਨਣਾ ਊਰਾ ਪਰਥਾਉ।*
*ਸਾਧਸੰਗਤਿ ਵਿਣੁ ਸੰਗੁ ਹੈ ਸਭੁ ਕਚਾ ਚਾਉ।*

(ਵਾਰ ੨੭/੧੭)

'ਗੁਰੂ ਗ੍ਰੰਥ ਸਾਹਿਬ ਮਹਾਰਾਜ' ਜੀ ਦੀ ਕੁੰਜੀ ਬਾਣੀ ਰਾਹੀਂ ਭਾਈ ਗੁਰਦਾਸ ਸਾਹਿਬ ਜੀ ਸਾਡੇ ਜਿਹੜੇ ਬਾਣੀ ਪ੍ਰਤੀ ਸ਼ੰਕੇ ਨੇ, ਪ੍ਰਸ਼ਨ ਨੇ, ਸਵਾਲ ਨੇ, ਇਨ੍ਹਾਂ ਸਾਰਿਆਂ ਦਾ ਉੱਤਰ ਦੇ ਰਹੇ ਹਨ ਭਾਈ ਸਾਹਿਬ ਜੀ।

*੧. ਵਿਣੁ ਗੁਰੁ ਹੋਰੁ ਧਿਆਨੁ ਹੈ ਸਭ ਦੂਜਾ ਭਾਉ।*

ਇਸ ਤੋਂ ਭਾਵ ਹੈ ਕਿ ਜਿਨ੍ਹਾਂ ਦਾ ਧਿਆਨ ਗੁਰੂ ਵਲੋਂ ਉਠ ਕੇ ਤੇ ਦੁਨਿਆਵੀ ਕੰਮਾਂ ਵੱਲ ਲੱਗਾ ਹੋਇਆ ਹੈ ਤਾਂ ਉਹ ਸਮਝ ਲਵੇ ਕਿ ਉਹ ਦੂਈ-ਦਵੈਸ਼ ਦੇ ਵਿਚ ਲੁਭਾਇਮਾਨ ਹੋ ਕੇ ਤੁਰਿਆ ਫਿਰਦਾ ਹੈ। ਉਹ ਦੂਈ-ਦਵੈਸ਼ ਜਿਹੜੀ ਸਾਨੂੰ ਬਾਣੀ ਮਿੱਠੀ ਨਹੀਂ ਲੱਗਣ ਦਿੰਦੀ, ਉਹ ਦੂਈ-ਦਵੈਸ਼ ਜਿਹੜੀ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਕਰਨ ਦਿੰਦੀ, ਸਤਿ-ਸੰਗਤ ਦੇ ਵਿਚ ਆਉਣ ਨਹੀਂ ਦਿੰਦੀ। ਜਿਹੜੀ ਅੰਮ੍ਰਿਤ ਵੇਲੇ ਉਠਣ ਨਹੀਂ ਦਿੰਦੀ ਤੇ ਉਹ ਦੂਈ-ਦਵੈਸ਼ ਜਿਹੜੀ ਸਾਨੂੰ ਸੱਚ ਬੋਲਣ ਨਹੀਂ ਦਿੰਦੀ। ਜਿਸ ਦੇ ਲਈ ਸਤਿਗੁਰਾਂ ਦੇ ਬਚਨ ਹਨ :

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ॥ ੧॥* (ਪੰਨਾ ੫੬੦)

*੨. ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ।*

ਕਹਿੰਦੇ ਨੇ ਕਿ ਗੁਰੂ ਦੇ ਸ਼ਬਦ ਦਾ ਗਿਆਨ ਨਹੀਂ, ਗੁਰੂ ਦੇ ਸ਼ਬਦ ਦੀ ਵਿਚਾਰ ਨਹੀਂ, ਬਲਕਿ ਆਪਣੀਆਂ ਸਲਾਹਾਂ ਦੇਈ ਜਾਂਦਾ ਹੈ, ਆਪਣੀਆਂ ਸਿਆਣਪਾਂ ਰੱਖੀ ਜਾਂਦਾ ਹੈ। ਭਾਵ ਕਿ ਗੁਰੂ ਦੇ ਬਿਨਾਂ ਅਗਰ ਕੋਈ ਵੀ ਵਿਚਾਰ ਹੈ ਤਾਂ ਸਭ ਫਿੱਕੀ ਹੈ। ਔਰ ਜਿਹੜੇ ਆਪਣੀ ਸਿਆਣਪ ਦੇ ਨਾਲ ਆਪਣੇ ਢੰਗ ਨਾਲ ਜਵਾਬ ਦੇ ਰਹੇ ਹਨ, ਇਹ ਸਭ ਫਿੱਕਾ ਹੈ ਗੁਰੂ ਦੀ ਬਾਣੀ ਅੱਗੇ।

*੩. ਵਿਣੁ ਗੁਰ ਬਚਨੁ ਜੁ ਮੰਨਣਾ ਊਰਾ ਪਰਥਾਉ।*

ਭਾਵ ਕਿ ਜਿਹੜਾ ਬਗੈਰ ਗੁਰੂ ਦੇ ਬਚਨਾਂ ਤੋਂ ਕਿਸੇ ਹੋਰ ਦੀ ਗੱਲ ਮੰਨਦਾ ਹੈ। ਜਿਸ ਤਰ੍ਹਾਂ ਕਿ ਕਿਸੇ ਨੇ ਵੀ ਅਗਰ ਗੁਰੂ-ਘਰ ਆਉਣ ਤੇ ਤਾਹਨਾ ਮਾਰ ਦਿੱਤਾ ਤਾਂ ਉਹ ਇਕ-ਦਮ ਅਸਰ ਕਰ ਜਾਂਦਾ ਹੈ ਤੇ ਤੁਸੀਂ ਘਰ ਬੈਠ ਜਾਂਦੇ ਹੋ। ਔਰ ਅਗਰ ਕੋਈ ਵਧੀਆ ਨੌਕਰੀ ਦਾ ਮਿਹਣਾ ਮਾਰ ਦੇਵੇ, ਕੋਈ ਵਧੀਆ ਕੰਮ ਦਾ ਮਿਹਣਾ ਮਾਰ ਦੇਵੇ ਤਾਂ ਤੁਸੀਂ ਕਦੀ ਵੀ ਆਪਣਾ ਕੰਮ ਨਹੀਂ ਛੱਡਿਆ, ਸਿਰਫ ਇਕੋ ਕੰਮ ਰਹਿ ਗਿਆ ਹੈ ਕਿ ਜੇ ਗੁਰੂ-ਘਰ ਆ ਕੇ ਸੇਵਾ-ਸਿਮਰਨ ਕਰਨਾ, ਪਰਮੇਸ਼ਰ ਦਾ ਨਾਮ ਜਪਣਾ, ਖੰਡੇ-ਬਾਟੇ ਦਾ ਅੰਮ੍ਰਿਤ ਛੱਕਣਾ। ਔਰ

ਜੇ ਮਾੜਾ ਜਿਹਾ ਕਿਸੇ ਨੇ ਇਸ ਬਾਰੇ ਕਹਿ ਦਿੱਤਾ ਤਾਂ ਤੁਸੀਂ ਉਸੇ ਵਕਤ ਸਭ ਕੁਝ ਛੱਡ ਦਿੰਦੇ ਹੋ।

*੪. ਵਿਣੁ ਗੁਰ ਚਰਣਾਂ ਪੂਜਣਾ ਸਭੁ ਕੂੜਾ ਸੁਆਉ।*

ਭਾਵ ਕਿ ਇਹ ਸਭ ਕੁਝ ਝੂਠ ਹੈ। ਅਗਰ ਬਗੈਰ ਗੁਰੂ ਦੇ ਚਰਨਾਂ ਤੋਂ ਮੱਥਾ ਟੇਕਣਾ। ਜਿਸ ਤਰ੍ਹਾਂ ਦੰਭੀ-ਪਾਖੰਡੀ, ਦੇਹਧਾਰੀ ਕੇਵਲ ਤੇ ਕੇਵਲ ਮੱਥਾ ਟਿਕਾਉਣ ਵਿੱਚ ਹੀ ਮਤਲਬ ਰੱਖਦੇ ਹਨ। ਜਿਥੇ ਗੁਰੂ ਦੀ ਵਡਿਆਈ ਕਰਨੀ ਚਾਹੀਦੀ ਹੈ, ਉਥੇ ਆਪਣੀ ਵਡਿਆਈ ਕਰਨ ਦੇ ਉਹ ਆਦੀ ਬਣ ਜਾਂਦੇ ਹਨ, ਭਾਵ ਕਿ ਉਹ ਆਪੇ ਹੀ ਪੂਰੇ ਗੁਰੂ ਬਣ ਗਏ। ਜਿਨ੍ਹਾਂ ਦੇ ਪ੍ਰਤੀ ਸਾਹਿਬਾਂ ਦਾ ਬਚਨ ਹੈ :

*ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥*
*ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥*

*(ਪੰਨਾ ੯੫੧)*

ਉਹ ਆਪਣੇ ਭਾਣੇ, ਆਪਣੇ ਮੁਤੱਲਕ ਆਪਣੇ ਚੇਲਿਆਂ ਨੂੰ ਨਾਲ ਲਈ ਫਿਰਦੇ ਹਨ। ਔਰ ਉਹ ਨਿੱਤ ਦਿਨ-ਰਾਤ ਝੂਠ ਬੋਲਦੇ ਫਿਰਦੇ ਹਨ। ਇਸ ਲਈ ਅੱਗੇ ਜੋ ਉਹਨਾਂ ਦਾ ਹਸ਼ਰ ਹੋਣਾ, ਉਹ ਕੀੜਿਆਂ ਤੇ ਸੱਪ ਵਰਗਾ ਹੋਣਾ। ਔਰ ਉਸ ਦੇਹਧਾਰੀ ਪਾਖੰਡੀ ਗੁਰੂ ਨੇ ਬਣਨਾ ਸੱਪ ਤੇ ਜਿਹੜੇ ਬਣੇ ਫਿਰਦੇ ਨੇ ਉਸ ਦੇ ਚੇਲੇ, ਉਹ ਕੀੜੇ ਬਣ ਕੇ ਉਸ ਤੋਂ ਹਿਸਾਬ ਲੈਣਗੇ। ਔਰ ਪੰਜਵਾਂ ਬਚਨ :

*੫. ਸਾਧਸੰਗਤਿ ਵਿਣੁ ਸੰਗੁ ਹੈ ਸਭੁ ਕਚਾ ਚਾਉ।*

ਕਹਿੰਦੇ ਜਿਹੜੇ ਸਤਿਸੰਗਤ ਦੇ ਚਾਉ ਨੂੰ ਛੱਡ ਕੇ ਕੁਸੰਗਤ ਵਿੱਚ ਜਾ ਕਰਕੇ ਬੈਠਦੇ ਹਨ। ਇਸ ਲਈ ਉਹ ਜਿਹੜਾ ਚਾਅ ਹੈ ਨਾ ਉਹਨਾਂ ਦਾ ਉਹ ਸਭ ਕੱਚਾ ਹੈ। ਕਿਉਂਕਿ ਉਸੇ ਚਾਅ ਨੇ ਉਹਨਾਂ ਨੂੰ ਨਰਕਾਂ ਵਿਚ ਸੁੱਟਣਾ। ਉਸ ਚਾਅ ਨੇ ਹੀ ਉਸ ਨੂੰ ਟੇਢੀਆਂ-ਮੇਢੀਆਂ ਜੂਨਾਂ ਵਿਚ ਪਾਉਣਾ। ਔਰ ਉਸੇ ਚਾਅ ਨੇ ਹੀ ਉਹਨਾਂ ਦੇ ਮਨ ਵਿੱਚ ਬੁਰੇ ਖਿਆਲ ਉਤਪੰਨ ਕਰਨੇ ਔਰ ਮਨ ਦੀ ਸ਼ਾਂਤੀ ਵੀ ਨਹੀਂ ਬਣਾਉਣ ਦੇਣੀ।

ਕਲਗੀਧਰ ਪਾਤਿਸ਼ਾਹ ਜੀ ਕਹਿੰਦੇ ਇਹ ਹੁਣ ਅਕਾਲ-ਪੁਰਖ ਪਰਮੇਸ਼ਰ ਦੇ ਹੁਕਮ ਦੇ ਨਾਲ ਇਹ ਮਰਿਯਾਦਾ ਬਣ ਚੁੱਕੀ ਹੈ, ਇਹ ਨਿਯਮ ਬਣ ਚੁੱਕਾ ਹੈ ਕਿ ਬਗੈਰ ਗੁਰੂ ਤੋਂ, ਬਗੈਰ ਖੰਡੇ-ਬਾਟੇ ਦੇ ਅੰਮ੍ਰਿਤ ਤੋਂ ਕਿਸੇ ਨੂੰ ਵੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਸੱਚਖੰਡ ਦੇ ਦਰਵਾਜ਼ੇ ਤੇ ਐਂਟਰੀ ਵੀ ਨਹੀਂ ਹੋ ਸਕਦੀ।

ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਰਨਾਂ ਵਿੱਚ ਜੋ ਗੁਰੂ ਹਰਿਗੋਬਿੰਦ ਮਹਾਰਾਜ ਦੇ ਸਮੇਂ ਭਾਈ ਜੋਤ ਜੀ ਤਗੜੇ ਸਿੱਖ ਸੇਵਾਦਾਰ ਹੋਏ ਤੇ ਉਹਨਾਂ ਦੇ ਪੋਤਰੇ ਭਾਈ ਸ਼ਮੀਰ, ਭਾਈ ਲਖਮੀਰ ਤੇ ਤਖਤ ਮਲ ਗੁਰੂ ਜੀ ਦੇ ਚਰਨਾਂ ਵਿਚ ਪਹੁੰਚੇ।

ਉਹਨਾਂ ਨੇ ਬੇਨਤੀ ਕੀਤੀ ਕਿ ਸਾਡਾ ਜੰਮਣ ਅਤੇ ਮਰਨ ਦਾ ਗੇੜ ਖਤਮ ਕਰਕੇ ਅਕਾਲ-ਪੁਰਖ ਜੀ ਦੇ ਚਰਨਾਂ ਵਿਚ ਬਖਸ਼ ਦੇਣਾ ਕਰੋ। ਫਿਰ ਗੁਰੂ ਜੀ ਨੇ ਉਹਨਾਂ ਨੂੰ ਜਵਾਬ ਦੇਣਾ ਕੀਤਾ ਕਿ ਬਗੈਰ ਗੁਰੂ ਤੋਂ ਗੱਲ ਨਹੀਂ ਬਣਨੀ :

*ਗੁਰ ਬਿਨੁ ਗਿਆਨੁ ਨ ਹੋਇ॥*

*ਗੁਰ ਬਿਨੁ ਗਿਆਨੁ ਨ ਹੋਇ॥*

*ਬੇਦ ਬਿਆਸੇ ਕੋਇ॥*

ਹੁਣ ਇਹ "ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ" ਦੇ ਬਚਨ ਹਨ ਕਿ ਭਾਈ ਰੇ...., ਭਾਵ ਕਿ ਐ ਦੁਨੀਆਂ ਦੇ ਲੋਕੋ, ਗੁਰੂ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਲੇਕਿਨ ਅਸੀਂ ਆਪਣੇ ਆਪ ਨੂੰ ਕੀ ਸਮਝਦੇ ਹਾਂ ? ਅਗਰ ਅਸੀਂ ਆਪਣੇ ਆਪ ਨੂੰ ਕੁਝ ਸਮਝਦੇ ਹਾਂ ਤੇ ਤਾਂ ਹੀ ਅਸੀਂ ਗੁਰੂ ਵਾਲੇ ਬਣਨ ਲਈ ਤਿਆਰ ਨਹੀਂ।

ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕਹਿਣਾ ਕੀਤਾ ਕਿ ਸ਼ਮੀਰ ! ਜਿੰਨਾ ਚਿਰ ਤੂੰ ਗੁਰੂ ਵਾਲਾ ਨਹੀਂ ਨਾ ਬਣੇਗਾ, ਓਨਾ ਚਿਰ ਗੱਲ ਨਹੀਂ ਬਣਨੀ। ਭਾਵੇਂ ਤੁਸੀਂ ਲੱਖ ਯਤਨ ਕਰੋ, ਭਾਵੇਂ ਤੁਸੀਂ ਕਈ ਗੱਲਾਂ-ਬਾਤਾਂ ਕਰੋ, ਕਈ ਤਰ੍ਹਾਂ ਦੀਆਂ ਭਾਵੇਂ ਸਿਆਣਪਾਂ ਕਰੋ। ਪਰ ਜਦੋਂ ਗੱਲ ਮੁਕਤੀ ਦੀ ਆਉਣੀ ਹੈ ਨਾ, ਉਦੋਂ ਗੁਰੂ ਤੋਂ ਬਗੈਰ ਗੱਲ ਨਹੀਂ ਬਣਨੀ। ਇਸ ਲਈ ਤੁਹਾਨੂੰ ਗੁਰੂ ਵਾਲੇ ਬਣਨਾ ਹੀ ਪੈਣਾ ਹੈ। ਇਹ ਸਭ ਕੁਝ ਗੁਰੂ ਜੀ ਨੇ ਸੁਪਨੇ ਵਿਚ ਹੀ ਕਰ ਦਿੱਤਾ। ਉਸ ਨੂੰ ਸੁਪਨੇ ਵਿੱਚ ਹੀ ਕਈ ਪ੍ਰਕਾਰ ਦੀਆਂ ਟੇਢੀਆਂ-ਮੇਢੀਆਂ ਜੂਨਾਂ ਦਿਖਾਈਆਂ। ਫਿਰ ਉਹ ਸਵੇਰੇ ਉਠਦਿਆਂ ਹੀ ਗੁਰੂ ਜੀ ਕੋਲ ਪਹੁੰਚ ਗਿਆ ਤੇ ਗੁਰੂ ਜੀ ਵੇਖ ਕੇ ਹੈਰਾਨ ਹੋ ਗਏ ਕਿ ਕਦੇ ਤੂੰ ਨਾਗਾ ਪਾ ਦਿੰਦਾ ਸੀ। ਕਦੇ ਕੋਈ ਬਹਾਨਾ ਬਣਾ ਲੈਂਦਾ ਸੀ। ਔਰ ਅੱਜ ਕਿਵੇਂ ਤੂੰ ਇਥੇ ਆ ਗਿਆ ? ਤਾਂ ਉਹ ਕਹਿਣ ਲੱਗਾ ਕਿ ਮਹਾਰਾਜ ਅੱਜ ਆਪ ਜੀ ਦੀ ਬਖਸ਼ਿਸ਼ ਹੋ ਗਈ।

ਇਸ ਲਈ ਜਿਸ ਦਿਨ ਸਾਨੂੰ ਵੀ ਸਤਿਸੰਗਤ ਦੀਆਂ ਘੜੀਆਂ ਦੀ ਕੀਮਤ ਦਾ ਪਤਾ ਲੱਗ ਗਿਆ ਤਾਂ ਉਦੋਂ ਨਾ ਬਹਾਨਾ ਕਮੇਟੀ ਵਾਲਿਆਂ ਦਾ ਹੋਵੇਗਾ, ਨਾ ਬਹਾਨਾ ਕਿਸੇ ਕੰਮ ਦਾ ਹੋਵੇਗਾ ਤੇ ਨਾ ਹੀ ਬਹਾਨਾ ਗੁਰਦੁਆਰੇ ਤੋਂ ਦੂਰ ਘਰ ਦਾ ਹੋਵੇਗਾ, ਫਿਰ ਤੁਸੀਂ ਸਭ ਕੁਝ ਭੁੱਲ ਕੇ ਗੁਰੂ ਜੀ ਦੇ ਚਰਨਾਂ ਵਿਚ ਪਹੁੰਚੋਗੇ। ਇਹ ਬਹਾਨੇ ਸਿਰਫ ਉਨੀ ਦੇਰ ਤੱਕ ਹੀ ਹਨ, ਜਿੰਨੀ ਦੇਰ ਤੱਕ ਸਾਨੂੰ ਇਹਨਾਂ ਘੜੀਆਂ ਦੀ ਕੀਮਤ ਦਾ ਹੀ ਨਹੀਂ ਪਤਾ।

"ਬੋਲੇ ਸੋ ਨਿਹਾਲ,

ਸਤਿ ਸ੍ਰੀ ਅਕਾਲ॥"

ਦੁਨੀਆਂ ਦੇ ਵਿੱਚ ਅਗਰ ਕੋਈ ਵੀ ਧਰਮ ਹੈ ਤਾਂ ਉਸ ਧਰਮ ਦੀ ਸੋਚਣੀ ਇਹ ਹੁੰਦੀ ਹੈ ਕਿ ਹਰ ਮਨੁੱਖ ਸਾਡਾ ਧਰਮ ਅਪਣਾ ਲਵੇ। ਇਸੇ ਤਰ੍ਹਾਂ ਜੋ "ਸਿੱਖ ਧਰਮ" ਹੈ, ਇਸ ਸਿੱਖ

ਧਰਮ ਦੀ ਵੀ ਸੋਚਣੀ ਇਹ ਹੈ ਕਿ ਵਰਲਡ ਦਾ ਹਰ ਮਨੁੱਖ ਸਿੱਖੀ-ਸਰੂਪ ਦੇ ਵਿੱਚ ਆ ਜਾਵੇ ਤੇ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਤੇ ਅਕਾਲ-ਪੁਰਖ ਪਰਮੇਸ਼ਰ ਖਾਲਸੇ ਦੀ ਫੌਜ ਬਣ ਜਾਵੇ। ਪਰ ਹਰ ਧਰਮ ਦੇ ਪ੍ਰਚਾਰ ਕਰਨ ਦੇ ਤਰੀਕੇ ਅਲੱਗ-ਅਲੱਗ ਹਨ। ਜਿਸ ਤਰ੍ਹਾਂ 'ਮੁਸਲਮਾਨ ਧਰਮ' ਹੈ, ਉਹ ਕਹਿੰਦੇ ਹਨ ਕਿ ਅਗਰ ਕੁਝ ਵੀ ਕਰਨਾ ਪੈ ਜਾਵੇ ਤਾਂ ਸਾਰਿਆਂ ਨੂੰ ਪਹਿਲਾਂ ਮੁਸਲਮਾਨ ਬਣਾਉਣਾ। ਪਰ ਇਸ ਧਰਮ ਦੇ ਸਾਹਮਣੇ "ਸਿੱਖ ਧਰਮ" ਵਿੱਚ ਇਸ ਤਰ੍ਹਾਂ ਨਹੀਂ। ਕਿਉਂਕਿ ਸਿੱਖ ਧਰਮ ਨੂੰ ਸੇਧ ਮਿਲੀ ਹੈ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਚਰਨਾਂ 'ਚੋਂ ਕਿ :

*ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥*

*(ਪੰਨਾ ੧੩੭੫)*

ਸਾਡਾ ਧਰਮ ਤਾਂ ਇਹ ਕਹਿੰਦਾ ਹੈ ਕਿ ਕਿਸੇ ਤੇ ਵੀ ਜ਼ੁਲਮ ਕਰਨਾ ਪਾਪ ਹੈ। ਪਰ ਜਿਥੇ ਜ਼ੁਲਮ ਕਰਨਾ ਪਾਪ ਹੈ, ਉਥੇ ਜ਼ੁਲਮ ਸਹਿਣਾ ਵੀ ਪਾਪ ਹੈ। ਔਰ ਆਪ ਜੀ ਨੂੰ ਇਹ ਵੀ ਪਤਾ ਹੈ ਕਿ ਸਭ ਤੋਂ ਘੱਟ ਉਮਰ ਵਾਲਾ ਜੋ ਧਰਮ ਹੈ, ਉਸ ਨੇ ਹੀ ਸਭ ਤੋਂ ਵੱਧ ਸਿੱਖ-ਧਰਮ ਲਈ ਕੁਰਬਾਨੀਆਂ ਦਿੱਤੀਆਂ ਹਨ, ਜਿਵੇਂ ਕਿ ਕਲਗੀਧਰ ਪਾਤਿਸ਼ਾਹ ਜੀ ਨੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਵਾਸਤੇ "ਭਾਈ ਮਾਧੋ ਦਾਸ ਬੈਰਾਗੀ" ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਤੇ ਪੰਜ ਸਿੱਖ ਨਾਲ ਭੇਜ ਕੇ ਪੰਜਾਬ ਦੀ ਧਰਤੀ ਤੇ ਭੇਜਣਾ ਕੀਤਾ। ਜਿੰਨਾ ਚਿਰ ਤਾਂ ਬੰਦਾ ਸਿੰਘ ਬਹਾਦਰ ਗੁਰੂ ਵਾਲਾ ਰਿਹਾ, ਗੁਰੂ ਦੇ ਬਚਨਾਂ ਤੇ ਪਹਿਰਾ ਦਿੰਦਾ ਰਿਹਾ, ਉਨੀ ਦੇਰ ਤੱਕ ਇਹ ਜਿੱਤਾਂ ਨੂੰ ਚੁੰਮਦਾ ਰਿਹਾ। ਹਰ ਮੈਦਾਨੇ-ਜੰਗ ਦਾ ਜਿੱਤ ਦਾ ਸਿਹਰਾ ਇਸ ਤੇ ਸਜਿਆ। ਪਰ ਸਮਾਂ ਆਉਣ ਤੇ ਕਿਸੇ ਵੀ ਕਾਰਨਾਂ ਕਰਕੇ ਇਹ ਇਤਿਹਾਸ ਦੇ ਮੁਤਾਬਿਕ ਕਹਿ ਲਵੋ, ਇਸ ਵਿੱਚ ਥੋੜ੍ਹੀ ਜਿਹੀ ਹਉਮੈ ਜਿਹੀ ਆ ਗਈ। ਫਿਰ ਗੁਰਦੇਵ ਜੀ ਦਾ ਬਚਨ ਹੈ :

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥* *(ਪੰਨਾ ੧੦੮੯)*

ਪਰ ਫਿਰ ਵੀ 1716 ਦੇ ਵਿਚ ਇਹਨਾਂ ਨੇ 'ਸ਼ਹਾਦਤ ਦਾ ਜਾਮ' ਤੇ ਆਪਣੇ ਮਾਸੂਮ ਬੱਚੇ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਹੁੰਦਾ ਵੇਖਿਆ। ਪਰ ਉਹਨਾਂ ਬੜਾ ਪੱਕਾ ਦ੍ਰਿੜ੍ਹ ਵਿਸ਼ਵਾਸ ਰੱਖਿਆ, ਜਿਸ ਕਾਰਨ ਉਹ ਡੋਲੇ ਨਹੀਂ, ਬਲਕਿ ਇਹ ਕਿਹਾ ਕਿ ਮੇਰੇ ਗੁਰੂ ਦੀ ਮੇਰੇ ਤੇ ਕ੍ਰਿਪਾ ਹੈ ਤੇ ਇਹ ਜਿਹੜੇ ਮੇਰੇ ਸਵਾਸ ਹਨ ਉਸ ਨੂੰ ਵੀ ਮੈਂ ਸਿੱਖੀ ਸਵਾਸਾਂ ਤੇ ਪ੍ਰਾਣਾਂ ਨਾਲ ਨਿਭਾਊਂਗਾ। ਫਿਰ ਉਸ ਨੇ ਗੁਰਮੁਖ ਪਿਆਰਿਓ ਇਕ ਨਵਾਂ ਇਤਿਹਾਸ ਸਿਰਜ ਕੇ ਰੱਖ ਦਿੱਤਾ। ਜਿਸ ਤਰ੍ਹਾਂ ਕਿਸੇ ਪੇਪਰ ਦੀ ਬਗੈਰ ਮੋਹਰ ਤੋਂ VALUE ਨਹੀਂ। ਫਿਰ ਇਸ ਸਿੱਖ ਦੀ ਕੀ ਕੇਸ ਰੂਪੀ ਮੋਹਰ ਤੋਂ ਬਿਨਾਂ ਕੋਈ VALUE ਹੈ ? ਲੱਖ ਕੋਈ ਪਾਸਪੋਰਟ ਚੁੱਕੀ ਫਿਰੇ ਬਗੈਰ ਮੋਹਰ ਤੋਂ। ਕੀ ਉਹਨਾਂ ਦੀ VALUE ਹੈਗੀ ਹੈ, ਮੋਹਰ ਤੋਂ ਬਿਨਾਂ ? ਨਹੀਂ। ਫਿਰ ਇਕ ਮਨੁੱਖ ਦੀ ਹੀ ਕੀਮਤ ਹੈਗੀ ਹੈ ਬਗੈਰ ਮੋਹਰ ਤੋਂ। ਸਤਿਗੁਰ ਸੱਚੇ ਪਾਤਿਸ਼ਾਹ ਜੀ ਨੇ ਕਿਹਾ

ਹੈ ਕਿ 'ਕੇਸ ਗੁਰੂ ਕੀ ਮੋਹਰ' ਹੈ। ਮੋਹਰ ਤੋਂ ਬਗੈਰ ਅਗਰ ਇਕ ਕਾਗਜ਼ ਦੀ ਕੋਈ ਕੀਮਤ ਨਹੀ, ਫਿਰ ਇਹ ਮਨੁੱਖ ਦੀ ਕੀ ਕੀਮਤ ਹੋਵੇਗੀ ?

ਸੋ ਗੁਰਦੇਵ ਜੀ ਫੁਰਮਾਉਂਦੇ ਹਨ ਕਿ ਅਗਰ ਤੁਸੀਂ ਵੀ ਗੁਰੂ ਵਾਲੇ ਬਣਨਾ ਹੈ ਤਾਂ ਪਹਿਲਾਂ ਗੁਰੂ ਦੇ ਕਹੇ ਹੋਏ ਬਚਨਾਂ ਤੇ ਅਮਲ ਕਰੋ, ਫਿਰ ਹੀ ਤੁਸੀਂ ਗੁਰੂ ਵਾਲੇ ਬਣੋਗੇ। ਗੁਰੂ ਦੇ ਬਚਨਾਂ ਨੂੰ ਸੁਣਨ ਵਾਸਤੇ ਪਹਿਲਾਂ ਗੁਰੂ ਘਰ ਜਾਣਾ ਪਵੇਗਾ ਅਰਥਾਤ ਸਤਿਸੰਗਤ ਕਰਨੀ ਪਵੇਗੀ। ਕਿਉਂਕਿ ਸਤਿਸੰਗਤ ਵਿਚ ਆ ਕੇ ਹੀ ਸਾਨੂੰ ਕਈ ਤਰ੍ਹਾਂ ਦੀਆਂ ਗੱਲਾਂ ਦਾ ਪਤਾ ਲਗਦਾ ਹੈ। ਇਸ ਲਈ ਪਹਿਲਾਂ ਅਸੀਂ ਸਤਿਸੰਗਤ ਵਿਚ ਆਵਾਂਗੇ ਤੇ ਤਾਂ ਹੀ ਗੁਰੂ ਦੇ ਬਚਨ ਸੁਣਾਂਗੇ। ਫਿਰ ਉਸ ਤੋਂ ਬਾਅਦ ਹੀ ਗੁਰੂ ਦੇ ਬਚਨਾਂ ਤੇ ਅਮਲ ਕਰਾਂਗੇ। ਇਸ ਲਈ ਅਗਰ ਕਿਸੇ ਵੀ ਚੀਜ਼ ਦੀ ਪ੍ਰਾਪਤੀ ਕਰਨੀ ਹੈ ਤਾਂ ਸਤਿਸੰਗਤ ਕਰਨੀ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾਂ ਸਾਨੂੰ ਹੋਰ ਕਿਤੋਂ ਵੀ ਕਿਸੇ ਵੀ ਚੀਜ਼ ਦੀ ਪ੍ਰਾਪਤੀ ਨਹੀਂ ਹੋ ਸਕਦੀ।



ਬਾਬਾ ਕਰਤਾਰ ਸਿੰਘ (ਬੰਬਈ ਵਾਲੇ)
ਵਿਦਿਆਰਥੀ ਦਮਦਮੀ ਟਕਸਾਲ

ISBN 81-7601-652-7

An ISO 9001:2000 Certified Publishing House



ਬਾਬਾ ਕਰਤਾਰ ਸਿੰਘ (ਬੰਬਈ ਵਾਲੇ)
ਵਿਦਿਆਰਥੀ ਦਮਦਮੀ ਟਕਸਾਲ

ISBN 81-7601-652-7

An ISO 9001:2000 Certified Publishing House